# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 5 | Issue 47 | 30 November to 06 December 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਨਗਰੋਟਾ ਨੇੜੇ ਫੌਜੀ ਕੈਂਪ ਉੱਤੇ ਦਹਿਸ਼ਤੀ ਹਮਲੇ 'ਚ ਦੋ ਅਫਸਰਾਂ ਤੇ 5 ਫੌਜੀ ਜਵਾਨਾਂ ਦੀ ਮੌਤ

**ਜੰਮੂ/ਬਿਊਰੋ ਨਿਊਜ਼:** ਨਗਰੋਟਾ ਵਿਖੇ ਫੌਜ ਦੇ ਹਥਿਆਰਾਂ ਵਾਲੇ ਯੂਨਿਟ ਉੱਤੇ ਮੰਗਲਵਾਰ ਸਵੇਰੇ ਇੱਕ ਦਹਿਸ਼ਤੀ ਹਮਲੇ ਵਿੱਚ ਦੋ ਅਫਸਰਾਂ ਸਮੇਤ 5 ਫੌਜੀ ਜਵਾਨ ਮਾਰੇ ਗਏ। ਦਹਿਸ਼ਤਗਰਦਾਂ ਨੇ ਸਵੇਰੇ 5:30 ਵਜੇ ਦੇ ਕਰੀਬ ਫੌਜੀ ਕੈਂਪ ਉੱਤੇ ਗ੍ਰਨੇਡਾਂ ਨਾਲ ਹਮਲਾ ਕੀਤਾ। ਫੌਜੀ ਜਵਾਨਾਂ ਵਲੋਂ ਕੀਤੀ ਕਾਰਵਾਈ 'ਚ ਤਿੰਨੇ ਦਹਿਸ਼ਤਗਰਦਵੀ ਮਾਰੇ। ਸਮਝਿਆ ਜਾਂਦਾ ਹੈ ਕਿ ਹਮਲਾ ਕਰਨ ਵਾਲੇ ਦਹਿਸ਼ਤਗਰਦ ਸੰਘਣੇ ਜੰਗਲ ਵਿੱਚ ਘਿਰੇ ਫੌਜੀ ਕੈਂਪ ਦੇ ਪਿਛੇ ਵਗਦੇ ਦਰਿਆ ਵਾਲੇ ਪਾਸੇ ਦੀ ਦਾਖ਼ਲ ਹੋਏ ਸਨ। ਦਹਿਸ਼ਤਗਰਦਾਂ ਨੇ ਫੌਜੀ ਮੈਸ ਵਿਚ ਘੁਸ ਕੇ ਗ੍ਰਨੇਡ ਸੁੱਟਣ ਦੇ ਨਾਲ ਨਾਲ ਅੰਨ੍ਹੇਵਾਹ ਫਾਇੰਰਿੰਗ ਵੀ ਸ਼ੁਰੂ ਕੀਤੀ। ਇਸ ਅਚਾਨਕ ਹੋਏ ਹਮਲੇ 'ਚ ਇੱਕ ਅਫਸਰ ਤੇ ਤਿੰਨ ਜਵਾਨ ਮਾਰੇ ਗਏ। ਫੌਜੀਆਂ ਨੇ ਬਾਅਦ 'ਚ ਦਹਿਸ਼ਤਗਰਦਾਂ ਨੂੰ ਘੇਰਾ ਪਾ ਲਿਆ ਤੇ ਦੋਵਾਂ ਪਾਸਿਆਂ ਤੋਂ ਫਾਇਰਿੰਗ ਸ਼ੁਰੂ ਹੋ ਗਈ। ਦਹਿਸ਼ਤਗਰਦ ਦੋ ਰਿਹਾਇਸ਼ੀ ਇਮਾਰਤਾਂ ਵਿੱਚ ਜਾ ਵੜੇ ਜਿੱਥੇ ਫੌਜੀ ਅਫਸਰ ਅਤੇ ਉਨ੍ਹਾਂ ਦੇ ਪਰਿਵਾਰ ਰਹਿੰਦੇ ਹਨ। ਫੌਜੀ ਬੁਲਾਰੇ ਅਨੁਸਾਰ 12 ਜਵਾਨਾਂ,

ਬਾਕੀ ਸਫ਼ਾ 32 'ਤੇ

# ਨਾਭਾ ਦੀ ਉੱਚ ਸੁਰਖਿਆ ਜੇਲ੍ਹ ਵਿਚੋਂ ਫਰਾਰ ਚੋਟੀ ਦਾ ਖਾੜਕੂ ਹਰਮਿੰਦਰ ਸਿੰਘ ਮਿੰਟੂ ਦਿੱਲੀ 'ਚੋਂ ਗ੍ਰਿਫ਼ਤਾਰ

### ਬਦਮਾਸ਼ਾਂ ਨੇ ਜੇਲ੍ਹ 'ਤੇ ਹਮਲਾ ਕਰਕੇ ਛੁਡਾ ਲਏ ਸਨ ਹਰਮਿੰਦਰ ਮਿੰਟੂ ਤੇ ਵਿੱਕੀ ਗੌਂਡਰ ਸਮੇਤ 6 ਗੈਂਗਸਟਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਵਿਚ ਨਾਭਾ ਜੇਲ੍ਹ ਤੋਂ ਫਰਾਰ ਖ਼ਾਲਿਸਤਾਨੀ ਸਮਰਥਕ ਖਾੜਕੂ ਹਰਮਿੰਦਰ ਸਿੰਘ ਮਿੰਟੂ ਨੂੰ ਦਿੱਲੀ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮਿੰਟੂ ਦੇ ਨਾਲ ਭੱਜੇ ਹੋਰ ਪੰਜ ਗੈਂਗਸਟਰ ਹਾਲੇ ਵੀ ਫਰਾਰ ਹਨ। ਪੰਜਾਬ ਵਿਚ ਹੁਣ ਤਕ ਦਾ ਸਭ ਤੋਂ ਵੱਡਾ ਜੇਲ੍ਹ ਬਰੇਕ ਕਾਂਡ ਦੋ ਗੈਂਗਸਟਰ ਗਰੁੱਪਾਂ ਦੀ ਆਪਸੀ ਸੌਦੇਬਾਜ਼ੀ ਦਾ ਨਤੀਜਾ ਹੈ। ਪਲਵਿੰਦਰ ਪਿੰਦਾ ਤੇ ਗੌਂਡਰ-ਸੇਖੋਂ ਗਰੁੱਪ। ਇਸ ਜੇਲ੍ਹ ਬਰੇਕ ਯੋਜਨਾ ਦਾ ਲਾਹਾ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਤੇ ਖਾੜਕੂ ਕਸ਼ਮੀਰ ਸਿੰਘ ਨੇ ਵੀ ਲਿਆ।

ਬਾਕੀ ਸਫ਼ਾ 33 'ਤੇ



ਜੇਲ੍ਹ ਵਿਚੋਂ ਫਰਾਰ ਹੋਣ ਬਾਅਦ ਗ੍ਰਿਫ਼ਤਾਰ ਕੀਤਾ ਹਰਮਿੰਦਰ ਸਿੰਘ ਮਿੰਟੂ

### ਹੁਲੀਆ ਬਦਲ ਕੇ ਵਿਦੇਸ਼ ਭੱਜਣ ਦੀ ਫਿਰਾਕ 'ਚ ਸੀ ਮਿੰਟੂ

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮਿੰਟੂ ਨੇ ਪਨਵੇਲ (ਮਹਾਰਾਸ਼ਟਰ) ਲਈ ਟਰੇਨ ਦੀ ਟਿਕਟ ਖ਼ਰੀਦੀ ਸੀ ਅਤੇ ਉਸ ਦੀ ਮੁੰਬਈ ਅਤੇ ਫਿਰ ਗੋਆ ਜਾਣ ਦੀ ਯੋਜਨਾ ਸੀ। ਉਸ ਦੇ ਗੋਆ ਵਿਚ ਚੰਗੇ ਸੰਪਰਕ ਹਨ ਕਿਉਂਕਿ

ਬਾਕੀ ਸਫ਼ਾ 33 'ਤੇ

### ਅੰਦਰ ਪੜ੍ਹੋ


- ਅਫ਼ਰਾ-ਤਫ਼ਰੀ 'ਚ ਬੇਕਸੂਰ ਕੁੜੀ ਦਾ ਐਨਕਾਊਂਟਰ
- ਬਦਮਾਸ਼ਾਂ ਨੇ ਜੇਲ੍ਹ 'ਚ 100 ਰਾਊਂਡ ਚਲਾਏ, ਪੁਲੀਸ ਨੇ ਸਿਰਫ਼ ਇਕ ਗੋਲੀ ਚਲਾਈ, ਬਾਕੀ ਲੁਕੇ ਰਹੇ
- ਰੇਲਵੇ ਫਾਟਕ ਬੰਦ ਸੀ, ਇਸ ਲਈ ਡੇਢ ਕਿਲੋਮੀਟਰ ਵਾਪਸ ਆ ਕੇ ਫੇਰ ਜੇਲ੍ਹ ਦੇ ਬਾਹਰੋਂ ਲੰਘੇ, ਕਿਸੇ ਨੇ ਨਹੀਂ ਰੋਕਿਆ
- ਸੁਖਬੀਰ ਬਾਦਲ ਦੇ ਕਰੀਬੀ ਤੇ ਗੌਂਡਰ ਦੇ ਦੁਸ਼ਮਣ ਮੀਤ ਨੇ ਰਾਤੋ-ਰਾਤ ਕੀਤਾ ਆਤਮ ਸਮਰਪਣ


### ਮੋਦੀ ਦਾ ਬਾਦਲਾਂ ਨੂੰ ਲੌਲੀਪਾਪ

# ਪਾਕਿਸਤਾਨ ਜਾ ਰਿਹਾ ਪਾਣੀ ਰੋਕ ਕੇ ਪੰਜਾਬ ਨੂੰ ਦਿਆਂਗੇ

**ਬਠਿੰਡਾ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਨੂੰ ਪੰਜਾਬ ਆਏ। ਬਠਿੰਡਾ ਵਿਚ ਏਮਜ਼ ਦਾ ਨੀਂਹ ਪੱਥਰ ਰੱਖਣ ਮਗਰੋਂ ਵੱਡੀ ਰੈਲੀ ਨੂੰ ਸੰਬੋਧਨ ਕਰਨ ਲੱਗੇ ਤਾਂ ਪੰਜਾਬ-ਹਰਿਆਣਾ ਵਿਚ ਝਗੜੇ ਦਾ ਕਾਰਨ ਬਣੇ ਪਾਣੀ ਦੇ ਮੁੱਦੇ 'ਤੇ ਵੀ ਆ ਗਏ। ਪਰ ਐਸ.ਵਾਈ.ਐਲ. ਦਾ ਜ਼ਿਕਰ ਤੱਕ ਨਹੀਂ ਕੀਤਾ। ਬਾਦਲਾਂ ਨੂੰ 'ਲੌਲੀਪਾਪ' ਦਿੰਦਿਆਂ ਕਹਿਣ ਲੱਗੇ, "ਭਾਰਤੀ ਜਲ ਸੰਧੀ ਤਹਿਤ ਸਤਲੁਜ-ਯਮੁਨਾ-ਰਾਵੀ ਦਾ ਪਾਣੀ ਭਾਰਤ ਦਾ ਹੈ। ਇਨ੍ਹਾਂ ਨਦੀਆਂ ਵਿਚ ਹਿੰਦੁਸਤਾਨ ਦੇ ਹਿੱਸੇ ਦਾ ਪਾਣੀ ਪਾਕਿਸਤਾਨ ਰਾਹੀਂ ਸਮੁੰਦਰ ਵਿਚ

ਬਾਕੀ ਸਫ਼ਾ 33 'ਤੇ

ਇਸ ਸਬੰਧੀ ਵਿਸ਼ੇਸ਼ ਰਿਪੋਰਟ ਸਫ਼ਾ 27 ਉੱਤੇ



### ਬਾਦਲ ਦੀ ਸਿਰਫ਼ ਇਕ ਮੰਗ...

***ਪਰਾਲੀ ਖ਼ਰੀਦੇ ਕੇਂਦਰ, ਕਿਸਾਨਾਂ ਦੀ ਆਮਦਨ ਵਧੇਗੀ***

ਬਾਦਲ ਨੇ ਕੇਂਦਰ ਤੋਂ ਸਿਰਫ਼ ਇਕ ਮੰਗ ਕੀਤੀ। ਕਿਹਾ, "ਪੰਜਾਬ ਦੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਉਨ੍ਹਾਂ ਦੀ ਫ਼ਸਲ ਦੇ ਝਾੜ ਤੇ ਪਰਾਲੀ ਨੂੰ ਕੇਂਦਰ ਸਰਕਾਰ ਖ਼ਰੀਦਣ ਦਾ ਪ੍ਰਬੰਧ ਕਰੇ। ਜੇਕਰ ਕੇਂਦਰ ਸਰਕਾਰ ਅਜਿਹਾ ਕਰਦੀ ਹੈ ਤਾਂ ਪਰਾਲੀ ਸਾੜਨ ਕਾਰਨ ਹੋਣ ਵਾਲੇ ਪ੍ਰਦੂਸ਼ਣ ਤੋਂ ਵੀ ਲੋਕਾਂ ਨੂੰ ਨਿਜਾਤ ਮਿਲੇਗੀ।

### ਮੋਦੀ ਦਾ ਟਕੇ ਦਾ ਜਵਾਬ...

***ਪਰਾਲੀ ਖੇਤਾਂ ਵਿਚ ਹੀ ਪਾਓ, ਜ਼ਮੀਨ ਨੂੰ ਖ਼ੁਰਾਕ ਮਿਲੇਗੀ***

ਮੋਦੀ ਨੇ ਕਿਹਾ, "ਜ਼ਮੀਨ ਦੇ ਪਾਣੀ ਲਈ ਤਾਂ ਅਸੀਂ ਲੜਦੇ ਹਾਂ, ਪਰ ਉਸੇ ਜ਼ਮੀਨ ਨੂੰ ਖ਼ੁਰਾਕ ਵੀ ਚਾਹੀਦੀ ਹੈ। ਇਸ ਨੂੰ ਅਸੀਂ ਨਜ਼ਰਅੰਦਾਜ਼ ਕਿਉਂ ਕਰ ਰਹੇ ਹਾਂ। ਪਰਾਲੀ ਨੂੰ ਮਸ਼ੀਨ ਵਿਚ ਘੁਮਾ ਕੇ ਖੇਤਾਂ ਵਿਚ ਪਾ ਦਿਓ ਤਾਂ ਮਿੱਟੀ ਦੀ ਖ਼ੁਰਾਕ ਮਿਲੇਗੀ। ਇਸ ਨੂੰ ਸਾੜੋ ਨਾ। ਇਹ ਅਰਬਾਂ-ਖ਼ਰਬਾਂ ਦੀ ਸੰਪਤੀ ਹੈ।

## ਨਹੀਂ ਰਹੇ ਕਿਊਬਾ ਦੇ ਸਾਬਕਾ ਰਾਸ਼ਟਰਪਤੀ ਫ਼ੀਦਲ ਕਾਸਤਰੋ

**ਹਵਾਨਾ/ਬਿਊਰੋ ਨਿਊਜ਼ :** ਕਿਊਬਾ ਦੇ ਸਾਬਕਾ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਫ਼ੀਦਲ ਕਾਸਤਰੋ ਦਾ ਸ਼ਨਿੱਚਰਵਾਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦੇ ਭਰਾ ਤੇ ਰਾਸ਼ਟਰਪਤੀ ਰਾਉਲ ਕਾਸਤਰੋ ਨੇ ਇਸ ਦਾ ਐਲਾਨ ਕੀਤਾ। 90 ਸਾਲ ਦੇ ਕਾਸਤਰੋ ਕਾਫ਼ੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਸਾਲ 2008 ਵਿਚ ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਰਾਸ਼ਟਰਪਤੀ ਦਾ ਅਹੁਦਾ ਛੱਡ ਦਿੱਤਾ ਸੀ। ਪਰ ਉਹ ਕਿਊਬਾ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਬਣੇ ਹੋਏ ਸਨ। ਕਾਸਤਰੋ 1959 ਤੋਂ ਦਸੰਬਰ 1976 ਤਕ ਕਿਊਬਾ ਦੇ ਪ੍ਰਧਾਨ ਮੰਤਰੀ ਅਤੇ ਫਿਰ ਕਿਊਬਾ ਦੀ ਰਾਜ ਪ੍ਰੀਸ਼ਦ ਦੇ ਰਾਸ਼ਟਰਪਤੀ ਰਹੇ। ਫ਼ੀਦਲ ਕਰਾਂਤੀਕਾਰੇ ਨੇਤਾ ਸਨ। ਉਹ ਇਕ ਅਮੀਰ ਪਰਿਵਾਰ ਵਿਚ ਪੈਦਾ ਹੋਏ ਅਤੇ ਕਾਨੂੰਨ ਦੀ ਡਿਗਰੀ ਹਾਸਲ ਕੀਤੀ, ਜਦਕਿ ਹਵਾਨਾ ਯੂਨੀਵਰਸਿਟੀ ਵਿਚ ਅਧਿਐਨ ਕਰਦਿਆਂ ਉਨ੍ਹਾਂ ਨੇ ਆਪਣੇ



ਇਸ ਸਬੰਧੀ ਵਿਸ਼ੇਸ਼ ਰਿਪੋਰਟ ਸਫ਼ਾ 7 ਉੱਤੇ

ਬਾਕੀ ਸਫ਼ਾ 33 'ਤੇ















GRAND OPENING
SPICE JAR
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਮਿਸ਼ੀਗਨ 'ਚ ਸਿੱਖ ਨੌਜਵਾਨ ਦੀ ਹਤਿਆ

**ਜੈਕਸਨ (ਮਿਸ਼ੀਗਨ)/ਬਿਊਰੋ ਨਿਊਜ਼:** ਇੱਥੋਂ ਦੇ ਇੱਕ ਸਟੋਰ ਉੱਤੇ ਕੰਮ ਕਰਦੇ ਸਿੱਖ ਨੌਜਵਾਨ ਮਹਿਮਨ ਸਿੰਘ ਦੀ ਤਿੰਨ ਅਣਪਛਾਤੇ ਹਥਿਆਰਬੰਦ



ਲੁਟੇਰਿਆਂ ਨੇ ਗੋਲੀਆਂ ਮਾਰ ਕੇ ਹਤਿਆ ਕਰ ਦਿੱਤੀ। ਇਹ ਵਾਰਦਾਤ ਬੁੱਧਵਾਰ ਰਾਤੀਂ ਵਾਪਰੀ। ਦਸਿਆ ਜਾਂਦਾ ਹੈ ਕਿ ਦੇਰ ਰਾਤ ਹੋਣ ਕਾਰਨ ਮਹਿਮਨ ਸਿੰਘ ਸਟੋਰ ਬੰਦ ਹੀ ਕਰਨ ਵਾਲਾ ਸੀ ਕਿ ਹਮਲਾਵਰ ਲੁਟੇਰੇ ਸਟੋਰ ਵਿਚ ਘੁਸੇ ਅਤੇ ਪਿਛਲੇ ਪਾਸਿਓਂ ਉਸਦੀ ਧੌਣ ਵਿੱਚ ਗੋਲੀ ਮਾਰ ਦਿੱਤੀ। ਬਾਅਦ ਵਿੱਚ ਉਹ ਉੱਥੋਂ ਭੱਜ ਗਏ। ਪੁਲੀਸ ਦੇ ਦਸਣ ਅਨੁਸਾਰ ਮਹਿਮਨ ਸਿੰਘ ਨੂੰ ਗੰਭੀਰ ਜਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨਿਆ। ਮਹਿਮਨ ਸਿੰਘ ਦੋ ਕੁ ਸਾਲ ਪਹਿਲਾਂ ਹੀ ਅਮਰੀਕਾ ਆਇਆ ਸੀ। ਉਹ ਪਿਛੋਂ ਪੰਜਾਬ ਦੀ ਦਸੂਹਾ ਦਵੀਜਨ ਦੇ ਉੱਚੀ ਬਾਸੀ ਪਿੰਡ ਨਾਲ ਸਬੰਧ ਰਖਦਾ ਸੀ।

## ਨਕੋਦਰ ਦੇ ਸਾਬਕਾ ਵਿਦਿਆਰਥੀਆਂ ਦੀ ਸਲਾਨਾ ਮਿਲਣੀ 17 ਦਸੰਬਰ ਨੂੰ

**ਸੈਨ ਹੋਜ਼ੇ/ਬਿਊਰੋ ਨਿਊਜ਼:**
ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਦੇ ਸਾਬਕਾ ਵਿਦਿਆਰਥੀਆਂ ਵਲੋਂ ਸਲਾਨਾ ਸਮਾਗਮ 17 ਦਸੰਬਰ 2016 ਨੂੰ ਬੰਬੇ ਗਾਰਡਨ ਸੈਂਟਾ ਕਲਾਰਾ ਵਿੱਚ ਕਰਵਾਇਆ ਜਾ ਰਿਹਾ ਹੈ. ਸਮਾਗਮ ਵਿੱਚ ਕਾਲਜ ਦੇ ਸਾਬਕਾ ਪ੍ਰੋਫੈਸਰ ਤੇ ਪ੍ਰਿੰਸੀਪਲ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ. ਪ੍ਰਬੰਧਕਾਂ ਵਲੋਂ ਸਮੂਹ ਸਾਬਕਾ ਵਿਦਿਆਰਥੀਆਂ (ਮਰਦ/ਔਰਤਾਂ) ਨੂੰ ਖੁੱਲ੍ਹਾ ਸੱਦਾ ਹੈ ਕਿ ਉਹ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਮਾਗਮ ਦੀ ਸ਼ਾਨ ਵਧਾਉਣ.
ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਕਾਲਜ ਦੇ ਅਮਰੀਕਾ ਯੂਨਿਟ ਦੇ ਪ੍ਰਧਾਨ ਹਰਬੰਸ ਸਿੰਘ ਤੱਖਰ ਨਾਲ ਫੋਨ ਨੰਬਰ 650-255-8826ਅਤੇ ਕਨਵੀਨਰ ਗੁਰਚਰਨ ਸਿੰਘ ਮਾਨ ਨਾਲ ਫੋਨ ਨੰਬਰ 510-557-0061 ਉੱਤੇ ਕੀਤਾ ਕਾ ਸਕਦਾ ਹੈ।
ਜਸਵੰਤ ਸਿੰਘ ਸ਼ਾਦ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਸਮਾਗਮ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਹਰਜੀਤ ਉੱਪਲ ਨਾਲ ਫੋਨ ਨੰਬਰ 530-701-3495 'ਤੇ ਸੰਪਰਕ ਕਰਕੇ ਜਾਣਕਾਰੀ ਦੇ ਸਕਦੇ ਹਨ ਤਾਂ ਕਿ ਸੀਟਾਂ ਅਤੇ ਖਾਣੇ ਦਾ ਯੋਗ ਪ੍ਰਬੰਧ ਕੀਤਾ ਜਾ ਸਕੇ।

# ਬ੍ਰਾਜ਼ੀਲ ਦੀ ਡਿਵੀਜ਼ਨ ਫੁੱਟਬਾਲ ਟੀਮ ਲਿਜਾ ਰਿਹਾ ਜਹਾਜ਼ ਹਾਦਸੇ ਦਾ ਸ਼ਿਕਾਰ

## ਕੁੱਲ 81 ਲੋਕਾਂ ਵਿਚੋਂ 75 ਦੇ ਮਰਨ ਦਾ ਖ਼ਦਸ਼ਾ







**ਬੋਗੋਟਾ/ਬਿਊਰੋ ਨਿਊਜ਼ :**
ਬ੍ਰਾਜ਼ੀਲ ਦੀ ਫਰਸਟ ਡਿਵੀਜ਼ਨ ਫੁੱਟਬਾਲ ਟੀਮ ਸਮੇਤ 81 ਲੋਕਾਂ ਨੂੰ ਲੈ ਕੇ ਮੈਡਲਿਨ ਕੌਮਾਂਤਰੀ ਹਵਾਈ ਅੱਡੇ ਜਾ ਰਿਹਾ ਚਾਰਟਡ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ। ਫੁੱਟਬਾਲ ਟੀਮ ਖੇਤਰੀ ਟੂਰਨਾਮੈਂਟ ਦਾ ਫਾਈਨਲ ਖੇਡਣ ਕੋਲੰਬੀਆ ਜਾ ਰਹੀ ਸੀ। ਜਹਾਜ਼ ਅਧਿਕਾਰੀਆਂ ਨੇ ਕਿਹਾ ਕਿ ਘੱਟੋ-ਘੱਟ ਛੇ ਲੋਕਾਂ ਦੀ ਜਿਉਂਦੇ ਹੋਣ ਦੀ ਰਿਪੋਰਟ ਹੈ। ਕੁੱਲ 81 ਲੋਕਾਂ ਵਿਚੋਂ 72 ਸਵਾਰੀਆਂ ਅਤੇ 9 ਅਮਲਾ ਮੈਂਬਰ ਸਨ। ਸ਼ੁਰੂਆਤੀ ਜਾਣਕਾਰੀ ਮੁਤਾਬਕ ਇਹ ਘਟਨਾ ਜਹਾਜ਼ ਵਿਚ ਇਲੈਕਟ੍ਰਾਨਿਕ ਖ਼ਰਾਬੀ ਕਾਰਨ ਵਾਪਰੀ। ਮੈਡਲਿਨ ਦੇ ਮੇਅਰ ਫੈਡਰਿਕੋ ਗੁਟਿਰੇਜ ਨੇ ਬਲੂ ਰੇਡੀਓ ਨੂੰ ਦੱਸਿਆ, "ਇਹ ਵੱਡੀ ਤ੍ਰਾਸਦੀ ਹੈ।' ਜਹਾਜ਼ ਅਧਿਕਾਰੀਆਂ ਨੇ ਕਿਹਾ ਕਿ ਬ੍ਰਿਟਿਸ਼ ਏਅਰੋਸਪੇਸ 146 ਜ਼ਹਾਜ਼ ਨੇ ਤਕਨੀਕੀ ਖ਼ਰਾਬੀ ਕਾਰਨ ਰਾਤ 10 ਵਜੇ ਐਮਰਜੈਂਸ ਸਥਿਤੀ ਦਾ ਐਲਾਨ ਕੀਤਾ ਸੀ। ਜਹਾਜ਼ ਬੋਲੀਵਿਆ ਦੀ ਚਾਰਟਡ ਏਅਰਲਾਈਨ ਲਾਮੀਆ ਵਲੋਂ ਸੰਚਾਲਤ ਸੀ। ਅਧਿਕਾਰੀਆਂ ਨੇ ਕਿਹਾ ਕਿ ਰਾਹਤਕਰਮੀ ਤੁਰੰਤ ਭੇਜ ਦਿੱਤੇ ਗਏ ਹਨ ਪਰ ਸਾਫ਼ ਨਜ਼ਰ ਨਾ ਆਉਣ ਕਾਰਨ ਹਵਾਈ ਫ਼ੌਜ ਦੇ ਇਕ ਹੈਲੀਕਾਪਟਰ ਨੂੰ ਪਰਤਣਾ ਪਿਆ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਘਟਨਾ ਸਥਾਨ ਤੋਂ ਦੂਰ ਰਹਿਣ ਲਈ ਕਿਹਾ ਹੈ ਕਿ ਤਾਂ ਕਿ ਐਂਬੂਲੰਸ ਤੇ ਰਾਹਤ ਦਲ ਨੂੰ ਕੋਈ ਦਿੱਕਤ ਨਾ ਆਵੇ। ਪਿਛਲੇ ਕੁਝ ਸਮੇਂ ਤੋਂ ਇਸ ਇਲਾਕੇ ਵਿਚ ਭਾਰੀ ਮੀਂਹ ਪੈ ਰਿਹਾ ਹੈ, ਜਿਸ ਕਾਰਨ ਰਾਹਤ ਕਾਰਜਾਂ ਵਿਚ ਦਿੱਕਤ ਆ ਰਹੀ ਹੈ। ਜ਼ਿਕਰਯੋਗ ਹੈ ਕਿ ਫੁੱਟਬਾਲ ਟੀਮ ਨੇ ਸਾਊਥ ਅਮਰੀਕਾ ਕਲੱਬ ਕੱਪ ਵਿਚ ਐਟਲੇਟਿਕੋ ਨੈਸੀਓਨਾਲ ਦਾ ਮੁਕਾਬਲਾ ਕਰਨਾ ਸੀ। ਹਾਦਸੇ ਕਾਰਨ ਮੈਚ ਮੁਲਤਵੀ ਕਰ ਦਿੱਤਾ ਗਿਆ ਹੈ।




Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# ਨੋਟਬੰਦੀ ਖ਼ਿਲਾ.ਫ ਵਿਰੋਧੀ ਪਾਰਟੀਆਂ ਦਾ ਦੇਸ਼ ਭਰ 'ਚ ਪ੍ਰਦਰਸ਼ਨ

## ਕੇਰਲਾ ਤੇ ਤ੍ਰਿਪੁਰਾ ਵਿੱਚ ਮੁਕੰਮਲ ਬੰਦ

**ਨਵੀਂ ਦਿੱਲੀ/ਤਿਰੂਵਨੰਤਪੁਰਮ/ਬਿਊਰੋ ਨਿਊਜ਼ :** ਕੇਂਦਰ ਸਰਕਾਰ ਉਤੇ ਗਰੀਬ ਵਿਰੋਧੀ ਹੋਣ ਦਾ ਦੋਸ਼ ਲਾਉਂਦਿਆਂ ਗ਼ੈਰ ਭਾਜਪਾ ਪਾਰਟੀਆਂ ਨੇ ਨੋਟਬੰਦੀ ਵਿਰੁੱਧ ਦੇਸ਼ ਭਰ ਵਿੱਚ ਪ੍ਰਦਰਸ਼ਨ ਕੀਤੇ। ਖੱਬੀਆਂ ਪਾਰਟੀਆਂ ਦੇ ਸ਼ਾਸਨ ਵਾਲੇ ਸੂਬਿਆਂ ਕੇਰਲਾ ਤੇ ਤ੍ਰਿਪੁਰਾ ਵਿੱਚ ਬੰਦ ਕਾਰਨ ਆਮ ਜੀਵਨ ਪ੍ਰਭਾਵਤ ਹੋਇਆ।

ਵਿਰੋਧੀ ਪਾਰਟੀਆਂ ਨੇ ਇਸ ਫੈਸਲੇ ਵਿਰੁੱਧ 'ਜਨ ਆਕ੍ਰੋਸ਼ ਦਿਵਸ' ਮਨਾਇਆ, ਜਦੋਂ ਕਿ ਖੱਬੀਆਂ ਪਾਰਟੀਆਂ ਨੇ 12 ਘੰਟੇ ਦੇ ਬੰਦ ਦਾ ਸੱਦਾ ਦਿੱਤਾ ਸੀ। ਜੇਡੀ(ਯੂ) ਅਤੇ ਬੀਜੇਡੀ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਸ਼ਾਮਲ ਨਹੀਂ ਹੋਈਆਂ। ਤਾਮਿਲਨਾਡੂ ਵਿੱਚ ਡੀਐਮਕੇ ਦੀ ਅਗਵਾਈ ਵਿੱਚ ਜਦੋਂ ਵੱਖ ਵੱਖ ਵਿਰੋਧੀ ਪਾਰਟੀਆਂ ਦੇ ਸੈਂਕੜੇ ਵਰਕਰਾਂ ਨੇ ਪ੍ਰਦਰਸ਼ਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।



ਖੱਬੀਆਂ ਪਾਰਟੀਆਂ ਦੇ ਵਰਕਰ ਦਿੱਲੀ ਦੇ ਮੰਡੀ ਹਾਊਸ ਤੋਂ ਜੰਤਰ ਮੰਤਰ ਤੱਕ ਰੋਸ ਮਾਰਚ ਕਰਦੇ ਹੋਏ।

ਡੀਐਮਕੇ ਦੇ ਖ਼ਜ਼ਾਨਚੀ ਐਮਕੇ ਸਟਾਲਿਨ, ਸੀਪੀਐਮ ਦੇ ਸੂਬਾਈ ਸਕੱਤਰ ਜੀ ਰਾਮਾਕ੍ਰਿਸ਼ਨਨ ਅਤੇ ਸੀਪੀਆਈ ਦੇ ਸੂਬਾਈ ਸਕੱਤਰ ਆਰ ਮੁਤਰਾਸਨ ਨੂੰ ਆਪਣੀਆਂ ਪਾਰਟੀਆਂ ਦੇ ਸੈਂਕੜੇ ਵਰਕਰਾਂ ਨਾਲ ਉਦੋਂ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਹ ਵੱਖ ਵੱਖ ਥਾਈਂ ਕੇਂਦਰ ਸਰਕਾਰ ਦੇ ਦਫ਼ਤਰਾਂ ਤੇ ਕੌਮੀਕ੍ਰਿਤ ਬੈਂਕਾਂ ਸਾਹਮਣੇ ਪ੍ਰਦਰਸ਼ਨ ਕਰ ਰਹੇ ਸਨ। ਕੌਮੀ ਰਾਜਧਾਨੀ ਵਿੱਚ ਪ੍ਰਦਰਸ਼ਨ ਦੌਰਾਨ ਸੱਤ ਖੱਬੀਆਂ ਪਾਰਟੀਆਂ ਨੇ ਨੋਟਬੰਦੀ ਨੂੰ ਗਰੀਬ ਵਿਰੋਧੀ ਤੇ ਕਾਰਪੋਰੇਟ ਪੱਖੀ ਦੱਸਿਆ ਅਤੇ ਮੰਗ ਕੀਤੀ ਜਦੋਂ ਤੱਕ ਨਵੇਂ ਨੋਟ ਮੁਹੱਈਆ ਨਹੀਂ ਹੋ ਜਾਂਦੇ, ਉਦੋਂ ਤੱਕ ਪੁਰਾਣੇ ਨੋਟ ਵਰਤਣ ਦੀ ਇਜਾਜ਼ਤ ਦਿੱਤੀ ਜਾਵੇ।

ਗਵਾਲੀਅਰ ਵਿੱਚ ਪ੍ਰਦਰਸ਼ਨ ਦੌਰਾਨ ਕਮਿਸ਼ਨਰ ਨੂੰ ਮੈਮੋਰੰਡਮ ਦੇਣ ਮਗਰੋਂ ਜ਼ਿਲ੍ਹਾ ਕਾਂਗਰਸ ਪ੍ਰਧਾਨ ਦਰਸ਼ਨ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਕੇਰਲਾ ਵਿੱਚ ਸੱਤਾਧਾਰੀ ਐਲਡੀਐਫ ਦੀ ਹਮਾਇਤ ਵਾਲੇ ਬੰਦ ਨੂੰ ਮੁਕੰਮਲ ਹੁੰਗਾਰਾ ਮਿਲਿਆ। ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਰਹੇ।

ਕਰਨਾਟਕ ਵਿੱਚ ਸੱਤਾਧਾਰੀ ਕਾਂਗਰਸ ਨੇ ਪ੍ਰਦਰਸ਼ਨਾਂ ਤੇ ਰੈਲੀਆਂ ਸਹਾਰੇ ਨੋਟਬੰਦੀ ਦਾ ਵਿਰੋਧ ਕੀਤਾ। ਪੱਛਮੀ ਬੰਗਾਲ ਵਿੱਚ ਖੱਬੀਆਂ ਪਾਰਟੀਆਂ ਦੇ ਬੰਦ ਦੇ ਸੱਦੇ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਸਰਕਾਰੀ ਤੇ ਪ੍ਰਾਈਵੇਟ ਬੱਸਾਂ, ਟਰਾਮ ਅਤੇ ਹੋਰ ਵਾਹਨ ਆਮ ਵਾਂਗ ਚੱਲੇ, ਜਦੋਂ ਕਿ ਦੁਕਾਨਾਂ ਤੇ ਬਾਜ਼ਾਰ ਵੀ ਖੁੱਲ੍ਹੇ ਰਹੇ।

ਖੱਬੀਆਂ ਪਾਰਟੀਆਂ ਦੇ ਸ਼ਾਸਨ ਵਾਲੇ ਤ੍ਰਿਪੁਰਾ ਵਿੱਚ ਸਕੂਲ, ਕਾਲਜ ਤੇ ਦੁਕਾਨਾਂ ਬੰਦ ਰਹਿਣ ਕਾਰਨ ਆਮ ਜੀਵਨ ਪ੍ਰਭਾਵਤ ਹੋਇਆ। ਮਹਾਰਾਸ਼ਟਰ ਵਿੱਚ ਕਾਂਗਰਸ ਤੇ ਐਨਸੀਪੀ ਨੇ ਪ੍ਰਦਰਸ਼ਨ ਕੀਤੇ। ਬਿਹਾਰ ਵਿੱਚ ਹੁੰਗਾਰਾ ਰਲਵਾਂ-ਮਿਲਵਾਂ ਰਿਹਾ। ਇਸ ਦੌਰਾਨ ਭਾਜਪਾ ਨੇ ਦੇਸ਼ ਵਿਆਪੀ ਹੜਤਾਲ ਤੇ ਪ੍ਰਦਰਸ਼ਨ ਦੇ ਸੱਦੇ ਨੂੰ ਅਸਫ਼ਲ ਕਰਾਰ ਦਿੱਤਾ।

## ਦਿੱਲੀ ਦੇ ਰੇਲਵੇ ਸਟੇਸ਼ਨ ਤੋਂ ਨਵੇਂ ਨੋਟਾਂ ਵਾਲੀ 27 ਲੱਖ ਦੀ ਕਰੰਸੀ ਬਰਾਮਦ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਨੇ 27 ਲੱਖ ਦੀ ਨਵੀਂ ਕਰੰਸੀ ਬਰਾਮਦ ਕੀਤੀ। ਇਹ ਕਰੰਸੀ ਦਿੱਲੀ ਦੇ ਹਜ਼ਰਤ ਨਿਜ਼ਾਮੂਦੀਨ ਰੇਲਵੇ ਸਟੇਸ਼ਨ ਦੇ ਬਾਹਰੋਂ ਇਕ ਫਾਰਚੂਨਰ ਕਾਰ ਵਿਚੋਂ ਮਿਲੀ। ਸਾਰੇ ਨੋਟ 2000 ਦੇ ਹਨ ਜੋ ਮੁੰਬਈ ਤੋਂ ਬਦਲ ਕੇ ਦਿੱਲੀ ਲਿਆਂਦੇ ਗਏ ਸਨ। ਅਪਰਾਧ ਸ਼ਾਖਾ ਨੇ ਕਰੰਸੀ ਲਿਆਉਣ ਵਾਲੇ ਦੋ ਲੋਕਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਦੀ ਪਛਾਣ ਅਜੀਤ ਪਾਲ ਸਿੰਘ ਤੇ ਰਜਿੰਦਰ ਸਿੰਘ ਵਜੋਂ ਹੋਈ ਹੈ। ਅਜੀਤ ਤੇ ਰਜਿੰਦਰ ਮੁੰਬਈ ਤੋਂ ਆ ਰਹੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪੈਸਾ ਦਿੱਲੀ ਦੇ ਰਹਿਣ ਵਾਲੇ ਸੰਜੇ ਮਲਿਕ ਦਾ ਹੈ, ਜੋ ਬੱਦੀ ਵਿਚ ਫਾਰਮਾਸਿਊਟੀਕਲ ਕੰਪਨੀ ਦਾ ਮਾਲਕ ਹੈ। ਸੰਜੇ ਮਲਿਕ ਅਜੇ ਫਰਾਰ ਹੈ। ਨੋਟਬੰਦੀ ਕਾਰਨ ਜਿਥੇ ਇਕ ਪਾਸੇ ਦੇਸ਼ ਦੀ ਜਨਤਾ ਦੋ ਦੋ ਹਜ਼ਾਰ ਦੀ ਨਵੀਂ ਕਰੰਸੀ ਲੈਣ ਲਈ ਘੰਟਿਆਂਬੱਧੀ ਕਤਾਰਾਂ ਵਿਚ ਖੜ੍ਹੀ ਨਜ਼ਰ ਆ ਰਹੀ ਹੈ ਉਥੇ ਦੂਜੇ ਪਾਸੇ ਕੁਝ ਜੁਗਾੜਬਾਜ਼ਾਂ ਨੂੰ ਬਿਨਾਂ ਕਤਾਰ ਵਿਚ ਲੱਗਿਆਂ ਲੱਖਾਂ ਕਰੋੜਾਂ ਦੀ ਨਵੀਂ ਕਰੰਸੀ ਮਿਲ ਰਹੀ ਹੈ।

## ਸੰਸਦ ਭਵਨ ਵੀਡੀਓ ਮਾਮਲੇ ਵਿਚ ਭਗਵੰਤ ਮਾਨ ਨੂੰ ਦੋਸ਼ੀ ਠਹਿਰਾਇਆ

### ਸਜ਼ਾ ਮਾਮਲੇ 'ਚ ਸੰਸਦੀ ਕਮੇਟੀ ਇਕ ਸੁਰ ਨਹੀਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੰਸਦ ਭਵਨ ਦੇ ਵਿਵਾਦਪੂਰਨ ਵੀਡੀਓ ਮਾਮਲੇ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਨੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਦੋਸ਼ੀ ਪਾਇਆ ਹੈ ਪਰ



ਕਮੇਟੀ ਵਿਚ ਕੁਝ ਮੈਂਬਰਾਂ ਵਲੋਂ ਸਖ਼ਤ ਸਜ਼ਾ ਦਾ ਵਿਰੋਧ ਕੀਤਾ ਗਿਆ। ਕਮੇਟੀ ਸਜ਼ਾ ਬਾਰੇ ਮਤਭੇਦ ਉਭਰਨ ਕਾਰਨ ਕੋਈ ਰਿਪੋਰਟ ਅਪਨਾਉਣ ਵਿਚ ਨਾਕਾਮ ਰਹੀ। ਸਖ਼ਤ ਸਜ਼ਾ ਦਾ ਵਿਰੋਧ ਕਰ ਰਹੇ ਮੈਂਬਰਾਂ ਦਾ ਕਹਿਣਾ ਕਿ ਉਹ ਸਪੀਕਰ ਦੇ ਹੁਕਮਾਂ 'ਤੇ ਸਦਨ ਵਿਚ ਲੰਬਾ ਸਮਾਂ ਹਾਜ਼ਰ ਨਹੀਂ ਹੋਏ। ਮਾਨ ਵਲੋਂ ਬਿਨਾਂ ਸ਼ਰਤ ਮੁਆਫੀ ਮੰਗਣ ਅਤੇ ਆਪਣੀਆਂ ਇਹ ਟਿੱਪਣੀਆਂ ਵਾਪਸ ਲੈਣ ਕਿ ਅੱਤਵਾਦੀ ਹਮਲੇ ਪਿੱਛੋਂ ਪਾਕਿਸਤਾਨ ਦੀ ਆਈ. ਐਸ.ਆਈ. ਦੇ ਅਧਿਕਾਰੀਆਂ ਨੂੰ ਪਠਾਨਕੋਟ ਸੈਨਿਕ ਹਵਾਈ ਅੱਡੇ ਅੰਦਰ ਬੁਲਾਉਣ ਬਦਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਤਲਬ ਕੀਤਾ ਜਾਵੇ, ਪਿੱਛੋਂ ਭਾਜਪਾ ਦੇ ਕੀਰਤ ਸੋਮਾਇਆ ਦੀ ਅਗਵਾਈ ਵਾਲੀ ਕਮੇਟੀ ਦੀ ਹੋਈ ਮੀਟਿੰਗ ਵਿਚ ਸੁਰੱਖਿਆ ਪਹਿਲੂਆਂ ਬਾਰੇ ਤਾਂ ਕਮੇਟੀ ਵਿਚ ਸਰਬਸੰਮਤ ਰਾਇ ਸੀ ਪਰ ਮਾਨ ਨੂੰ ਸਜ਼ਾ ਦੇਣ ਬਾਰੇ ਮਤਭੇਦ ਕਾਇਮ ਸਨ। ਭਾਵੇਂ ਉਨ੍ਹਾਂ ਨੂੰ ਕਸੂਰਵਾਰ ਪਾਇਆ ਗਿਆ ਪਰ ਕੁਝ ਦਾ ਵਿਚਾਰ ਸੀ ਕਿ ਮਾਨ ਨੂੰ ਇਕ ਦਿਨ ਲਈ ਮੁਅੱਤਲ ਕੀਤਾ ਜਾਵੇ ਜਦਕਿ ਦੂਸਰਿਆਂ ਦਾ ਕਹਿਣਾ ਕਿ ਉਹ ਸਪੀਕਰ ਦੇ ਹੁਕਮਾਂ 'ਤੇ ਲੰਬਾ ਸਮਾਂ ਸੰਸਦ ਦੀਆਂ ਬੈਠਕਾਂ ਵਿਚ ਹਾਜ਼ਰ ਨਹੀਂ ਹੋ ਸਕਿਆ, ਇਸ ਲਈ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। 9 ਮੈਂਬਰੀ ਕਮੇਟੀ ਦੀ ਬੁੱਧਵਾਰ ਨੂੰ ਮੀਟਿੰਗ ਹੋਵੇਗੀ। ਸੋਮਾਇਆ ਨੇ ਕਿਹਾ ਕਿ ਰਿਪੋਰਟ ਵੀ ਉਦੋਂ ਹੀ ਪੇਸ਼ ਕੀਤੀ ਜਾਵੇਗੀ ਪਰ ਉਨ੍ਹਾਂ ਹੋਰ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ। ਮਾਨ 'ਤੇ ਸੰਸਦ ਭਵਨ ਇਮਾਰਤ ਦੇ ਸੰਵੇਦਨਸ਼ੀਲ ਇਲਾਕਿਆਂ ਦੀ ਫ਼ਿਲਮ ਬਣਾਉਣ ਦਾ ਦੋਸ਼ ਹੈ। ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਮੈਂਬਰ ਮਾਨ ਨੇ ਜੁਲਾਈ ਮਹੀਨੇ ਸੰਸਦ ਭਵਨ ਇਮਾਰਤ ਵਿਖੇ ਸੁਰੱਖਿਆ ਪ੍ਰਬੰਧਾਂ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਪਾ ਕੇ ਵਿਵਾਦ ਛੇੜ ਦਿੱਤਾ ਸੀ। ਆਪਣੀ ਕਾਰਵਾਈ ਲਈ ਆਲੋਚਨਾ ਦਾ ਸਾਹਮਣਾ ਕਰਨ ਪਿੱਛੋਂ 'ਆਪ' ਸੰਸਦ ਮੈਂਬਰ ਨੇ ਆਪਣੀ ਕਾਰਵਾਈ ਦਾ ਇਹ ਕਹਿੰਦੇ ਹੋਏ ਬਚਾਅ ਕੀਤਾ ਕਿ ਉਹ ਤਾਂ ਕੇਵਲ ਲੋਕਾਂ ਨੂੰ ਇਹ ਦਿਖਾ ਰਹੇ ਸੀ ਕਿ ਸੰਸਦ ਕਿਵੇਂ ਕੰਮ ਕਰਦੀ ਹੈ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ


Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI
FARE as LOW as
Starting from
695 to 895


With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।


ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

## "ਨੌਂਵੇਂ ਪਤਾਸ਼ਾਹ ਗੁਰੂ ਤੇਗ ਬਹਾਦਰ ਜੀ ਹਿੰਦ ਦੀ ਚਾਦਰ ਨਹੀਂ 'ਧਰਮ ਦੀ ਚਾਦਰ' ਸਨ"

### ਸਿੱਖ ਯੂਥ ਆਫ ਪੰਜਾਬ ਨੇ ਵਰ੍ਹਿਆਂ ਤੋਂ ਪ੍ਰਚਾਰੀ ਜਾ ਰਹੀ ਹਿੰਦੂਵਾਦੀ ਧਾਰਨਾ ਨੂੰ ਨਕਾਰਿਆ

**ਜਲੰਧਰ/ਸਿੱਖ ਸਿਆਸਤ ਬਿਊਰੋ:** ਸਿੱਖ ਯੂਥ ਆਫ ਪੰਜਾਬ ਨੇ ਦ੍ਰਿੜ ਕਰਵਾਇਆ ਕਿ ਨੌਂਵੇਂ ਪਤਾਸ਼ਾਹ ਗੁਰੂ ਤੇਗ ਬਹਾਦਰ ਜੀ ਧਰਮ ਦੀ ਚਾਦਰ ਸਨ ਨਾ ਕਿ 'ਹਿੰਦ ਦੀ ਚਾਦਰ', ਜਿਵੇਂ ਕਿ ਪ੍ਰਚਾਰਿਆ ਜਾ ਰਿਹਾ ਹੈ। ਇਸ ਤੱਥ ਨੂੰ ਮੁੜ ਦੁਹਰਾਉਂਦਿਆਂ ਨੌਜਵਾਨ ਜਥੇਬੰਦੀ 'ਸਿੱਖ ਯੂਥ ਆਫ ਪੰਜਾਬ' ਨੇ ਕਿਹਾ ਕਿ ਗੁਰੂ ਸਾਹਿਬ ਨੇ ਕਿਸੇ ਵਿਸ਼ੇਸ਼ ਧਰਮ ਜਾਂ ਜਾਤ ਲਈ ਨਹੀਂ ਸਗੋਂ ਮਜ਼ਲੂਮ ਦੇ ਹੱਕਾਂ ਦੀ ਰਾਖੀ ਲਈ ਸ਼ਹਾਦਤ ਦਿੱਤੀ ਸੀ।

ਮਾਰਚ 2003 ਵਿਚ ਪ੍ਰਵਾਨ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਨੌਂਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ 24 ਨਵੰਬਰ ਨੂੰ ਆਉਂਦਾ ਹੈ। ਦਲ ਖ਼ਾਲਸਾ ਦੇ ਯੂਥ ਵਿੰਗ ਸਿੱਖ ਯੂਥ ਆਫ ਪੰਜਾਬ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਹੀ ਮਾਨਤਾ ਦਿੱਤੀ ਹੈ ਅਤੇ ਸੰਤ ਸਮਾਜ ਦੇ ਦਬਾਅ ਹੇਠ ਸ਼੍ਰੋਮਣੀ ਕਮੇਟੀ ਵਲੋਂ ਲਾਗੂ ਕੀਤੇ ਗਏ ਨਾਨਕਸ਼ਾਹੀ ਦੇ ਨਾਂ ਹੇਠ ਬਿਕਰਮੀ ਕੈਲੰਡਰ ਨੂੰ ਰੱਦ ਕੀਤਾ ਹੈ।

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਆਦਮਪੁਰ ਨਜ਼ਦੀਕ ਕਾਲਰਾ ਪਿੰਡ ਵਿਚ ਸਥਾਨਕ ਸਿੱਖ ਮਿਸ਼ਨਰੀ ਕਾਲਜ ਵਲੋਂ ਕਰਵਾਏ ਗਏ ਸਮਾਗਮ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਖਾਸ ਤੌਰ 'ਤੇ ਸਿੱਖ ਸੰਗਤਾਂ ਅਤੇ ਆਮ ਤੌਰ 'ਤੇ ਭਾਰਤੀ ਲੋਕਾਂ ਨੂੰ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ 'ਮਨੁੱਖੀ ਅਧਿਕਾਰ ਅਤੇ ਧਾਰਮਿਕ ਅਜ਼ਾਦੀ' ਦਿਹਾੜੇ ਦੇ ਤੌਰ 'ਤੇ ਮਨਾਉਣਾ ਚਾਹੀਦਾ ਹੈ।

ਉਨ੍ਹਾਂ ਕਿਹਾ, ਗੁਰੂ ਤੇਗ ਬਹਾਦਰ ਜੀ ਨਿਰਵਿਵਾਦ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਵਾਲੇ ਪਹਿਲੇ ਸ਼ਹੀਦ ਸਨ। ਗੁਰੂ ਪਾਤਸ਼ਾਹ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਵਿਲੱਖਣ ਹੈ ਕਿਉਂਕਿ ਇਸ ਤੋਂ ਪਹਿਲਾਂ ਕਿਸੇ ਨੇ ਵੀ ਹੋਰ ਧਰਮ ਦੇ ਪੈਰੋਕਾਰਾਂ ਦੀ ਧਾਰਮਿਕ ਅਜ਼ਾਦੀ ਲਈ ਸ਼ਹਾਦਤ ਨਹੀਂ ਦਿੱਤੀ ਸੀ"।

# ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਾਗ੍ਰਿਤੀ ਯਾਤਰਾ ਆਨੰਦਪੁਰ ਸਾਹਿਬ ਪੁੱਜੀ

### ਨਿਤੀਸ਼ ਕੁਮਾਰ ਵੱਲੋਂ ਦੇਸ਼ ਭਰ ਵਿੱਚ ਸ਼ਰਾਬਬੰਦੀ ਦਾ ਸੱਦਾ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਖ਼ਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜਾਗ੍ਰਿਤੀ ਯਾਤਰਾ ਦਾ ਸਵਾਗਤ ਕਰਨ ਪੁੱਜੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਸਮੁੱਚੇ ਦੇਸ਼ ਵਿੱਚ ਬਿਹਾਰ ਵਾਂਗ ਸ਼ਰਾਬਬੰਦੀ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜੇ 11 ਕਰੋੜ ਦੀ ਅਬਾਦੀ ਵਾਲੇ ਬਿਹਾਰ ਰਾਜ ਵਿੱਚ ਸ਼ਰਾਬ ਪੂਰਨ ਤੌਰ 'ਤੇ ਬੰਦ ਹੋ ਸਕਦੀ ਹੈ ਤਾਂ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਕਿਉਂ ਬੰਦ ਨਹੀਂ ਹੋ ਸਕਦੀ। ਅਕਤੂਬਰ ਮਹੀਨੇ ਤੋਂ ਸ਼ੁਰੂ ਹੋਈ ਜਾਗ੍ਰਿਤੀ ਯਾਤਰਾ ਵੱਖ-ਵੱਖ ਰਾਜਾਂ ਤੋਂ ਹੁੰਦੀ ਹੋਈ ਸ੍ਰੀ ਆਨੰਦਪੁਰ ਸਾਹਿਬ ਪੁੱਜੀ। ਇਸ ਦਾ ਸਵਾਗਤ ਕਰਨ ਲਈ ਬਿਹਾਰ ਤੋਂ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਨ੍ਹਾਂ ਦੇ ਸਾਥੀ ਪੁੱਜੇ ਹੋਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਹੋਏ ਸਮਾਗਮ ਦੌਰਾਨ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਲਵਾਈ।

ਇਸ ਮੌਕੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਇਹ ਬੁਹਤ ਮਾਣ ਵਾਲੀ ਗੱਲ ਹੈ ਕਿ ਪਟਨਾ ਸਾਹਿਬ ਦੀ ਧਰਤੀ 'ਤੇ ਜਨਮੇ ਤੇ ਦੁਨੀਆਂ ਨੂੰ ਵੀਰਤਾ ਦਾ ਪਾਠ ਪੜ੍ਹਾਉਣ ਵਾਲੇ ਦਸਮ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਉਹ ਜਨਵਰੀ ਮਹੀਨੇ ਪਟਨਾ ਸਾਹਿਬ ਵਿਖੇ ਮਨਾਉਣ ਜਾ ਰਹੇ ਹਨ। ਉਨ੍ਹਾਂ ਸਮੁੱਚੇ ਪੰਜਾਬੀਆਂ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਪਟਨਾ ਸਾਹਿਬ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਬਿਹਾਰ ਸਰਕਾਰ ਨੇ ਕਰੀਬ 50 ਕਰੋੜ ਰੁਪਏ ਦੀ ਲਾਗਤ ਨਾਲ 55 ਹਜ਼ਾਰ ਸ਼ਰਧਾਲੂਆਂ ਲਈ ਰਿਹਾਇਸ਼ ਦੀ ਸਹੂਲਤ ਲਈ ਟੈਂਟਿੰਗ ਰਿਹਾਇਸ਼ ਦਾ ਪ੍ਰਬੰਧ ਕੀਤਾ ਹੈ। ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਮੈਨੇਜਮੈਂਟ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਕਿ ਸ਼੍ਰੋਮਣੀ ਕਮੇਟੀ ਉਨ੍ਹਾਂ ਦਾ ਸਹਿਯੋਗ ਕਰੇਗੀ। ਲੋਕ ਸਭਾ ਮੈਂਬਰ ਪ੍ਰੋਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਨਿਤੀਸ਼ ਕੁਮਾਰ ਨੂੰ 'ਜੀ ਆਇਆਂ ਨੂੰ' ਕਿਹਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਗਿਆਨੀ ਇਕਬਾਲ ਸਿੰਘ, ਬਾਬਾ ਬਲਵੀਰ ਸਿੰਘ ਹਾਜ਼ਰ ਸਨ।



ਚੰਡੀਗੜ੍ਹ ਵਿੱਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਮੁਲਾਕਾਤ ਦੌਰਾਨ ਗੁਲਦਸਤਾ ਭੇਟ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ।

## ਵਿਰਾਸਤ-ਏ-ਖਾਲਸਾ ਦਾ ਦੂਜਾ ਭਾਗ ਪੰਜ ਸਾਲਾਂ ਬਾਅਦ ਮਾਨਵਤਾ ਨੂੰ ਸਮਰਪਿਤ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਖਾਲਸਾ ਪੰਥ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਵਿੱਚ ਬਣਾਏ ਗਏ ਵਿਸ਼ਵ ਪ੍ਰਸਿੱਧ ਵਿਰਾਸਤ-ਏ-ਖਾਲਸਾ ਦੇ ਦੂਸਰੇ ਪੜਾਅ ਦਾ ਉਦਘਾਟਨ ਪੂਰੇ 5 ਸਾਲਾਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ। ਇਸ ਤੋਂ ਪਹਿਲਾਂ ਇਸ ਦੇ ਪਹਿਲੇ ਹਿੱਸੇ ਦਾ ਉਦਘਾਟਨ 25 ਨਵੰਬਰ, 2011 ਨੂੰ ਕਰਨ ਮਗਰੋਂ 27 ਨਵੰਬਰ ਨੂੰ ਇਹ ਸੈਲਾਨੀਆਂ ਲਈ ਖੋਲਿਆ ਗਿਆ ਸੀ। ਹੁਣ ਤਿਆਰ ਕੀਤਾ ਗਿਆ ਦੂਸਰਾ ਪੜਾਅ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਪੰਜਾਬ ਤੱਕ ਦੇ ਗੌਰਵਮਈ ਇਤਿਹਾਸ ਨੂੰ ਰੂਪਮਾਨ ਕਰੇਗਾ। ਵਿਰਾਸਤ-ਏ-ਖਾਲਸਾ ਦੇ ਮੁੱਖ ਕਾਰਜਕਾਰੀ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਲਗਭਗ 76 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਣ ਜਾ ਰਿਹਾ ਵਿਰਾਸਤ-ਏ-ਖਾਲਸਾ ਦੇ ਦੂਸਰੇ ਪੜਾਅ ਵਿਚ 13 ਗੈਲਰੀਆਂ ਹਨ।

Hassle Free Buying and Selling!
Real EstateWe can Help to Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।

Kulwinder Kaur K.D.
Cell 916-212-0123
e-mail kdkaur9@yahoo.com


PMZ
REAL ESTATE
SINCE 1957
MLS
ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ

ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635

www.rsingh.pmz.com
3516 Deer Park Dr., Suit A
Stockton, CA 95219

ਰਾਜਿੰਦਰ ਸਿੰਘ

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer, Ex Member NCH and CA Homeomedical Society Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਭਾਈ ਦਲਬੀਰ ਸਿੰਘ ਦੀ ਰਚਨਾ 'ਗੁਰਮਤਿ ਸੰਗੀਤ ਰਚਨਾਵਲੀ' ਨੂੰ ਡਾ. ਗੁਰਨਾਮ ਸਿੰਘ ਨੇ ਸੰਗਤਾਂ ਦੇ ਰੂਬਰੂ ਕੀਤਾ

**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :** ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਭਰੇ ਦੀਵਾਨ ਦੌਰਾਨ ਭਾਈ ਦਲਬੀਰ ਸਿੰਘ ਦੀ ਨਵੀਂ ਰਚਨਾ 'ਗੁਰਮਤਿ ਸੰਗੀਤ ਰਚਨਾਵਲੀ' ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਡਾ. ਗੁਰਨਾਮ ਸਿੰਘ ਨੇ ਸੰਗਤਾਂ ਦੇ ਰੂਬਰੂ ਕੀਤਾ। ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਿਚ ਪ੍ਰੋਫੈਸਰ ਤੇ ਮੁਖੀ ਹਨ। ਆਪਣੇ ਆਪਣੇ ਖੇਤਰ ਦੇ ਮਾਹਰ ਸਿੱਖਾਂ ਦੇ ਆਪਸੀ ਮੇਲ ਨਾਲ ਇਲਾਹੀ ਬਾਣੀ ਦੇ ਨਾਦ-ਰਿਦਮ ਦੀ ਸਮਝ ਰੱਖਦੀ ਨਵੀਂ ਕਿਤਾਬ ਨੇ ਜਨਮ ਲਿਆ ਜੋ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ ਕੀਰਤਨ ਸਿੱਖਣ ਦੇ ਖੇਤਰ ਵਿਚ ਚਾਨਣ ਮੁਨਾਰੇ ਦਾ ਕਾਰਜ ਕਰੇਗੀ। ਇਸ ਕਿਤਾਬ ਨਾਲ ਰੱਬੀ ਬਾਣੀ ਦੇ ਕੀਰਤਨ ਦੀ ਸਿੱਖਿਆ ਸੌਖੀ ਸਿੱਖੀ ਜਾ ਸਕੇਗੀ। ਇਸ ਕਿਤਾਬ ਦੀ ਖ਼ੂਬੀ ਇਹ ਹੈ ਕਿ ਇਸ ਵਿਚ ਗੁਰੂ ਗਰੰਥ ਸਾਹਿਬ ਜੀ ਵਿਚ ਵਰਤੇ ਗਏ 31 ਰਾਗਾਂ ਵਿਚ 122 ਗੁਰਬਾਣੀ ਦੇ ਸ਼ਬਦਾਂ ਸਿੱਖਣ-ਗਾਉਣ ਦੀ ਸਮਰੱਥਾ ਹੈ,ਜਿਸ ਨਾਲ ਆਮ ਵਿਦਿਆਰਥੀ ਰਾਗੀ ਬਣ ਕੇ ਗੁਰਬਾਣੀ ਕੀਰਤਨ ਦੀ ਮਹਾਨ ਸੇਵਾ ਕਰ ਸਕਦਾ ਹੈ।

ਭਾਈ ਦਲਬੀਰ ਸਿੰਘ ਦੀ ਆਪਣੀ ਵਿਦਿਆ ਤੇ ਸੰਗੀਤ ਵਿਦਿਆ ਵੀ ਬੜੇ ਤਜ਼ਰਬਿਆਂ ਵਿਚੋਂ ਹੰਢ ਕੇ ਇਸ ਮਰਾਤਬੇ 'ਤੇ ਪਹੁੰਚੀ ਹੈ। ਪਿਤਾ ਜੀ ਗੁਰਮਤਿ ਸੰਗੀਤ ਦੇ ਧਨੀ ਸਨ ਕਿਉਂਕਿ ਉਨ੍ਹਾਂ ਦੇ ਉਸਤਾਦ ਗਿਆਨੀ ਬਿਅੰਤ ਸਿੰਘ ਗੁਰਬਾਣੀ ਸੰਗੀਤ ਦੇ ਬਹੁਤ ਵਡੇ ਉਸਤਾਦ ਸਨ। ਸੋ ਘਰਦਾ ਮਾਹੌਲ ਗੁਰਬਾਣੀ ਸੰਗੀਤ ਨਾਲ ਇਕ ਸੁਰ ਸੀ। ਇਸ ਕਰਕੇ ਸਮੁੱਚੇ ਜੀਵਨ ਦੀ ਸ਼ੁਰੂਆਤ ਸੰਗੀਤ ਵੱਲ ਵੱਡੇ ਝੁਕਾਅ



ਨਾਲ ਹੋਈ। ਦੁਨਿਆਵੀ ਪੜ੍ਹਾਈ ਵਿਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਸੰਗੀਤ ਦੀ ਬੀ.ਏ.ਆਨਰਜ਼ ਗੋਲਡ ਮੈਡਲਿਸਟ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸੰਗੀਤ ਦੀ ਐਮ.ਏ. ਕਰਕੇ ਹੀ ਸੰਗੀਤ ਦੀ ਦੁਨੀਆ ਵਿਚ ਸ਼ਾਮਲ ਹੋਏ। 15 ਸਾਲ ਥਾਈਲੈਂਡ ਵਿਚ ਸੰਗੀਤ ਦੀ ਵਿਦਿਆ ਸਿਖਲਾਈ ਤੇ ਹੁਣ 15 ਸਾਲਾਂ ਤੋਂ ਹੀ ਗੁਰਦੁਆਰਾ ਫਰੀਮਾਂਟ ਤੇ ਗੁਰਦੁਆਰਾ ਸੈਨ ਹੋਜ਼ੇ ਵਿਚ ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਤੱਕ ਨੂੰ ਸੰਗੀਤ ਨਾਲ ਜੋੜ ਰਹੇ ਹਨ। ਪਤਨੀ ਪ੍ਰੋ. ਪਰਮਿੰਦਰ ਕੌਰ ਵੀ ਗੁਰਮਤਿ ਸੰਗੀਤ ਦੀ ਦੁਨੀਆ ਦੇ ਚੰਗੇ ਵਾਕਫਕਾਰ ਸਨ ਤੇ ਉਨ੍ਹਾਂ ਐਮ.ਏ. ਤੇ ਐਮ. ਫਿਲ ਸੰਗੀਤ ਵਿਚ ਹੀ ਕੀਤੀਆਂ ਸਨ। ਪ੍ਰੋ. ਪਰਮਿੰਦਰ ਕੌਰ ਦੇ ਅਚਾਨਕ ਅਕਾਲ ਚਲਾਣੇ ਦੇ ਬਾਵਜੂਦ ਗੁਰਮਤਿ ਸੰਗੀਤ ਭਾਈ ਦਲਬੀਰ ਸਿੰਘ ਦੀ ਰੂਹ ਦੀ ਖੁਰਾਕ ਹੈ। ਬੇਟੀ ਰਾਗਨੀ ਕੌਰ ਵੀ ਸੰਗੀਤ ਦੀ ਚੰਗੀ ਸਮਝ ਰਖਦੀ ਹੈ, ਉਸ ਦੀ ਸਾਜ਼ ਤੇ ਆਵਾਜ਼ ਉਤੇ ਪੂਰੀ ਪਕੜ ਹੈ। ਪੁੱਤਰ ਰਾਗਿੰਦਰ ਸਿੰਘ ਵਾਇਲਨ ਸੰਗੀਤ ਵਿਚ ਨਵੀਆਂ ਮੰਜ਼ਿਲਾਂ ਛੂਹਣ ਜਾ ਰਿਹਾ ਹੈ ਤੇ ਅਮਰੀਕੀ ਰਾਸ਼ਟਰਪਤੀ ਦੇ ਘਰ ਵ੍ਹਾਈਟ ਹਾਊਸ ਵਾਸ਼ਿੰਗਟਨ ਡੀ.ਸੀ. ਤੱਕ ਆਪਣੀ ਵਾਇਲਨ ਦਾ ਜਾਦੂ ਵਿਖਾ ਚੁੱਕਾ ਹੈ।

# ਮੀਰੀ ਪੀਰੀ ਅਕੈਡਮੀ ਵਲੋਂ ਕਰਵਾਈ ਥੈਂਕਸਗਿਵਿੰਗ ਡੇਅ ਪਰੇਡ ਨੇ ਦਿੱਤਾ ਪਿਆਰ ਦਾ ਸੁਨੇਹਾ

## • ਗੱਤਕੇ ਦੇ ਜੌਹਰਾਂ ਨੇ ਅਮਰੀਕੀਆਂ ਨੂੰ ਕੀਤਾ ਦੰਗ • ਛੋਟੇ ਛੋਟੇ ਭੁਝੰਗੀ ਸਿੰਘਾਂ ਦੇ ਕੜਾਕੇ ਦੀ ਠੰਢ 'ਚ ਹੌਸਲੇ ਰਹੇ ਬੁਲੰਦ

**ਹਿਊਸਟਨ/ਹਰਜੀਤ ਸਿੰਘ ਢੇਸੀ:** ਟੈਕਸਾਸ ਦੀ ਸਿੱਖ ਸੰਗਤ ਅਤੇ ਮੀਰੀ ਪੀਰੀ ਅਕੈਡਮੀ ਹਿਊਸਟਨ ਵਲੋਂ ਸਿੱਖੀ ਦੇ ਪਿਆਰ ਭਰੇ ਸੁਨੇਹੇ ਅਤੇ ਸਿੱਖੀ ਦੀ ਪਹਿਚਾਣ ਨੂੰ ਅਮਰੀਕਾ ਦੇ ਵਸਨੀਕਾਂ ਤਕ ਪਹੁੰਚਾਉਣ ਲਈ ਹਿਊਸਟਨ ਵਿਖੇ ਹੋਈ 67ਵੀਂ ਐਚ.ਈ.ਬੀ. ਥੈਂਕਸਗਿਵਿੰਗ ਡੇਅ ਦੀ ਪਰੇਡ ਬਹੁਤ ਵਧੀਆ ਉਪਰਾਲਾ ਸਾਬਿਤ ਹੋਈ। ਇਸ ਪਰੇਡ ਦੀ ਸ਼ੁਰੂਆਤ 1949 ਵਿਚ ਹੋਈ ਸੀ। ਮੀਰੀ ਪੀਰੀ ਅਕੈਡਮੀ, ਹਿਊਸਟਨ ਦੇ ਮੁੱਖ ਸੇਵਾਦਾਰ ਸਰਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਸਿੱਖ ਭਾਈਚਾਰੇ ਦਾ ਇਨ੍ਹਾਂ ਅਮਰੀਕਨ ਪਰੇਡਾ ਜਾਂ ਇਥੋਂ ਦੇ ਦਿਨ ਤਿਉਹਾਰਾਂ ਅੰਦਰ ਸ਼ਮੂਲੀਅਤ ਕਰਨੀ ਸਮੇਂ ਦੀ ਮੁੱਖ ਮੰਗ ਹੈ, ਜਿਸ ਸਦਕਾ ਆਪਸੀ ਪ੍ਰੇਮ ਪਿਆਰ ਵਿਚ ਤਾਂ ਵਾਧਾ ਹੁੰਦਾ ਹੀ ਹੈ, ਉਥੇ ਸਿੱਖੀ ਪ੍ਰਤੀ ਪਏ ਭਰਮ ਭੁਲੇਖੇ ਵੀ ਦੂਰ ਹੁੰਦੇ ਹਨ। ਹਿਊਸਟਨ ਦੀਆਂ ਸਮੂਹ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਵਲੋਂ ਇਸ ਪਰੇਡ ਨੂੰ ਕਾਮਯਾਬ ਕਰਨ ਲਈ ਅਣਥਕ ਮਿਹਨਤ ਕੀਤੀ ਗਈ। ਗੁਰਦੁਆਰਾ ਸਾਹਿਬ



ਸਿੱਖ ਨੈਸ਼ਨਲ ਸੈਂਟਰ ਦੇ ਮੁੱਖ ਗ੍ਰੰਥੀ ਸਿੰਘ ਸਰਦਾਰ ਨਤਿੰਦਰਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਰਦਾਰ ਸੋਹਨ ਸਿੰਘ ਅਮੀਰਕਾ ਅਤੇ ਟੈਕਸਾਸ ਸੂਬੇ ਦੇ ਝੰਡੇ ਲੈ ਕੇ ਅੱਗੇ ਚੱਲ ਰਹੇ ਸਨ। ਵੱਡ ਆਕਾਰੀ ਤੇ ਸੋਹਣੇ ਢੰਗ ਨਾਲ ਤਿਆਰ ਕੀਤਾ ਗਿਆ ਸਿੱਖ ਫਲੋਟ ਇਸ ਪਰੇਡ ਨੂੰ ਚਾਰ ਚੰਨ ਲਗਾ ਰਿਹਾ ਸੀ। ਲਗਭਗ 150 ਦੇ ਕਰੀਬ ਵੱਖੋ-ਵੱਖ ਗੁਰਦੁਆਰਿਆਂ ਤੋਂ ਆਏ ਸੰਗਤ ਦੇ ਮੈਂਬਰ ਸਿੱਖ ਫਲੋਟ ਨਾਲ ਮਾਰਚ ਕਰ ਰਹੇ ਸਨ। ਸਿੱਖ ਫਲੋਟ ਉਪਰ ਲੱਗਾ ਸਿੱਖਸ ਆਫ ਅਮੀਰਕਾ ਦਾ ਵੱਡੇ ਆਕਾਰ ਦਾ ਚਮਕਦਾ-ਦਮਕਦਾ ਸ਼ਾਈਨ ਸਿੱਖੀ ਦੀ ਪਹਿਚਾਣ ਕਰਵਾ ਰਿਹਾ ਸੀ। ਫਲੋਟ ਦੇ ਅੱਗੇ ਵੱਡੇ ਆਕਾਰ ਦਾ ਘੁੰਮਦਾ ਹੋਇਆ ਸਿੱਖ ਨਿਸ਼ਾਨ ਖੰਡਾ ਆਪਣਾ ਸੋਹਣਾ ਪ੍ਰਭਾਵ ਪਾ ਰਿਹਾ ਸੀ। ਘੁੰਮਦੇ ਹੋਏ ਖੰਡੇ ਦੇ ਖੱਬੇ ਅਤੇ ਸੱਜੇ ਪਾਸੇ ਭਾਈ ਹਰਿੰਦਰ ਸਿੰਘ ਅਤੇ ਭਾਈ ਸਰਵਨ ਸਿੰਘ ਮੀਰੀ ਪੀਰੀ ਨੂੰ ਦਰਸਾਉਂਦੇ ਨੀਲੇ ਅਤੇ ਬਸੰਤੀ ਰੰਗ ਦੇ ਨਿਸ਼ਾਨ ਸਾਹਿਬਾਂ ਨੂੰ ਲੈ ਕੇ ਖੜ੍ਹੇ ਹੋਏ ਸਨ। ਸਿੱਖ ਫਲੋਟ ਦੇ ਚਾਰੇ ਪਾਸੇ ਲੱਗੇ ਸਾਈਨ ਪਿਆਰ ਭਰੇ ਸੁਨੇਹਿਆਂ ਨਾਲ ਮਹਿਕਾਂ ਵੰਡ ਰਹੇ ਸਨ। ਗੂੰਜਦੀ ਆਵਾਜ਼ ਵਿਚ ਧਾਰਮਿਕ ਸੰਗੀਤਕ ਮਾਹੌਲ ਨੂੰ ਹੋਰ ਵੀ ਖ਼ੂਬਸੂਰਤ ਬਣਾ ਰਿਹਾ ਸੀ। ਹਿਊਸਟਨ ਸਿੱਖ ਕਮਿਉਨਿਟੀ ਦਾ ਵੱਡੇ ਆਕਾਰ ਦਾ ਬੈਨਰ ਸਿੱਖ ਗਰੁੱਪ ਦੇ ਅੱਗੇ ਚੱਲਦਾ ਹੋਇਆ, ਇਸ ਗਰੁੱਪ ਦੀ ਅਗਵਾਈ ਕਰ ਰਿਹਾ ਸੀ, ਇਸ ਦੇ ਪਿਛੇ ਮੀਰੀ ਪੀਰੀ ਅਕੈਡਮੀ ਦੇ ਬੈਨਰ ਹੇਠ ਗੱਤਕੇ ਦੇ ਜੌਹਰ ਚੱਲ ਰਹੇ ਸਨ। ਸਰਦਾਰ ਗੁਰਸ਼ਰਨ ਸਿੰਘ ਮੁੱਖ ਨੇ ਦੱਸਿਆ ਕਿ ਆਪਣੇ ਜੌਹਰ ਦਿਖਾਉਣ ਲਈ ਖਿਡਾਰੀਆਂ ਨੇ ਜੀ ਜਾਨ ਨਾਲ ਸਖ਼ਤ ਮਿਹਨਤ ਕੀਤੀ ਸੀ। ਅਮਰੀਕਨ ਲੋਕ ਬਹੁਤ ਪਿਆਰ ਅਤੇ ਹੈਰਨੀ ਨਾਲ ਗੱਤਕੇ ਦੇ ਜੌਹਰ ਦੇਖ ਰਹੇ ਸਨ। ਸਭ ਲੋਕ ਕਿਲਕਾਰੀਆਂ, ਤਾੜੀਆਂ ਅਤੇ ਸੀਟੀਆਂ ਨਾਲ ਸਿੱਖ ਗਰੁੱਪ ਦਾ ਸਵਾਗਤ ਕਰ ਰਹੇ ਸਨ। ਮੀਰੀ ਪੀਰੀ ਗੱਤਕਾ ਅਕੈਡਮੀ ਦੇ ਸਿੰਘਾਂ ਦੇ ਗੱਤਕੇ ਦੇ ਜੌਹਰ ਦੇਖ ਕੇ ਅਮਰੀਕੀ ਦੰਗ ਰਹਿ ਗਏ। ਅਮਰੀਕਨ ਭਾਈਚਾਰੇ ਦੇ ਲੋਕ ਸਿੱਖ ਭਾਈਚਾਰੇ ਦੇ ਇਸ ਗਰੁੱਪ ਨਾਲ ਵਾਰ ਵਾਰ ਹੱਥ ਮਿਲਾ, ਗੱਲਵਕੜੀ ਪਾ ਮਾਣ ਮਹਿਸੂਸ ਕਰ ਰਹੇ ਸਨ। ਅਮਰੀਕੀਆਂ ਦਾ ਪਿਆਰ ਅਤੇ ਉਤਸ਼ਾਹ ਵੀ ਦੇਖਿਆਂ ਹੀ ਬਣਦਾ ਸੀ। ਸਿੱਖ ਧਰਮ ਅਤੇ ਸਿੱਖਾਂ ਦੀ ਪਛਾਣ ਬਾਰੇ ਅਮਰੀਕੀਆਂ ਨੂੰ ਜਾਣੂ ਕਰਵਾਉਣ ਲਈ ਸਿੱਖ ਧਰਮ ਸੰਬਧੀ ਸਾਹਿਤ ਵੰਡਿਆ ਗਿਆ। ਸਿੱਖਾਂ ਦੀ ਪਹਿਚਾਣ ਦਰਸਾਉਂਦੇ ਪੈੱਨ ਵੀ ਅਮਰੀਕੀਆਂ ਨੂੰ ਉਪਹਾਰ ਵਜੋਂ ਵੰਡੇ ਗਏ। ਸਿੱਖ ਸੰਗਤ ਅਤੇ ਮੀਰੀ ਪੀਰੀ ਅਕੈਡਮੀ ਦੇ ਖਿਡਾਰੀਆਂ ਲਈ ਗੁਰਦੁਆਰਾ ਸਿੱਖ ਨੈਸ਼ਨਲ ਤੋਂ ਦੋ ਬੱਸਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਬੱਸਾਂ ਦੇ ਤੁਰਨ ਦਾ ਵਕਤ ਸਵੇਰੇ 5:00 ਵਜੇ ਦਾ ਸੀ ਪਰ ਮੀਰੀ ਪੀਰੀ ਅਕੈਡਮੀ ਦੇ ਛੋਟੀ ਛੋਟੀ ਉਮਰ ਦੇ ਖਿਡਾਰੀਆਂ ਨੇ ਸਮੇਂ ਤੋਂ ਕਾਫੀ ਸਮਾਂ ਪਹਿਲਾਂ ਹੀ ਪਹੁੰਚ ਕੇ ਆਪਣੇ ਪਿਆਰ ਅਤੇ ਚਾਅ ਦਾ ਸਬੂਤ ਦਿੱਤਾ। ਇਸ ਪਰੇਡ ਵਿੱਚ ਸਾਰੇ ਮੀਰੀ ਪੀਰੀ ਗੱਤਕਾ ਅਕੈਡਮੀ ਦੇ ਛੋਟੇ ਛੋਟੇ ਭੁੰਝਗੀਂ ਸਿੰਘਾਂ ਦੀ ਮਿਹਨਤ ਲਗਨ ਅਤੇ ਅਣਥਕ ਸੇਵਾ ਆਪਣੇ ਆਪ ਅੰਦਰ ਮਿਸਾਲ ਬਣੀ। ਕੜਾਕੇ ਦੀ ਠੰਢ ਦੇ ਬਾਵਜੂਦ ਉਨ੍ਹਾਂ ਦਾ ਉਤਸ਼ਾਹ ਕਾਇਮ ਸੀ। ਸਰਦਾਰ ਵਰਿੰਦਰ ਸਿੰਘ ਗੋਲਡੀ ਅਤੇ ਹੋਰਨਾਂ ਸਿੰਘਾਂ ਨੇ ਗੱਤਕਾ ਖਿਡਾਰੀਆਂ ਦੇ ਸੋਹਣੇ ਦੁਮਾਲੇ ਦਸਤਾਰਾਂ ਸਜਾਈਆਂ।ਇਸ ਪਰੇਡ ਦਾ ਉਦਘਾਟਨ ਹਿਊਸਟਨ ਦੇ ਮੇਅਰ ਸਿਲਵੇਸਟਰ ਟਰਨਰ ਨੇ ਕੀਤਾ। ਇਸ ਪਰੇਡ ਵਿਚ ਵੱਖ-ਵੱਖ ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਨੇ ਭਾਗ ਲਿਆ। ਵੱਖ-ਵੱਖ ਫਲੋਟਾਂ, ਬੈਂਡ, ਡਾਨਸਿੰਗ ਗਰੁੱਪ ਅਤੇ ਮਾਰਚਿੰਗ ਗਰੁੱਪ ਇਸ ਪਰੇਡ ਵਿਚ ਸ਼ਾਮਲ ਸਨ। ਪਰੇਡ ਦੇਖਣ ਵਾਲਿਆਂ ਦੀ ਗਿਣਤੀ 3 ਲੱਖ ਤੋਂ ਉਪਰ ਦੱਸੀ ਜਾਂਦੀ ਹੈ ਅਤੇ ਲਗਭਗ 1.8 ਮਿਲੀਅਨ ਲੋਕਾਂ ਨੇ ਘਰ ਬੈਠ ਕੇ ਇਸ ਪਰੇਡ ਦਾ ਆਨੰਦ ਮਾਣਿਆ। ਸਿੱਖੀ ਦੇ ਪ੍ਰਚਾਰ ਲਈ ਇਹ ਬਹੁਤ ਵੱਡਾ ਮੰਚ ਹੈ। ਜਥੇਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਅੱਗੇ ਤੋਂ ਵੀ ਹੋਰਨਾਂ ਅਮਰੀਕਨ ਪਰੇਡਾਂ ਅਤੇ ਸਮਾਗਮਾਂ ਅੰਦਰ ਸਿੱਖੀ ਦੀ ਪਹਿਚਾਣ ਲਈ ਏਹੋ ਜਿਹੇ ਉਪਰਾਲੇ ਕਰਦੇ ਰਹਿਣਗੇ। ਇਹ ਸਾਰਾ ਉਪਰਾਲਾ ਸਰਦਾਰ ਅਮ੍ਰਿਤ ਸਿੰਘ, ਸਰਦਾਰ ਸੁਰਜੀਤ ਸਿੰਘ, ਸਰਦਾਰ ਮਨਦੀਪ ਸਿੰਘ, ਡਾਕਟਰ ਹਰਦਮ ਸਿੰਘ ਆਜ਼ਾਦ ਡਾਇਰੈਕਟਰ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ, ਹਰਜੀਤ ਸਿੰਘ ਬੈਂਸ, ਬੀਬੀ ਹਰਜੀਤ ਕੌਰ ਸੋਨੀਆ, ਹਰਜੀਤ ਸਿੰਘ ਗਲਹੋਤਰਾ, ਬੀਬੀ ਸੁਰਿੰਦਰ ਕੌਰ ਪਿੰਗਲੀਆ, ਪ੍ਰੋਫੈਸਰ ਸੰਪੂਰਨ ਸਿੰਘ, ਸਰਦਾਰ ਗੁਰਚਰਨ ਸਿੰਘ, ਸਰਦਾਰ ਤੀਰਥ ਸਿੰਘ ਖਹਿਰਾ, ਸਰਦਾਰ ਬਾਬੀ ਸਿੰਘ, ਡਾਕਟਰ ਹਰਵਿੰਦਰਪਾਲ ਸਿੰਘ, ਰੁਪਿੰਦਰਪਾਲ ਸਿੰਘ (ਰੋਮਾ ਫੈਸ਼ਨ), ਮਨਮੀਤ ਕੌਰ ਲਿਖਾਰੀ, ਡਾਕਟਰ ਤੇਜਿੰਦਰ ਸਿੰਘ ਗਿੱਲ, ਸਰਦਾਰ ਹਰਭਜਨ ਸਿੰਘ, ਸਰਦਾਰ ਵਰਿੰਦਰ ਸਿੰਘ ਗੋਲਡੀ, ਮੀਰੀ ਪੀਰੀ ਅਕੈਡਮੀ ਦੇ ਸਮੂਹ ਸੇਵਾਦਾਰਾਂ ਅਤੇ ਗੁਰਦੁਆਰਾ ਸਾਹਿਬ ਸਿੱਖ ਨੈਸ਼ਨਲ ਸੈਂਟਰ ਅਤੇ ਹੋਰਨਾਂ ਗੁਰਦੁਆਰਾ ਸਾਹਿਬਾਨ ਦੇ ਸਹਿਯੋਗ ਨਾਲ ਹੀ ਸਫਲ ਹੋ ਸਕਿਆ ਹੈ। ਪਰੇਡ ਸਮੇਂ ਸਰਦਾਰ ਕਰਮਜੀਤ ਸਿੰਘ ਵਲੋਂ ਸਭ ਲਈ ਖਾਣ ਪੀਣ ਦਾ ਪ੍ਰੰਬਧ ਕੀਤਾ ਗਿਆ ਸੀ। ਜਥੇਦਾਰ ਗੁਰਸ਼ਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅਗਲੀ ਸ਼ਮੂਲੀਅਤ 4 ਦਸੰਬਰ ਨੂੰ ਹਿਊਸਟਨ ਵਿਖੇ ਹੋ ਰਹੀ 'ਪਰੇਡ ਆਫ ਲਾਈਟ' ਅਤੇ 16 ਜਨਵਰੀ ਨੂੰ ਐਮ.ਐਲ.ਕੇ. ਪਰੇਡ ਵਿਚ ਹੈ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫ਼ਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang
Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
• IRP License Plates
• IFTA-Fuel Tax Returns
• MC (ICC) Authority, US DOT #
• UCR Permits, BOC-3 Filing
• CA#, MCP, EPN Enrollment
• BIT-Enrollment
• NM Permit, KYU#, NY HUT Permit
• Oregon Permit, Oregon Bonds
• Highway Use Tax (2290)
• Trailer Plates, Title Transfer
• Tax Exemption
BUSINESS SERVICES AVAILABLE
• Tax Services : Individual, Small Business
• Computerized Accounting
• Financial Statement
• Monthly Sales Tax Reports
• Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਮਹਾਨ ਕਰਾਂਤੀਕਾਰੀ ਫੀਦਲ ਕਾਸਤਰੋ ਦਾ ਜਾਣਾ...



**ਪ੍ਰਕਾਸ਼ ਕੇ.ਰੇ.**

ਫੀਦਲ ਕਾਸਤਰੋ ਦੀ ਅਗਵਾਈ ਹੇਠ 1950 ਵੇਂ ਦਹਾਕੇ ਦੇ ਸ਼ੁਰੂਆਤੀ ਵਰ੍ਹਿਆਂ ਵਿਚ ਬਾਗ਼ੀਆਂ ਦੀ ਇਕ ਛੋਟੀ ਟੁਕੜੀ ਜਨਰਲ ਬਤਿਸਤਾ ਦੀ ਤਾਨਾਸ਼ਾਹੀ ਖ਼ਿਲਾਫ਼ ਸੰਘਰਸ਼ ਕਰ ਰਹੀ ਸੀ। ਜ਼ਿਆਦਾਤਰ ਬਾਗ਼ੀ ਮਾਰੇ ਗਏ ਤੇ ਫੀਦਲ ਗ੍ਰਿਫ਼ਤਾਰ ਹੋ ਗਏ। ਸਾਲ 1953 ਵਿਚ ਸੁਣਵਾਈ ਦੌਰਾਨ ਇਸ ਨੌਜਵਾਨ ਵਕੀਲ ਨੇ ਯਾਦਗਾਰ ਭਾਸ਼ਣ ਦਿੱਤਾ ਸੀ ਜਿਸ ਦੀਆਂ ਆਖ਼ਰੀ ਪੰਕਤੀਆਂ ਇਸ ਪ੍ਰਕਾਰ ਸਨ-"ਮੈਨੂੰ ਸਜ਼ਾ ਦਿਓ, ਮੈਨੂੰ ਇਸ ਦੀ ਪ੍ਰਵਾਹ ਨਹੀਂ ਹੈ। ਇਤਿਹਾਸ ਮੈਨੂੰ ਸਹੀ ਸਿੱਧ ਕਰੇਗਾ।" ਅਗਲੇ ਸਾਲ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ ਤੇ ਉਨ੍ਹਾਂ ਨੇ ਫਿਰ ਤੋਂ ਵਿਦਰੋਹ ਦੀ ਕਮਾਂਡ ਸੰਭਾਲ ਲਈ। ਉਸ ਤੋਂ ਬਾਅਦ ਅੱਜ ਤਕ ਦਾ ਵਿਸ਼ਵ ਇਤਿਹਾਸ ਕਾਸਤਰੋ ਦੇ ਕਾਰਨਾਮਿਆਂ ਅਤੇ ਪ੍ਰਾਪਤੀਆਂ ਦੇ ਜ਼ਿਕਰ ਨਾਲ ਭਰਿਆ ਪਿਆ ਹੈ। ਨੱਬੇ ਸਾਲ ਦੀ ਉਮਰ ਵਿਚ ਦੁਨੀਆ ਨੂੰ ਅਲਵਿਦਾ ਕਹਿਣ ਵਾਲੇ ਕਾਸਤਰੋ ਦੀ ਮਹਾਨਤਾ ਇਸ ਗੱਲ ਤੋਂ ਸਿੱਧ ਹੁੰਦੀ ਹੈ ਕਿ ਅੱਜ ਤਕ ਉਨ੍ਹਾਂ ਦੇ ਵਿਰੋਧੀ ਵੀ ਉਨ੍ਹਾਂ ਦੇ ਯੋਗਦਾਨਾਂ ਦੀ ਚਰਚਾ ਕਰ ਰਹੇ ਹਨ। ਉਨ੍ਹਾਂ ਦਾ ਜਾਣਾ ਨਿਸ਼ਚਤ ਤੌਰ 'ਤੇ ਇਕ ਯੁੱਗ ਦਾ ਵਿਰਾਮ ਹੈ। ਭਾਰਤ ਅਤੇ ਦੁਨੀਆ ਦੇ ਵਿਕਾਸ਼ਸ਼ੀਲ ਅਤੇ ਅਵਿਕਸਤ ਮੁਲਕਾਂ ਨੇ ਆਪਣਾ ਇਕ ਹਮਦਰਦ ਸਾਥੀ ਗਵਾ ਲਿਆ ਹੈ। ਵਿਸ਼ਵਕ ਸ਼ਾਂਤੀ ਅਤੇ ਨਿਆਂ ਪੱਖੀਆਂ ਨੇ ਆਪਣਾ ਸਰਪ੍ਰਸਤ ਗਵਾ ਦਿੱਤਾ ਹੈ।

## ਭਾਰਤ ਦੇ ਗੂੜ੍ਹੇ ਮਿੱਤਰ ਸਨ ਫੀਦਲ ਕਾਸਤਰੋ

ਪਿਛਲੇ 6 ਦਹਾਕਿਆਂ ਤੋਂ ਵੱਧ ਸਮੇਂ ਤੋਂ ਕਿਊਬਾ ਅਤੇ ਭਾਰਤ ਵਿਚਾਲੇ ਗੂੜ੍ਹੀ ਦੋਸਤੀ ਰਹੀ ਹੈ। ਕਿਊਬਾ ਦੇ ਮੁਸ਼ਕਲ ਦੌਰ ਵਿਚ ਭਾਰਤ ਨੇ ਮਦਦ ਦਾ ਹੱਥ ਵਧਾਇਆ ਹੈ, ਤਾਂ ਕਿਊਬਾ ਨੇ ਵੀ ਕੌਮਾਂਤਰੀ ਮੰਚਾਂ 'ਤੇ ਹਮੇਸ਼ਾ ਭਾਰਤ ਦਾ ਸਾਥ ਦਿੱਤਾ ਹੈ। ਸਾਲ 1959 ਵਿਚ ਫੀਦਲ ਕਾਸਤਰੋ ਦੀ ਅਗਵਾਈ ਵਿਚ ਹੋਈ ਕਰਾਂਤੀ ਦੇ ਤੁਰੰਤ ਬਾਅਦ ਕਿਊਬਾ ਦੀ ਨਵੀਂ ਸਰਕਾਰ ਨੂੰ ਮਾਨਤਾ ਦੇਣ ਵਾਲੇ ਮੁਲਕਾਂ ਵਿਚ ਭਾਰਤ ਵੀ ਸੀ। ਉਸੇ ਸਾਲ ਕਰਾਂਤੀ ਦੇ ਮੋਢੀ ਯੋਧਾ ਤੇ ਫੀਦਲ ਦੇ ਕਰੀਬੀ ਸਹਿਯੋਗੀ ਚੀ ਗਵੇਰਾ ਭਾਰਤ ਦੀ ਇਤਿਹਾਸਕ ਯਾਤਰਾ 'ਤੇ ਆਏ ਸਨ। ਦਹਾਕਿਆਂ ਤਕ ਇਸ ਯਾਤਰਾ ਬਾਰੇ ਜਾਣਕਾਰੀਆਂ ਜਨਤਕ ਨਹੀਂ ਹੋ ਸਕੀਆਂ ਸਨ। ਸਾਲ 2007 ਵਿਚ ਸੀਨੀਅਰ ਪੱਤਰਕਾਰ ਓਮ ਥਾਨਵੀ ਨੇ ਚੀ ਗਵੇਰਾ ਦੀ ਉਸ ਯਾਤਰਾ ਦੇ ਦਸਤਾਵੇਜ਼ ਅਤੇ ਚਿੱਤਰਾਂ ਦੇ ਆਧਾਰ 'ਤੇ ਲੇਖ ਲਿਖਿਆ ਸੀ। ਗਵੇਰਾ ਦੀ ਯਾਤਰਾ ਦਾ ਉਦੇਸ਼ ਹਮਦਰਦੀ ਰੱਖਣ ਵਾਲੇ ਉਨ੍ਹਾਂ ਮੁਲਕਾਂ ਤੋਂ ਨਵੀਂ ਸਰਕਾਰ ਲਈ ਸਮਰਥਨ ਤੇ ਸਹਿਯੋਗ ਹਾਸਲ ਕਰਨਾ ਸੀ ਜੋ ਆਜ਼ਾਦੀ ਦੇ ਨਾਲ ਆਪਣੀਆਂ ਵਿਦੇਸ਼ੀ ਨੀਤੀਆਂ ਤਿਆਰ ਕਰ ਰਹੇ ਸਨ। ਉਸ ਸਮੇਂ ਤਕ ਭਾਰਤ ਗੁੱਟ ਨਿਰਲੇਪ ਅੰਦੋਲਨ ਦੀ ਅਗਵਾਈ ਬਣ ਚੁੱਕੀ ਸੀ। ਚੀ ਗਵੇਰਾ ਨੇ ਕਿਊਬਾ ਵਾਪਸ ਆ ਕੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਦ੍ਰਿਸ਼ਟੀਕੋਣ ਦੀ ਖ਼ੂਬ ਪ੍ਰਸੰਸਾ ਕੀਤੀ ਸੀ। ਉਨ੍ਹਾਂ ਨੇ ਲਿਖਿਆ ਸੀ ਕਿ 'ਬਿਨਾਂ ਸ਼ੱਕ ਕਿਊਬਾ ਅਤੇ ਭਾਰਤ ਭਰਾ-ਭਰਾ ਹਨ, ਅਤੇ ਪਰਮਾਣੂ ਪ੍ਰੋਜੈਕਟਰਾਂ ਅਤੇ ਮਿਸਾਈਲਾਂ ਦੇ ਮੌਜੂਦਾ ਯੁੱਗ ਵਿਚ ਪੂਰੀ ਦੁਨੀਆ ਦੇ ਲੋਕਾਂ ਵਿਚਾਲੇ ਇਹੀ ਸਬੰਧ ਬਣਨਾ ਚਾਹੀਦਾ ਹੈ।' ਇਸ ਦੌਰੇ ਦੇ ਕੁਝ ਸਮੇਂ ਬਾਅਦ ਹੀ ਜਨਵਰੀ 1960 ਵਿਚ ਭਾਰਤ ਨੇ ਕਿਊਬਾ ਦੀ ਰਾਜਧਾਨੀ ਹਵਾਨਾ ਵਿਚ ਆਪਣਾ ਦੂਤਾਵਾਸ ਖੋਲ੍ਹ ਦਿੱਤਾ ਸੀ।

ਬਾਅਦ ਦੇ ਵਰ੍ਹਿਆਂ ਵਿਚ ਭਾਰਤ ਅਤੇ ਕਿਊਬਾ ਦੇ ਸਿਆਸੀ ਤੇ ਆਰਥਿਕ ਸਬੰਧ ਮਜ਼ਬੂਤ ਬਣਦੇ ਚਲੇ ਗਏ। ਸਾਲ 1960 ਵਿਚ ਫੀਦਲ ਕਾਸਤਰੋ ਕਿਊਬਾ ਦੇ ਪ੍ਰਧਾਨ ਮੰਤਰੀ ਵਜੋਂ ਸੰਯੁਕਤ ਰਾਸ਼ਟਰ ਸੰਘ ਦੀ ਮੀਟਿੰਗ ਵਿਚ ਹਿੱਸਾ ਲੈਣ ਲਈ ਨਿਊਯਾਰਕ ਗਏ ਸਨ। ਅਮਰੀਕਾ ਨਾਲ ਤਣਾਅਪੂਰਨ ਸਬੰਧਾਂ ਕਾਰਨ ਵੱਡੇ ਹੋਟਲਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪ੍ਰਤੀਨਿਧ ਮੰਡਲ ਨੂੰ ਆਪਣੇ ਉਥੇ ਰੱਖਣ ਤੋਂ ਮਨ੍ਹਾ ਕਰ ਦਿੱਤਾ ਸੀ। ਉਦੋਂ ਕਾਸਤਰੋ ਨੇ ਸੰਘ ਦੇ ਹੈੱਡਕੁਆਰਟਰ ਦੇ ਵਿਹੜੇ ਵਿਚ ਤੰਬੂ ਲਾ ਕੇ ਰਹਿਣ ਦੀ ਚਿਤਾਵਨੀ ਦਿੱਤੀ ਸੀ, ਪਰ ਬਾਅਦ ਵਿਚ ਹੋਟਲ ਨੇ ਉਨ੍ਹਾਂ ਨੂੰ ਸੱਦਾ ਦਿੱਤਾ ਸੀ। ਉਸ ਹੋਟਲ ਵਿਚ ਅਨੇਕਾਂ ਮੁਲਕਾਂ ਦੇ ਨੇਤਾਵਾਂ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਵਰ੍ਹਿਆਂ ਬਾਅਦ ਫੀਦਲ ਕਾਸਤਰੋ ਨੇ ਸਾਬਕਾ ਵਿਦੇਸ਼ ਮੰਤਰੀ ਕੁੰਵਰ ਨਟਵਰ ਸਿੰਘ ਨੂੰ ਦੱਸਿਆ ਸੀ ਕਿ ਪੰਡਤ ਨਹਿਰੂ ਸਭ ਤੋਂ ਪਹਿਲਾਂ ਮਿਲਣ ਆਏ ਸਨ ਤੇ ਉਨ੍ਹਾਂ ਦੀ ਇਸ ਫ਼ਿਰਾਖ਼ਦਿਲੀ ਨੂੰ ਉਹ ਹਮੇਸ਼ਾ ਯਾਦ ਰੱਖਦੇ ਸਨ। ਕਾਸਤਰੋ ਅਨੁਸਾਰ, "ਮੇਰੀ ਉਮਰ 34 ਸਾਲ ਸੀ ਤੇ ਮੈਂ ਬਹੁਤ ਜਾਣਾ-ਪਛਾਣਿਆ ਨਹੀਂ ਸੀ। ਮੈਂ ਤਣਾਅ ਵਿਚ ਸੀ। ਨਹਿਰੂ ਨੇ ਮੇਰਾ ਹੌਸਲਾ ਵਧਾਇਆ। ਮੇਰਾ ਤਣਾਅ ਦੂਰ ਹੋ ਗਿਆ।"

ਨਹਿਰੂ ਤੋਂ ਸ਼ੁਰੂ ਹੋਈ ਦੋਵੇਂ ਮੁਲਕਾਂ ਦੀ ਨੇੜਤਾ ਨੂੰ ਇੰਦਰਾ ਗਾਂਧੀ ਦੇ ਕਾਰਜਕਾਲ ਵਿਚ ਹੋਰ ਤੇਜ਼ੀ ਮਿਲੀ। ਸਾਲ 1983 ਵਿਚ ਕਾਸਤਰੋ ਗੁੱਟ ਨਿਰਲੇਪ ਅੰਦੋਲਨ ਦੀ ਅਗਵਾਈ ਭਾਰਤ ਨੂੰ ਸੌਂਪਣ ਆਏ ਸਨ। ਮੰਚ 'ਤੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਗਲਾ ਲਾਉਣ ਦੀ ਤਸਵੀਰ ਕੌਮਾਂਤਰੀ ਸਿਆਸਤ ਦੇ ਇਤਿਹਾਸ ਦੀ ਸਭ ਤੋਂ ਜ਼ਿਕਰਯੋਗ ਤਸਵੀਰਾਂ ਵਿਚ ਗਿਣੀ ਜਾਂਦੀ ਹੈ। ਇਸ ਤੋਂ ਪਹਿਲਾਂ ਦੋਵੇਂ ਨੇਤਾਵਾਂ ਦੀਆਂ ਅਨੇਕਾਂ ਮੁਲਾਕਾਤਾਂ ਹੋ ਚੁੱਕੀਆਂ ਸਨ।

ਅਮਰੀਕੀ ਰੋਕਾਂ ਕਾਰਨ 1992 ਵਿਚ ਕਿਊਬਾ ਨੂੰ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਉਦੋਂ ਮਾਰਕਸਵਾਦੀ ਕਮਿਊਨਿਸਟ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ ਅਤੇ ਕਾਂਗਰਸ ਦੇ ਯਤਨਾਂ ਨਾਲ ਲੋਕਾਂ ਵਲੋਂ ਜੁਟਾਈ ਗਈ 10 ਹਜ਼ਾਰ ਟਨ ਕਣਕ ਅਤੇ 10 ਹਜ਼ਾਰ ਟਨ ਚੌਲ ਕਿਊਬਾ ਨੂੰ ਭੇਜੇ ਗਏ ਸਨ। ਫੀਦਲ ਕਾਸਤਰੋ ਅਨਾਜ ਨਾਲ ਲੱਦੇ ਜਹਾਜ਼ ਦੇ ਸਵਾਗਤ ਲਈ ਖ਼ੁਦ ਮੌਜੂਦ ਸਨ। ਉਨ੍ਹਾਂ ਨੇ ਇਸ ਸਹਿਯੋਗ ਨੂੰ 'ਭਾਰਤ ਦੀ ਰੋਟੀ' ਦੀ ਸੰਗਿਆ ਦਿੱਤੀ ਸੀ, ਕਿਉਂਕਿ ਇਸ ਅਨਾਜ ਨਾਲ ਕਿਊਬਾ ਦੇ 1.10 ਕਰੋੜ ਲੋਕਾਂ ਵਿਚ ਹਰ ਇਕ ਨੂੰ ਬਰੈੱਡ ਦਿੱਤੀ ਜਾ ਸਕਦੀ ਸੀ। ਸਾਲ 2008 ਵਿਚ ਭਾਰਤ ਨੇ ਸਮੁੰਦਰੀ ਤੂਫ਼ਾਨ ਨਾਲ ਹੋਈ ਬਰਬਾਦੀ ਦੌਰਾਨ ਕਿਊਬਾ ਨੂੰ 20 ਲੱਖ ਡਾਲਰ ਦੀ ਨਕਦ ਸਹਾਇਤਾ ਦਿੱਤੀ ਸੀ। ਉਸੇ ਸਾਲ ਭਾਰਤ ਨੇ 1.28 ਅਰਬ ਰੁਪਏ ਦਾ ਵਿਆਜ ਸਮੇਤ ਕਰਜ਼ ਵੀ ਮੁਆਫ਼ ਕੀਤਾ ਸੀ। ਕਿਊਬਾ ਦਾ ਸਿਹਤ ਤੰਤਰ ਦੁਨੀਆ ਦੀ ਬਿਹਤਰੀਨ ਵਿਵਸਥਾਵਾਂ ਵਿਚ ਗਿਣਿਆ ਜਾਂਦਾ ਹੈ। ਦੋਵੇਂ ਦੇਸ਼ ਇਸ ਖੇਤਰ ਵਿਚ ਸਹਿਯੋਗ ਨੂੰ ਮਜ਼ਬੂਤ ਬਣਾਉਣ ਲਈ ਯਤਨਸ਼ੀਲ ਰਹੇ।



## ਫੀਦਲ ਕਾਸਤਰੋ ਦਾ ਜੀਵਨ

- ਅਗਸਤ, 1926-ਪੂਰਬੀ ਕਿਊਬਾ ਦੇ ਪੇਂਡੂ ਇਲਾਕੇ ਬੀਰਨ ਵਿਚ ਜਨਮ।
- ਜੁਲਾਈ, 1953- ਸੇਂਤੀਆਗੋ ਡੀ ਕਿਊਬਾ ਵਿਚ ਲੋਕਾਂ ਦੀ ਅਗਵਾਈ ਕਰਦਿਆਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ 15 ਵਰ੍ਹਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਜਨਰਲ ਬਤਿਸਤਾ 'ਤੇ ਹਮਲਾ ਕਰਦਿਆਂ ਉਨ੍ਹਾਂ ਨੇ ਇਕ ਇਤਿਹਾਸਕ ਭਾਸ਼ਣ ਦਿੱਤਾ ਸੀ, ਜੋ 'ਹਿਸਟਰੀ ਵਿਲ ਐਬਸੋਲਵ ਮੀ' ਦੇ ਨਾਂ ਨਾਲ ਪ੍ਰਸਿੱਧ ਹੋਈ।
- ਜੁਲਾਈ, 1955- ਫੀਦਲ ਤੇ ਉਨ੍ਹਾਂ ਦੇ ਸਾਥੀਆਂ ਨੂੰ ਆਮ ਮੁਆਫ਼ੀ ਦਿੰਦੇ ਹੋਏ ਜੇਲ੍ਹ ਤੋਂ ਮੁਕਤ ਕਰਕੇ ਮੈਕਸੀਕੋ ਭੇਜ ਦਿੱਤਾ ਗਿਆ। ਉਥੇ ਫੀਦਲ ਦੀ ਮੁਲਾਕਾਤ ਅਰਜਟੀਨਾ ਦੇ ਕਰਾਂਤੀਕਾਰੀ ਚੀ ਗਵੇਰਾ ਨਾਲ ਹੋਈ। ਜਨਰਲ ਬਤਿਸਤਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਇਕ ਸਾਲ ਮਗਰੋਂ ਉਹ ਫੇਰ ਮੈਕਸੀਕੋ ਤੋਂ ਕਿਊਬਾ ਪਰਤੇ ਤੇ ਅੰਦੋਲਨ ਸ਼ੁਰੂ ਕਰ ਦਿੱਤਾ।
- ਜਨਵਰੀ 1959- ਦੋ ਵਰ੍ਹਿਆਂ ਤੋਂ ਜ਼ਿਆਦਾ ਸਮੇਂ ਤਕ ਜਾਰੀ ਅੰਦੋਲਨ ਮਗਰੋਂ ਜਨਰਲ ਬਤਿਸਤਾ ਡੋਮਿਨਿਕਨ ਰਿਪਬਲਿਕਨ ਭੱਜ ਗਿਆ ਤੇ ਫੀਦਲ ਕਾਸਤਰੋ ਨੂੰ ਕਿਊਬਾ ਦਾ ਪ੍ਰਧਾਨ ਮੰਤਰੀ ਐਲਾਨ ਦਿੱਤਾ ਗਿਆ।
- ਜੂਨ 1960- ਅਮਰੀਕਾ ਦੀ ਪ੍ਰਭੂਸੱਤਾ ਵਿਚ ਰਹੀਆਂ ਤੇਲ ਰਿਫਾਇਨਰੀਆਂ ਨੂੰ ਕਿਊਬਾ ਨੇ ਐਕਵਾਇਰ ਕਰ ਲਿਆ ਤੇ ਉਨ੍ਹਾਂ ਸਾਰੀਆਂ ਦਾ ਕੌਮੀਕਰਨ ਕਰ ਦਿੱਤਾ।
- ਅਕਤੂਬਰ 1960- ਖੁਰਾਕ ਸਮੱਗਰੀਆਂ ਤੇ ਦਵਾਈਆਂ ਤੋਂ ਇਲਾਵਾ ਕਿਊਬਾ ਨੂੰ ਕੀਤੀਆਂ ਜਾਣ ਵਾਲੀਆਂ ਹੋਰ ਸਾਰੀਆਂ ਸਮੱਗਰੀਆਂ ਦੇ ਨਿਰਯਾਤ ਨੂੰ ਅਮਰੀਕਾ ਨੇ ਪਾਬੰਦੀ ਲਾ ਦਿੱਤੀ।
- 16 ਅਪ੍ਰੈਲ, 1961-ਕਾਸਤਰੋ ਨੇ ਕਿਊਬਾ ਨੂੰ ਸਮਾਜਵਾਦੀ ਰਾਸ਼ਟਰ ਐਲਾਨ ਦਿੱਤਾ।
- 17 ਅਪ੍ਰੈਲ, 1961- ਅਮਰੀਕਾ ਦੇ ਸੀ.ਆਈ.ਏ. ਵਲੋਂ ਸਿਖਲਾਈ ਹਾਸਲ ਅਤੇ ਵਿੱਤੀ ਮਦਦ ਪ੍ਰਾਪਤ ਕਿਊਬਾਈ ਅਮਰੀਕੀਆਂ ਨੇ ਬੇ ਆਫ ਪਿਗਸ ਵਲੋਂ ਕਿਊਬਾ ਦੀ ਸਰਕਾਰ ਨੂੰ ਸੱਤਾ ਤੋਂ ਲਾਹੁਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ।
- 7 ਫਰਵਰੀ 1962- ਅਮਰੀਕਾ ਨੇ ਕਿਊਬਾ ਤੋਂ ਕੀਤੀਆਂ ਜਾਣ ਵਾਲੀਆਂ ਸਾਰੀਆਂ ਵਸਤੂਆਂ ਦੀ ਦਰਾਮਦ 'ਤੇ ਪਾਬੰਦੀ ਲਾ ਦਿੱਤੀ।
- ਅਕਤੂਬਰ, 1962- ਕਿਊਬਾ ਮਿਜ਼ਾਈਲ ਸੰਕਟ-ਅਮਰੀਕਾ ਅਤੇ ਸੋਵੀਅਤ ਸਘ ਵਿਚਾਲੇ ਜਾਰੀ ਸ਼ੀਤ ਯੁੱਧ ਦੇ ਦੌਰ ਵਿਚ ਇਹ ਦੋਵੇਂ ਹੀ ਦੇਸ਼ ਆਪਣੇ ਹਿਤਾਂ ਦੇ ਅਨੁਕੂਲ ਹੋਰਨਾਂ ਮੁਲਕਾਂ ਵਿਚ ਬੈਲਿਸਟਿਕ ਮਿਜ਼ਾਈਲ ਤੈਨਾਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਜੁਟੇ ਸਨ। ਇਟਲੀ ਅਤੇ ਤੁਰਕੀ ਵਿਚ ਅਮਰੀਕੀ ਬੈਲਿਸਟਿਕ ਮਿਜ਼ਾਈਲਾਂ ਦੀ ਤੈਨਾਤੀ ਮਗਰੋਂ ਉਸ ਵੇਲੇ ਦੇ ਸੋਵੀਅਤ ਨੇਤਾ ਨਿਕਿਤਾ ਖ਼ੁਰਸ਼ੇਵ ਨੇ ਕ੍ਰਿਬਾ ਵਿਚ ਇਨ੍ਹਾਂ ਦੀ ਤੈਨਾਤੀ ਲਈ ਕਾਸਤਰੋ ਨੂੰ ਰਜ਼ੀ ਕਰਦਿਆਂ ਮਿਜ਼ਾਈਲ ਲਾਂਚ ਫੈਸਲਿਟੀ ਦੀ ਸ਼ੁਰੂਆਤ ਕਰ ਦਿੱਤੀ। ਅਮਰੀਕਾ ਨੂੰ ਇਸ ਦੀ ਭਿਣਕ ਲੱਗ ਗਈ। ਇਕ ਸਮੇਂ ਤਣਾਅ ਵਧ ਗਿਆ ਸੀ ਕਿ ਅਮਰੀਕਾ ਤੇ ਸੋਵੀਅਤ ਸੰਘ ਵਿਚਾਲੇ ਪਰਮਾਣੂ ਯੁੱਧ ਦੀ ਨੌਬਤ ਤੱਕ ਆ ਗਈ ਸੀ। ਅਮਰੀਕਾ ਦੇ ਉਸ ਵੇਲੇ ਦੇ ਰਾਸ਼ਟਰਪਤੀਆਂ ਜਾਨ ਐਫ. ਕੈਨੇਡੀ ਤੇ ਖ਼ੁਰਸ਼ੇਵ ਵਿਚਾਲੇ ਹੋਏ ਸਮਝੌਤੇ ਮਗਰੋਂ ਇਸ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਗਿਆ।
- ਮਾਰਚ, 1968- ਫੀਦਲ ਕਾਸਤਰੋ ਸਰਕਾਰ ਨੇ ਕਿਊਬਾ ਦੇ ਸਾਰੇ ਨਿੱਜੀ ਉਦਯੋਗਾਂ ਅਤੇ ਕਾਰੋਬਾਰ ਨੂੰ ਜਨਤਕ ਖੇਤਰ ਤਹਿਤ ਐਕਵਾਇਰ ਕਰ ਲਿਆ।
- ਫਰਵਰੀ, 1980- ਫੀਦਲ ਨੇ ਦਾਲੀਆ ਸੋਤੋ ਡੇਲ ਵੇਲੇ ਨਾਮਕ ਇਕ ਮਹਿਲਾ ਅਧਿਆਪਕ ਨਾਲ ਵਿਆਹ ਕਰ ਲਿਆ, ਜਿਸ ਨਾਲ ਸਾਲ 1961 ਤੋਂ ਉਨ੍ਹਾਂ ਦੇ ਸਬੰਧ ਸਨ ਤੇ ਉਹ ਉਨ੍ਹਾਂ ਦੇ ਪੰਜ ਬੱਚਿਆਂ ਦੀ ਮਾਂ ਸੀ।
- ਅਪ੍ਰੈਲ, 1980- ਮੇਰੀਅਲ ਬੋਟਲਿਫਟ-ਕਿਊਬਾ ਦੇ ਇਤਿਹਾਸ ਵਿਚ ਇਹ ਵੱਡੀ ਘਟਨਾ ਹੈ, ਜਦੋਂ ਆਗਾਮੀ ਕਰੀਬ 6 ਮਹੀਨੇ ਤਕ ਉਥੋਂ ਦੇ ਮੇਰੀਅਲ ਹਾਰਬਰ ਤੋਂ ਲੋਕ ਸਮੁੰਦਰੀ ਜਹਾਜ਼ਾਂ ਰਾਹੀਂ ਅਮਰੀਕਾ ਚਲੇ ਗਏ। ਲਗਾਤਾਰ ਜਾਰੀ ਪਰਵਾਸ ਨੂੰ ਦੇਖਦਿਆਂ ਦੋਹਾਂ ਮੁਲਕਾਂ ਵਿਚਾਲੇ ਅਕਤੂਬਰ 1980 ਵਿਚ ਆਪਸੀ ਸਮਝੌਤਾ ਕੀਤਾ ਗਿਆ, ਪਰ ਉਦੋਂ ਤਕ ਕਰੀਬ ਸਵਾ ਲੱਖ ਕਿਊਬਾ ਦੇ ਨਾਗਰਿਕ ਅਮਰੀਕਾ ਦੇ ਫਲੋਰੀਡਾ ਪਹੁੰਚ ਚੁੱਕੇ ਸਨ।
- ਅਗਸਤ, 1990- ਬਰਲਿਨ ਦੀ ਦੀਵਾਰ ਡਿਗਣ ਅਤੇ ਸੋਵੀਅਤ ਸੰਘ ਦੇ ਟੁੱਟਣ ਮਗਰੋਂ ਕਿਊਬਾ ਵਿਚ ਅਨਾਜ ਦੀ ਕਮੀ ਪੈਦਾ ਹੋਈ, ਜਿਸ ਨਾਲ ਨਜਿੱਠਣ ਲਈ ਉਨ੍ਹਾਂ ਨੇ ਖ਼ਾਸ ਮੁਹਿੰਮ ਦੀ ਸ਼ੁਰੂਆਤ ਕੀਤੀ।
- ਅਗਸਤ, 1994 - ਕਾਸਤਰੋ ਨੇ ਇਕ ਵਾਰ ਫੇਰ ਐਲਾਨ ਕਰ ਦਿੱਤਾ ਕਿ ਦੇਸ਼ ਛੱਡ ਕੇ ਜਾਣ ਵਾਲਿਆਂ ਨੂੰ ਨਹੀਂ ਰੋਕਿਆ ਜਾਵੇਗਾ ਤੇ ਇਸ ਤਰ੍ਹਾਂ 40,000 ਲੋਕ ਅਮਰੀਕਾ ਚਲੇ ਗਏ।
- ਸਤੰਬਰ 2000- ਸੰਯੁਕਤ ਰਾਸ਼ਟਰ ਦੇ ਸ਼ਤਾਬਦੀ ਸ਼ਿਖ਼ਰ ਸੰਮੇਲਨ ਦੌਰਾਨ ਫੀਦਲ ਤੇ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨੇ ਹੱਥ ਮਿਲਾ ਕੇ ਇਕ-ਦੂਸਰੇ ਦਾ ਸਵਾਗਤ ਕੀਤਾ। ਇਸਤਰ੍ਹਾਂ ਸਾਲ 1960 ਮਗਰੋਂ ਫੀਦਲ ਨੇ ਪਹਿਲੀ ਵਾਰ ਕਿਸੇ ਅਮਰੀਕੀ ਰਾਸ਼ਟਰਪਤੀ ਨਾਲ ਹੱਥ ਮਿਲਾਇਆ।
- ਜੁਲਾਈ, 2006- ਫੀਦਲ ਦੀ ਸਿਹਤ ਨਿਯਮਤ ਤੌਰ 'ਤੇ ਖ਼ਰਾਬ ਰਹਿਣ ਕਾਰਨ ਉਨ੍ਹਾਂ ਦੇ ਛੋਟੇ ਭਰਾ ਰਾਊਲ ਕਾਸਤਰੋ ਨੇ ਸੱਤਾ ਦਾ ਕਾਰਜ ਭਾਰ ਲੈ ਲਿਆ।
- ਫਰਵਰੀ, 2008 - ਫੀਦਲ ਨੇ ਰਾਸ਼ਟਰਪਤੀ ਦਾ ਅਹੁਦਾ ਸਥਾਈ ਤੌਰ 'ਤੇ ਛੱਡ ਦਿੱਤਾ ਤੇ ਰਾਊਲ ਨੇ ਕਮਾਂਡ ਸੰਭਾਲ ਲਈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 - Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 - (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਡਾ. ਨਵਜੋਤ ਸਿੱਧੂ ਤੇ ਪਰਗਟ ਸਿੰਘ ਬਿਨਾਂ ਸ਼ਰਤ ਕਾਂਗਰਸ ਵਿੱਚ ਸ਼ਾਮਲ

**ਚੰਡੀਗੜ੍ਹ/ਦਿੱਲੀ /ਬਿਊਰੋ ਨਿਊਜ਼ :** ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਸਾਬਕਾ ਅਕਾਲੀ ਆਗੂ ਪਰਗਟ ਸਿੰਘ ਅਤੇ ਭਾਜਪਾ ਦੀ ਸਾਬਕਾ ਆਗੂ ਡਾ. ਨਵਜੋਤ ਕੌਰ ਸਿੱਧੂ ਸੀਨੀਅਰ ਕਾਂਗਰਸ ਆਗੂਆਂ ਦੀ ਹਾਜ਼ਰੀ ਵਿੱਚ ਬਿਨਾਂ ਸ਼ਰਤ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਡਾ. ਸਿੱਧੂ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਪਤੀ ਨਵਜੋਤ ਸਿੱਧੂ ਵੀ ਜਲਦੀ ਕਾਂਗਰਸ ਵਿੱਚ ਸ਼ਾਮਲ ਹੋ ਜਾਣਗੇ। ਕੈਪਟਨ ਅਮਰਿੰਦਰ ਸਿੰਘ ਨੇ ਦੋਵਾਂ ਆਗੂਆਂ ਨੂੰ ਗੁਲਦਸਤੇ ਭੇਟ ਕਰ ਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਦੀ ਇੰਚਾਰਜ ਆਸ਼ਾ ਕੁਮਾਰੀ, ਕਾਂਗਰਸ ਦੇ ਕੌਮੀ ਬੁਲਾਰੇ ਰਣਦੀਪ ਸੁਰਜੇਵਾਲਾ, ਹਰੀਸ਼ ਚੌਧਰੀ ਵੀ ਹਾਜ਼ਰ ਸਨ।



ਡਾ. ਨਵਜੋਤ ਸਿੱਧੂ ਤੇ ਪਰਗਟ ਸਿੰਘ ਨੂੰ ਕਾਂਗਰਸ 'ਚ ਸ਼ਾਮਲ ਕਰਨ ਮੌਕੇ ਕੈਪਟਨ

ਕੈਪਟਨ ਅਮਰਿੰਦਰ ਸਿੰਘ ਨੇ ਇਸ ਮੌਕੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਉੱਤੇ ਕਿਹਾ ਕਿ ਪੰਜਾਬ ਕੋਲ ਕਿਸੇ ਸੂਬੇ ਨੂੰ ਦੇਣ ਲਈ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਫ਼ਦ ਨੇ ਰਾਸ਼ਟਰਪਤੀ ਨਾਲ ਮੀਟਿੰਗ ਦੌਰਾਨ ਸਪਸ਼ਟ ਕੀਤਾ ਸੀ ਕਿ ਪਾਣੀ ਦੇਣ ਤੋਂ ਪਹਿਲਾਂ ਇਸ ਗੱਲ ਦਾ ਪਤਾ ਲਾਇਆ ਜਾਵੇ ਕਿ ਦਰਿਆਵਾਂ ਵਿੱਚ ਕਿੰਨਾ ਪਾਣੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੀ ਵੰਡ 60:40 ਅਨੁਸਾਰ ਹੋਈ ਹੈ ਤੇ ਪਾਣੀ ਦੀ ਵੰਡ ਵੀ ਇਸੇ ਅਨੁਪਾਤ ਅਨੁਸਾਰ ਹੋਣੀ ਚਾਹੀਦੀ ਹੈ। ਜੇ ਪਾਣੀ ਦੀ ਵੰਡ ਦੇ ਮਾਮਲੇ ਵਿੱਚ ਪੰਜਾਬ ਨਾਲ ਧੱਕਾ ਕੀਤਾ ਗਿਆ ਤਾਂ ਸੂਬੇ ਵਿੱਚ ਮੁੜ ਦਹਿਸ਼ਤਗਰਦੀ ਦੇ ਸਿਰ ਚੁੱਕਣ ਦਾ ਖ਼ਤਰਾ ਖੜ੍ਹਾ ਹੋ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਨਾਭਾ ਜੇਲ੍ਹ ਦੇ ਮੁੱਦੇ 'ਤੇ ਸੂਬੇ ਦੀ ਅਕਾਲੀ-ਭਾਜਪਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ।

ਅਕਾਲੀ ਆਗੂ ਜਸਪਾਲ ਵੜੈਚ, ਮਨਿੰਦਰ ਬਾਵਾ, ਅਸ਼ਵਿੰਦਰਪਾਲ ਸਿੰਘ, ਹਰਜਿੰਦਰ ਸਿੰਘ, ਸਰਬਦਿਆਲ ਸਿੰਘ, ਕੈਪਟਨ ਆਰ. ਪੀ.ਐਸ. ਕੰਗ, ਬਲਦੇਵ ਸਿੰਘ, ਰਾਜਨ ਚੋਪੜਾ, ਬੰਨੀ ਸੰਧੂ, ਸੰਦੀਪ ਸਿੰਘ ਕਾਂਗਰਸ ਵਿੱਚ ਸ਼ਾਮਲ ਹੋਏ।

ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਹ ਬਿਨਾਂ ਸ਼ਰਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਹਨ ਤੇ ਚੋਣ ਲੜਾਉਣ ਦਾ ਫ਼ੈਸਲਾ ਹੁਣ ਕਾਂਗਰਸ ਨੇ ਕਰਨਾ ਹੈ। ਉਨ੍ਹਾਂ ਨੇ ਆਪਣੇ ਪਤੀ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਬਾਰੇ ਕਿਹਾ ਕਿ ਉਹ ਵੀ ਜਲਦੀ ਕਾਂਗਰਸ ਵਿੱਚ ਸ਼ਾਮਲ ਹੋ ਜਾਣਗੇ। ਕੈਪਟਨ ਨੇ ਕਿਹਾ ਕਿ ਸ੍ਰੀ ਸਿੱਧੂ ਦੇ ਮੁੰਬਈ ਤੋਂ ਆਉਣ ਮਗਰੋਂ ਉਨ੍ਹਾਂ ਨਾਲ ਗੱਲਬਾਤ ਹੋਵੇਗੀ ਤੇ ਇਸ ਪਿਛੋਂ ਹੀ ਉਨ੍ਹਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਰਗਟ ਅਤੇ ਡਾ. ਸਿੱਧੂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਦੀ ਪ੍ਰਵਾਨਗੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਦਿੱਤੀ ਹੈ।

# ਬਾਦਲਾਂ ਤੇ ਖੱਟਰ ਨੇ ਕੀਤੀ ਰਾਸ਼ਟਰਪਤੀ ਨਾਲ ਮੁਲਾਕਾਤ : ਹਰਿਆਣਾ ਨੂੰ 35 ਤੇ ਪੰਜਾਬ ਨੂੰ ਦਿੱਤੇ 45 ਮਿੰਟ, ਜਵਾਬ ਕੋਈ ਨਹੀਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਤਲੁਜ ਯਮੁਨਾ ਲਿੰਕ ਨਹਿਰ ਮਾਮਲੇ ਵਿਚ ਸੁਪਰੀਮ ਕੋਰਟ ਦੀ ਰਾਏ ਲਾਗੂ ਕਰਵਾਉਣ ਲਈ ਹਰਿਆਣਾ ਦੇ ਮੁੱਖ ਮੰਤਰੀ ਆਪਣੇ ਵਫ਼ਦ ਨਾਲ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮਿਲੇ। ਦੂਸਰੇ ਪਾਸੇ ਪੰਜਾਬ ਦੇ ਵਫ਼ਦ ਨੇ ਵੀ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਇਸ ਰਾਏ ਨੂੰ ਨਾ ਮੰਨਣ ਦੀ ਅਪੀਲ ਕੀਤੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਪੰਜਾਬ ਨੇ ਨਦੀ ਜਲ ਸਮਝੌਤੇ ਰੱਦ ਕਰਨ ਸਬੰਧੀ 2004 ਵਿਚ ਜੋ ਐਕਟ ਪਾਸ ਕੀਤਾ ਸੀ, ਉਹ ਸਹੀ ਨਹੀਂ ਹੈ। ਮੁਖਰਜੀ ਨੇ ਪਹਿਲਾਂ ਹਰਿਆਣਾ ਨੂੰ ਸਮਾਂ ਦਿੱਤਾ, ਫਿਰ ਪੰਜਾਬ ਦੀ ਗੱਲ ਸੁਣੀ। ਐਸ.ਵਾਈ.ਐਲ. ਨੂੰ ਲੈ ਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮਿਲਣ ਗਏ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੀ ਕੈਬਨਿਟ ਨੇ ਕਿਹਾ ਕਿ ਰਾਸ਼ਟਰਪਤੀ ਸੁਪਰੀਮ ਕੋਰਟ ਦੀ ਰਾਏ ਮੰਨਣ ਲਈ ਪਾਬੰਦ ਨਹੀਂ ਹਨ। ਮੁੱਖ ਮੰਤਰੀ ਨੇ ਦਲੀਲ ਦਿੱਤੀ ਕਿ ਨਦੀ ਜਲ ਸਮਝੌਤਿਆਂ ਨੂੰ ਰੱਦ ਕਰਨ ਵਾਲੇ ਪੰਜਾਬ ਦੇ 2004 ਦੇ ਐਕਟ ਦੇ ਸਬੰਧ ਵਿਚ ਰਾਸ਼ਟਰਪਤੀ ਨੇ ਸੁਪਰੀਮ ਕੋਰਟ ਤੋਂ ਜਿਨ੍ਹਾਂ ਚਾਰ ਸਵਾਲਾਂ 'ਤੇ ਰਾਏ ਮੰਗੀ ਗਈ ਸੀ, ਉਨ੍ਹਾਂ ਵਿਚੋਂ ਇਕ



ਨੂੰ ਛੱਡ ਕੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ਹੈ। ਜਿਸ ਦਾ ਜਵਾਬ ਦਿੱਤਾ ਹੈ, ਉਹ ਕੇਰਲ ਬਨਾਮ ਤਾਮਿਲਨਾਡੂ ਕੇਸ ਦੇ ਹਵਾਲੇ ਨਾਲ ਹੈ, ਜੋ ਪੂਰੀ ਤਰ੍ਹਾਂ ਵੱਖਰਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੀ ਰਾਏ ਨੂੰ ਬੇਸ਼ੱਕ ਸਤਕਾਰ ਦਿੱਤਾ ਜਾਂਦਾ ਹੈ ਪਰ ਇਸ ਨੂੰ ਮੰਨਣ ਦੀ ਪਾਬੰਦੀ ਨਹੀਂ ਹੈ। ਇਸੇ ਨਹਿਰ ਕਾਰਨ ਪੰਜਾਬ 15 ਸਾਲ ਤਕ ਅੱਤਵਾਦ ਦੀ ਅੱਗ ਵਿਚ ਬਲਦਾ ਰਿਹਾ ਹੈ। ਹਜ਼ਾਰਾਂ ਲੋਕ ਮਾਰੇ ਗਏ। ਤੁਸੀਂ ਇਨ੍ਹਾਂ ਤੱਥਾਂ ਨੂੰ ਧਿਆਨ ਵਿਚ ਰੱਖੋ। ਤੁਸੀਂ ਸੰਵਿਧਾਨ ਦੇ ਰਖਵਾਲੇ ਹੋ। ਪੰਜਾਬ ਦੀਆਂ ਨਦੀਆਂ ਦੇ ਪਾਣੀ ਦਾ ਬਟਵਾਰਾ ਸੰਵਿਧਾਨ ਅਨੁਸਾਰ ਨਹੀਂ ਹੋਇਆ। ਇਸ ਵਿਚ ਦੁਨੀਆ ਭਰ ਵਿਚ ਮਨਜ਼ੂਰਸ਼ੁਦਾ ਰਿਪੇਰੀਅਨ ਕਾਨੂੰਨ ਦੀ ਅਣਦੇਖੀ ਕਰਕੇ ਰਾਜਸਥਾਨ ਤੇ ਹਰਿਆਣਾ ਵਰਗੇ ਨਾਨ ਰਿਪੇਰੀਅਨ ਸੂਬਿਆਂ ਨੂੰ ਪਾਣੀ ਵੰਡ ਦਿੱਤਾ ਹੈ। ਭਾਰਤ-ਪਾਕਿਸਤਾਨ ਵਿਚਾਲੇ ਹੋਈ ਭਾਰਤੀ ਜਲ ਸੰਧੀ ਵਿਚ ਤਿੰਨ ਨਦੀਆਂ ਹਿੰਦੁਸਤਾਨ ਨੂੰ ਮਿਲੀਆਂ ਹਨ। ਰਾਵੀ, ਪੰਜਾਬ, ਹਿਮਾਚਲ ਤੇ ਜੰਮੂ ਦੇ ਨਾਲ ਅੰਤਰਰਾਜੀ ਹਨ ਜਦਕਿ ਸਤਲੁਜ ਤੇ ਬਿਆਸ ਹਿਮਾਚਲ ਤੇ ਪੰਜਾਬ ਵਿਚ ਵਹਿੰਦੀਆਂ ਹਨ ਪਰ ਇਸ ਦਾ ਪਾਣੀ ਮੈਰਿਟ ਦੇ **ਬਾਕੀ ਸਫ਼ਾ 14 'ਤੇ**


CIS

CALIFORNIA IMMIGRATION SERVICES

(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !

Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533



Allstate
You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਪੰਜਾਬ ਦਾ ਚੋਣ ਯੁੱਧ

## ਸੱਤਾਧਾਰੀ ਅਕਾਲੀਆਂ ਦੀ ਫੌਜ ਦੇ ਜਰਨੈਲ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੀਆਂ ਸਰਗਰਮੀਆਂ ਭਖੀਆਂ ਹੋਈਆਂ ਹਨ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੀਸਰੀ ਵਾਰ ਸੱਤਾ 'ਤੇ ਕਾਬਜ਼ ਹੋਣ ਲਈ ਅਹੁੜ-ਪਹੁੜ ਕਰ ਰਿਹਾ ਹੈ ਤੇ ਇਸ ਸਬੰਧੀ ਉਸ ਨੇ ਪੂਰੀ ਤਰ੍ਹਾਂ ਕਮਰ-ਕੱਸੇ ਕਰ ਲਏ ਹਨ। ਇਸ ਸਬੰਧ ਵਿਚ ਪੇਸ਼ ਹੈ ਫੌਜ ਦੇ ਕਮਾਂਡਰ ਇਨ ਚੀਫ਼ ਸੁਖਬੀਰ ਸਿੰਘ ਬਾਦਲ ਦੇ ਜਰਨੈਲਾਂ ਬਾਰੇ ਸੰਖੇਪ ਜਾਣਕਾਰੀ।



### ਵਿਹਾਰਕ ਭਾਈਵਾਲ

**ਹਰਸਿਮਰਤ ਕੌਰ ਬਾਦਲ, (ਉਮਰ 48 ਸਾਲ)**



ਸੁਖਬੀਰ ਸਿੰਘ ਬਾਦਲ ਦੀ ਪਤਨੀ, ਜਿਨ੍ਹਾਂ ਨਾਲ ਉਹ ਆਪਣੀਆਂ ਭੇਤ ਦੀਆਂ ਗੱਲਾਂ ਸਭ ਤੋਂ ਜ਼ਿਆਦਾ ਸਾਂਝਾ ਕਰਦੇ ਹਨ। ਸੱਤਾ ਦੇ ਮੰਤਰ-ਮੁਗਧ ਦਾਇਰਿਆਂ ਦੀ ਸੂਝ-ਬੂਝ ਰੱਖਣ ਵਾਲੀ ਅਤੇ ਪੇਂਡੂ ਸਭਿਆਚਾਰ ਵਿਚ ਨਮਰਤਾ ਪੂਰਵਕ ਪਕੜ ਰੱਖਣ ਵਾਲੀ। ਤਿੰਨ ਬੱਚਿਆਂ ਦੀ ਮਾਂ ਅਤੇ ਕੇਂਦਰੀ ਮੰਤਰੀ ਹੋਣ ਦੇ ਨਾਤੇ ਸ਼੍ਰੋਮਣੀ ਅਕਾਲੀ ਅਤੇ ਕਦੇ-ਕਦਾਈਂ ਖਟਕਣ ਵਾਲੇ ਭਾਈਵਾਲ ਭਾਰਤੀ ਜਨਤਾ ਪਾਰਟੀ ਵਿਚਾਲੇ ਮਹੱਤਵਪੂਰਨ ਕੜੀ ਹੈ। ਉਹ ਜ਼ਮੀਨੀ ਪੱਧਰ ਦੀ ਸਿਆਸਤ ਅਤੇ ਚੋਣਾਂ ਤੋਂ ਪਹਿਲਾਂ ਲਏ ਜਾਣ ਵਾਲੇ ਸਾਰੇ ਰਣਨੀਤਕ ਫ਼ੈਸਲਿਆਂ ਅਤੇ ਵਿਕਾਸ ਤਰਜੀਹਾਂ, ਖ਼ਾਸ ਤੌਰ 'ਤੇ ਬਾਦਲ ਪਰਿਵਾਰ ਵਲੋਂ ਤਿਆਰ ਕੀਤੀ ਸਿਆਸੀ ਜ਼ਮੀਨ ਪ੍ਰਤੀ ਡੂੰਘੇ ਤਜੁਰਬਾਤ ਦਾ ਸੁਮੇਲ ਹੈ।

### ਠਰੰਮ੍ਹੇ ਨਾਲ ਚੱਲਣ ਵਾਲਾ

**ਅਜੇ ਮਹਾਜਨ, (ਉਮਰ 56 ਸਾਲ)**



ਸੁਖਬੀਰ ਦਾ ਵਧੀਕ ਮੁੱਖ ਸਕੱਤਰ, ਨੀਤੀਆਂ ਘੜਨ ਵਾਲੇ ਗਰੁੱਪ ਦਾ ਅਹਿਮ ਮੈਂਬਰ। ਉਦਯੋਗਿਕ ਵਿਭਾਗ ਦਾ ਕਿਸੇ ਵੇਲੇ ਉੱਚ ਅਧਿਕਾਰੀ ਹੋਣ ਨਾਤੇ ਜੱਟ-ਬਾਣੀਆ ਵਿਚਾਲੇ ਸੰਤੁਲਨ ਬਿਠਾ ਕੇ ਰੱਖਣ ਦੀ ਮਾਸਟਰੀ ਹੈ। ਵਪਾਰਕ ਘਰਾਣਿਆਂ ਅਤੇ ਅਮੀਰਾਂ ਨਾਲ ਵਿਚੋਲਗੀ ਦੀ ਚੰਗੀ ਸਾਂਝ। ਵੱਖ ਵੱਖ ਵਿਭਾਗਾਂ ਤੋਂ ਸੁਖਬੀਰ ਲਈ ਅਹਿਮ ਜਾਣਕਾਰੀਆਂ ਇਕੱਤਰ ਕਰਦਾ ਹੈ।

### ਭਰਾਵਾਂ ਨਾਲੋਂ ਵੱਧ

**ਬਿਕਰਮ ਸਿੰਘ ਮਜੀਠੀਆ, (ਉਮਰ 41 ਸਾਲ)**



ਸੁਖਬੀਰ ਦਾ ਤਾਕਤਵਾਰ ਸਾਲਾ, ਪਰ ਭਰਾਵਾਂ ਨਾਲੋਂ ਵੀ ਵੱਧ। ਪਾਰਟੀ ਅਤੇ ਸਰਕਾਰ ਵਲੋਂ ਲਏ ਜਾਣ ਵਾਲੇ ਅਹਿਮ ਫ਼ੈਸਲਿਆਂ ਅਤੇ ਉਨ੍ਹਾਂ ਨੂੰ ਲਾਗ ਕਰਵਾਉਣ ਵਿਚ ਸੁਖਬੀਰ ਦਾ ਪਹਿਲਾ ਅਤੇ ਸਭ ਤੋਂ ਭਰੋਸੇਮੰਦ ਸਾਥੀ। ਪ੍ਰਬੰਧਕੀ ਕੰਮਾਂ ਨੂੰ ਮੁਹਾਰਤ ਨਾਲ ਨਬੇੜਨ ਵਜੋਂ ਜਾਣਿਆ ਜਾਂਦਾ ਹੈ। ਅਕਾਲੀ ਦਲ ਦੇ ਯੂਥ ਵਿੰਗ ਨੂੰ ਬਾਖ਼ੂਬੀ ਕਮਾਂਡ ਕਰ ਰਿਹਾ ਹੈ। ਉਹ ਮੀਡੀਆ ਪ੍ਰਬੰਧਨ ਅਤੇ ਸਿਆਸੀ ਕਾਰੋਬਾਰ ਵਿਚ ਬੇਹੱਦ ਮੁਹਾਰਤ ਰੱਖਦਾ ਹੈ।

### ਸਪਿਨ ਮਾਸਟਰ

**ਹਰਚਰਨ ਸਿੰਘ ਬੈਂਸ, (ਉਮਰ 66 ਸਾਲ)**



ਬਾਦਲਾਂ ਦਾ ਖ਼ਾਸ-ਮ-ਖ਼ਾਸ, ਖ਼ਾਸ ਤੌਰ 'ਤੇ ਸੀਨੀਅਰ ਬਾਦਲ ਦਾ ਵਧੇਰੇ ਭਰੋਸੇਮੰਦ ਸਿਪਾਹੀ। ਸਾਬਕਾ ਅੰਗਰੇਜ਼ੀ ਪ੍ਰੋਫੈਸਰ ਹੋਣ ਦੇ ਨਾਲ ਨਾਲ ਸਿੱਖ ਮਾਮਲਿਆਂ ਅਤੇ ਇਤਿਹਾਸਕ ਤੱਥਾਂ ਬਾਰੇ ਤੁਰਦਾ-ਫਿਰਦਾ ਐਨਸਾਈਕਲੋਪੀਡੀਆ ਹੈ। ਵਿਚਾਰਾਂ ਅਤੇ ਨਿਮਰਤਾ ਨਾਲ ਭਰਪੂਰ। ਉਹ ਰਣਨੀਤੀ ਘੜਨ ਵਿਚ ਬੌਧਿਕ ਸ਼ਕਤੀ ਦਾ ਇਸਤੇਮਾਲ ਕਰਦਾ ਹੈ। ਸੋਸ਼ਲ ਮੀਡੀਆ ਅਤੇ ਸੈਲਫ਼ ਪਰਮੋਸ਼ਨ ਉਸ ਦੀ ਕਮਜ਼ੋਰੀ ਹੈ। ਆਪਣੀ ਲੰਬੀ ਗ਼ੈਰ-ਹਾਜ਼ਰੀ ਲਈ ਮਸ਼ਹੂਰ ਹੈ ਜੋ ਬਾਦਲਾਂ ਨੂੰ ਵੀ ਹੈਰਾਨ ਕਰਦਾ ਹੈ।

### ਅਨੁਭਵੀ ਮੈਨੇਜਰ

**ਮਨਜਿੰਦਰ ਸਿੰਘ ਸਿਰਸਾ, (ਉਮਰ 43 ਸਾਲ)**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਜੋ ਸ਼ਿਖ਼ਰਲੇ ਯੋਜਨਾ ਘਾੜਿਆਂ ਅਤੇ ਪ੍ਰਬੰਧਕੀ ਟੀਮ ਵਿਚਾਲੇ ਅਹਿਮ ਕੜੀ ਹੈ। ਰਾਜ ਮੰਤਰੀ ਦਾ ਦਰਜਾ ਹਾਸਲ ਹੈ ਤੇ ਬਾਦਲ ਕਬੀਲੇ ਦਾ ਵਿਸ਼ਵਾਸਪਾਤਰ। ਉਹ ਪਾਰਟੀ ਦੀਆਂ ਖ਼ਰਚੀਲੀਆਂ ਇਸ਼ਤਿਹਾਰੀ ਮੁਹਿੰਮਾਂ ਦੀ ਦੇਖ-ਰੇਖ ਕਰਦਾ ਹੈ, ਸਮਾਨਅੰਤਰ ਪ੍ਰਿੰਟ ਮੀਡੀਆ ਸੈੱਲ ਸੰਚਾਲਤ ਕਰਦਾ ਹੈ ਅਤੇ ਦੂਜਿਆਂ 'ਤੇ ਹਮਲੇ ਕਰਕੇ ਆਨੰਦ ਮਾਣਦਾ ਹੈ।

### ਮੁੱਖ ਰਣਨੀਤੀਕਾਰ

**ਸੁਖਬੀਰ ਸਿੰਘ ਬਾਦਲ, (ਉਮਰ 54 ਸਾਲ)**

ਲਗਾਤਾਰ ਦੋ ਵਾਰ ਸੱਤਾ ਵਿਚ ਰਹਿਣ ਮਗਰੋਂ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੀ ਰਣਨੀਤੀ ਘੜਨ ਵਿਚ ਰੁਝੇ ਹੋਏ ਹਨ। ਉਨ੍ਹਾਂ ਨੂੰ ਇਸ ਵਕਤ ਪੂਰਾ ਆਤਮ ਵਿਸ਼ਵਾਸ ਹੈ ਕਿ ਇਸ ਵਾਰ ਉਹ ਹੈਟਰਿਕ ਲਾਉਣਗੇ। ਮੁੜ ਉਭਰ ਰਹੀ ਕਾਂਗਰਸ ਅਤੇ ਦ੍ਰਿੜ ਆਮ ਆਦਮੀ ਪਾਰਟੀ ਦੀਆਂ ਬੇਸ਼ੁਮਾਰ ਚੁਣੌਤੀਆਂ ਅੱਗੇ ਆਪਣੀ ਪ੍ਰੀਖਿਆ ਦੇਣ ਲਈ ਤਿਆਰ-ਬਰ-ਤਿਆਰ ਹਨ ਕਿਉਂਕਿ ਉਹ ਬੁੱਧੀਮਾਨ ਚੋਣ ਮੈਨੇਜਰ ਹਨ ਜਿਨ੍ਹਾਂ ਕੋਲ ਆਪਣੇ ਵਿਰੋਧੀਆਂ ਨਾਲੋਂ ਜ਼ਿਆਦਾ ਵਧੇਰੇ ਸਰੋਤ ਹਨ। ਚੋਣ ਮਸ਼ੀਨਰੀ ਨੂੰ ਸਹੀ ਢੰਗ ਨਾਲ ਚਲਾਉਣ ਲਈ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਅਤੇ ਵਫ਼ਾਦਾਰ ਲੋਕਾਂ ਦੀ ਟੀਮ ਹੈ।

### ਕੌਮੀ ਨੈੱਟਵਰਕਰ

**ਨਰੇਸ਼ ਗੁਜਰਾਲ, (ਉਮਰ 68 ਸਾਲ)**



ਰਾਜ ਸਭਾ ਮੈਂਬਰ, ਦਿੱਲੀ ਵਿਚ ਸੰਸਦ ਅਤੇ ਕੌਮੀ ਮੀਡੀਆ ਵਿਚ ਅਕਾਲੀ ਦਲ ਦੀ ਆਵਾਜ਼। ਆਪਣੇ ਠੰਢੇ ਸੁਭਾਅ ਅਤੇ ਬੌਧਿਕਤਾ ਲਈ ਜਾਣਿਆ ਜਾਂਦਾ ਹੈ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨਾਲ ਸੰਪਰਕ ਅਤੇ ਅਕਾਲੀਆਂ ਦੇ ਉਚ ਰਣਨੀਤਕ ਸੈਸ਼ਨਾਂ ਲਈ ਅਹਿਮ ਸਰੋਤ ਜੁਟਾਉਂਦਾ ਹੈ।

### ਪੰਥਕ ਮੋਹਰਾ

**ਦਲਜੀਤ ਸਿੰਘ ਚੀਮਾ, ਉਮਰ 54 ਸਾਲ**



ਕੈਬਨਿਟ ਮੰਤਰੀ ਅਤੇ ਉਤਸ਼ਾਹੀ ਵਫ਼ਾਦਾਰ, ਡਾਕਟਰ ਤੋਂ ਸਿਆਸਤਦਾਨ ਬਣੇ ਦਲਜੀਤ ਸਿੰਘ ਚੀਮਾ ਬਾਦਲਾਂ ਅਤੇ ਪਾਰਟੀ ਦੀ ਹਰ ਮੁਸ਼ਕਲ ਦਾ ਸੰਕਟਮੋਚਨ। ਮਿਲਣਸਾਰ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਵਿਚਾਲੇ ਅਹਿਮ ਕੜੀ ਹਨ। ਪੰਥਕ ਹਲਕਿਆਂ ਵਿਚ ਮਸਲੇ ਸੁਲਝਾਉਣ ਵਿਚ ਅਹਿਮ ਰੋਲ ਅਦਾ ਕਰਦੇ ਹਨ।

### ਟੈਲੀਪਰਮੋਟਰ

**ਰਬਿੰਦਰ ਨਾਰਾਇਣ, ਉਮਰ 51 ਸਾਲ**



ਬਾਦਲਾਂ ਦੀ ਮਾਲਕੀ ਵਾਲੇ ਪੀ.ਟੀ.ਸੀ. ਨੈੱਟਵਰਕ ਦਾ ਚੋਟੀ ਦਾ ਮੁਖੀ, ਅਕਾਲੀਆਂ ਦੀ ਇਲੈਕਟ੍ਰੋਨਿਕ ਮੀਡੀਆ ਰਣਨੀਤੀ ਸੰਚਾਲਤ ਕਰਦਾ ਹੈ ਅਤੇ ਆਪਣੇ ਵਿਰੋਧੀ ਚੈਨਲਾਂ ਵਲੋਂ ਕੀਤੇ ਜਾਂਦੇ ਪ੍ਰਚਾਰ 'ਤੇ ਬਾਜ਼ ਅੱਖ ਰੱਖਦਾ ਹੈ। ਕਿਉਂਕਿ ਉਹ ਸੁਖਬੀਰ ਦਾ ਭਰੋਸੇਮੰਦ ਹੈ, ਇਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਦੇ ਪ੍ਰਚਾਰ ਲਈ ਲਾਈਵ ਟੈਲੀਕਾਸਟ, ਛਾਣ ਕੇ ਕੱਢੀਆਂ ਖ਼ਬਰਾਂ ਅਤੇ ਸਟੂਡੀਓ ਬਹਿਸਾਂ ਵੱਲ ਖ਼ਾਸ ਧਿਆਨ ਕੇਂਦਰ ਕਰਦਾ ਹੈ।

**ਸਹਾਇਕ ਸੰਪਾਦਕ ਚਿਤਲੀਨ ਕੇ. ਸੇਠੀ 'ਹਿੰਦੁਸਤਾਨ ਟਾਈਮਜ਼'**

# ਅਕਾਲੀ ਦਲ ਦੇ ਨੌਂ ਹੋਰ ਉਮੀਦਵਾਰਾਂ ਦੀ ਸੂਚੀ ਗੁਰੂ, ਨਕਈ ਤੇ ਜੋਸ਼ ਨੂੰ ਵੀ ਮਿਲੀ ਥਾਂ

**ਚੰਡੀਗੜ੍ਹ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਦੂਜੀ ਸੂਚੀ ਜਾਰੀ ਕਰਦਿਆਂ 9 ਹੋਰ ਉਮੀਦਵਾਰਾਂ ਦੇ ਨਾਮ ਐਲਾਨ ਦਿੱਤੇ ਹਨ। ਇਸ ਸੂਚੀ ਵਿੱਚ ਪਾਰਟੀ ਨੇ ਕਈ ਉਮੀਦਵਾਰਾਂ ਦੇ ਹਲਕਿਆਂ ਵਿੱਚ ਤਬਦੀਲੀ ਕੀਤੀ ਹੈ ਤੇ ਕਈਆਂ ਦੀ ਛੁੱਟੀ ਕਰ ਦਿੱਤੀ ਹੈ। ਹਾਕਮ ਪਾਰਟੀ ਵੱਲੋਂ 69 ਉਮੀਦਵਾਰਾਂ ਦੀ ਸੂਚੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ 78 ਉਮੀਦਵਾਰ ਐਲਾਨੇ ਜਾ ਚੁੱਕੇ ਹਨ ਅਤੇ 16 ਹਲਕਿਆਂ ਤੋਂ ਉਮੀਦਵਾਰ ਐਲਾਨਣੇ ਹੀ ਬਾਕੀ ਰਹਿ ਗਏ ਹਨ। ਪਾਰਟੀ ਵੱਲੋਂ ਜਾਰੀ ਕੀਤੀ ਗਈ ਸੂਚੀ ਮੁਤਾਬਕ ਨੌਕਰਸ਼ਾਹ ਤੋਂ ਸਰਗਰਮ ਸਿਆਸਤ ਵਿੱਚ ਆਏ ਸੇਵਾਮੁਕਤ ਆਈਏਐਸ ਅਧਿਕਾਰੀ ਦਰਬਾਰਾ ਸਿੰਘ ਗੁਰੂ ਇਸ ਵਾਰ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚਲੇ ਬਸੀ ਪਠਾਣਾਂ (ਰਾਖਵੇਂ) ਹਲਕੇ ਤੋਂ ਕਿਸਮਤ ਅਜ਼ਮਾਉਣਗੇ। ਪੰਜ ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਬਰਨਾਲਾ ਜ਼ਿਲ੍ਹੇ ਵਿਚਲੇ ਹਲਕੇ ਭਦੌੜ (ਰਾਖਵੇਂ) ਤੋਂ ਚੋਣ ਲੜਾਈ ਸੀ ਪਰ ਉਹ ਮਸ਼ਹੂਰ ਗਾਇਕ ਤੇ ਕਾਂਗਰਸ ਉਮੀਦਵਾਰ ਮੁਹੰਮਦ ਸਦੀਕ ਪਾਸੋਂ ਹਾਰ ਗਏ ਸਨ। ਬਠਿੰਡਾ ਜ਼ਿਲ੍ਹੇ ਦੇ ਅਕਾਲੀ ਆਗੂ ਜਗਦੀਪ ਸਿੰਘ ਨਕਈ ਦੀ ਸਰਗਰਮ ਰਾਜਨੀਤੀ ਵਿੱਚ ਵਾਪਸੀ ਹੋ ਗਈ ਹੈ। ਸਾਲ 2012 ਦੀਆਂ ਚੋਣਾਂ ਦੌਰਾਨ ਉਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ ਸੀ ਪਰ ਇਸ ਵਾਰ ਉਨ੍ਹਾਂ ਨੂੰ ਮਾਨਸਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਸ ਤਰ੍ਹਾਂ ਮਾਨਸਾ ਦੇ ਮੌਜੂਦਾ ਵਿਧਾਇਕ ਪ੍ਰੇਮ ਮਿੱਤਲ ਦਾ ਪੱਤਾ ਸਾਫ਼ ਹੋ ਗਿਆ ਜਾਪਦਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਮਾਲੇਰਕੋਟਲਾ, ਬੁਢਲਾਡਾ, ਮਾਨਸਾ, ਜੈਤੋਂ, ਸੁਨਾਮ ਅਤੇ ਦਿੜ੍ਹਬਾ ਹਲਕਿਆਂ ਤੋਂ ਨਵੇਂ ਚਿਹਰੇ ਮੈਦਾਨ ਵਿਚ ਲਿਆਂਦੇ ਹਨ। ਮਾਲੇਰਕੋਟਲਾ ਤੋਂ ਮੁਹੰਮਦ ਉਵੈਸ ਨੂੰ ਉਮੀਦਵਾਰ ਬਣਾਇਆ ਹੈ। ਇਸ ਹਲਕੇ ਦੀ ਵਿਧਾਇਕ ਐਫ. ਨਿਸਾਰਾ ਖਾਤੂਨ ਨੇ ਕੁਝ ਦਿਨ ਪਹਿਲਾਂ ਹੀ ਰਾਜਨੀਤੀ ਤੋਂ ਕਿਨਾਰਾ ਕਰਨ ਦਾ ਐਲਾਨ ਕਰ ਦਿੱਤਾ ਸੀ। ਹਲਕਿਆਂ ਦਾ ਕਹਿਣਾ ਹੈ ਕਿ ਪਾਰਟੀ ਨੇ ਬੇਗਮ ਖਾਤੂਨ, ਜੋ ਸਾਬਕਾ ਡੀਜੀਪੀ ਇਜ਼ਹਾਰ ਆਲਮ ਦੀ ਪਤਨੀ ਹੈ, ਨੂੰ ਪਹਿਲਾਂ ਹੀ ਲਾਂਭੇ ਕਰਨ ਦਾ ਇਸ਼ਾਰਾ ਕਰ ਦਿੱਤਾ ਸੀ। ਗੁਰਦੇਵ ਸਿੰਘ ਬਾਦਲ ਦੇ ਪੁੱਤਰ ਸੂਬਾ ਸਿੰਘ ਬਾਦਲ ਨੂੰ ਜੈਤੋਂ (ਰਾਖਵੇਂ) ਹਲਕੇ ਤੋਂ ਮੈਦਾਨ ਵਿੱਚ ਉਤਾਰਿਆ ਗਿਆ ਹੈ। ਪਾਰਟੀ ਤੋਂ ਅਸਤੀਫ਼ਾ ਦੇ ਚੁੱਕੇ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਦੀ ਥਾਂ

ਬਾਕੀ ਸਫ਼ਾ 33 'ਤੇ

# ਮੱਕੜ ਨੂੰ ਜਿਤਾ ਦਿਓ, ਮੈਂ ਤੁਹਾਨੂੰ ਨਵੇਂ ਨੋਟਾਂ ਵਾਲੇ ਦੋ ਚਾਰ ਟਰੱਕ ਭੇਜਾਂਗਾ : ਸੁਖਬੀਰ ਬਾਦਲ

## ਖਾਲੀ ਕੁਰਸੀਆਂ ਭਰਨ ਲਈ ਮੌਕੇ 'ਤੇ ਸਕੂਲ ਦੇ ਬੱਚਿਆਂ ਨੂੰ ਸੱਦਿਆ, ਹਾਲ ਫੇਰ ਵੀ ਖ਼ਾਲੀ

**ਜਲੰਧਰ/ਬਿਊਰੋ ਨਿਊਜ਼ :** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਜਲੰਧਰ ਛਾਉਣੀ ਤੋਂ ਪਾਰਟੀ ਦੇ ਉਮੀਦਵਾਰ ਸਰਬਜੀਤ ਮੱਕੜ ਲਈ ਵੋਟਾਂ ਮੰਗਦਿਆਂ ਆਖਿਆ, 'ਤੁਸੀਂ ਇੱਕ ਵਾਰ ਸਰਬਜੀਤ ਮੱਕੜ ਨੂੰ ਜਿਤਾ ਦਿਓ ਮੈਂ ਤੁਹਾਨੂੰ ਦੋ-ਚਾਰ ਟਰੱਕ ਨੋਟਾਂ ਦੇ ਭਰ ਕੇ ਵਿਕਾਸ ਕੰਮਾਂ ਲਈ ਭੇਜਾਂਗਾ। ਨੋਟ ਵੀ ਨਵੇਂ ਦੋ-ਦੋ ਹਜ਼ਾਰ ਵਾਲੇ ਹੋਣਗੇ, ਪੁਰਾਣੇ ਨੋਟ ਨਹੀਂ ਭੇਜਾਂਗੇ।' ਉਹ ਇਥੇ ਸੋਫੀ ਪਿੰਡ ਵਿਚ ਆਈ.ਟੀ.ਆਈ. ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਹ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਦਾ ਜੱਦੀ ਪਿੰਡ ਹੈ। ਸਮਾਗਮ ਵਾਲੀ ਥਾਂ ਕੁਰਸੀਆਂ ਭਰਨ ਲਈ ਨੇੜਲੇ ਸੀਨੀਅਰ ਸੈਕੰਡਰੀ ਸਕੂਲ ਦੇ ਸੱਤਵੀਂ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸੱਦਿਆ ਗਿਆ ਸੀ, ਇਸ ਦੇ ਬਾਵਜੂਦ ਪੰਡਾਲ ਨਹੀਂ ਭਰ ਸਕਿਆ। ਉਧਰ ਜਲੰਧਰ ਛਾਉਣੀ ਹਲਕੇ ਤੋਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਸਮਾਗਮ ਦਾ ਬਾਈਕਾਟ ਕੀਤਾ ਹੋਇਆ ਸੀ। ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਚੰਨੀ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਏਪੁਰ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਸਮੇਤ ਬਹੁਤ ਸਾਰੇ ਆਗੂ ਹਾਜ਼ਰ ਨਹੀਂ ਹੋਏ ਤੇ ਨਾ ਹੀ ਹਲਕੇ ਦੇ ਲੋਕਾਂ ਨੇ ਹਾਜ਼ਰੀ ਭਰੀ। ਇਹ ਸਮਾਗਮ ਸ਼੍ਰੋਮਣੀ ਅਕਾਲੀ ਦਲ ਵੱਲੋਂ 69 ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਤੋਂ ਬਾਅਦ ਪਾਰਟੀ ਦੇ ਉਮੀਦਵਾਰ ਸਰਬਜੀਤ ਮੱਕੜ ਵੱਲੋਂ ਪਹਿਲੀ ਵਾਰ ਕੀਤਾ ਗਿਆ ਸੀ। ਸਮਾਗਮ ਲਈ ਲੋਕਾਂ ਨੂੰ ਆਦਮਪੁਰ, ਭੋਗਪੁਰ ਅਤੇ ਜਲੰਧਰ



ਸ਼ਹਿਰ ਦੇ ਲਾਜਪਤ ਨਗਰ ਤੋਂ ਸੱਦਿਆ ਗਿਆ ਸੀ। ਇਸ ਤੋਂ ਇਲਾਵਾ ਆਈ.ਟੀ.ਆਈ. ਦੇ ਵਿਦਿਆਰਥੀਆਂ ਨੂੰ ਵੀ ਬੁਲਾਇਆ ਗਿਆ ਸੀ। ਵਿਧਾਇਕ ਪਰਗਟ ਸਿੰਘ ਅਤੇ ਡਾ. ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸ ਵਿਚ ਜਾਣ ਦਾ ਫ਼ੈਸਲਾ ਲੈਣ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦੇ ਪੱਲੇ ਹੁਣ ਕੁਝ ਨਹੀਂ ਰਹਿ ਗਿਆ ਤੇ ਇਹ ਤਰਲੇ ਕਰ ਕੇ ਕਾਂਗਰਸ ਵਿੱਚ ਗਏ ਹਨ। ਸਰਵਣ ਸਿੰਘ ਫਿਲੌਰ ਤੇ ਅਵਿਨਾਸ਼ ਚੰਦਰ ਦੀ ਟਿਕਟ ਕੱਟੇ ਜਾਣ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਕਾਰਗੁਜ਼ਾਰੀ ਦੇਖ ਕੇ ਹੀ ਟਿਕਟਾਂ ਕੱਟੀਆਂ ਗਈਆਂ ਹਨ। ਜਦੋਂ ਮੀਡੀਆ ਵੱਲੋਂ ਉਨ੍ਹਾਂ ਇਹ ਪੁੱਛਿਆ ਗਿਆ ਕਿ ਕੀ ਈਡੀ ਵੱਲੋਂ ਤਲਬ ਕੀਤੇ ਜਾਣ ਕਾਰਨ ਇਨ੍ਹਾਂ ਆਗੂਆਂ ਨੂੰ ਟਿਕਟਾਂ ਨਹੀਂ ਦਿੱਤੀਆਂ ਗਈਆਂ? ਤਾਂ ਸ੍ਰੀ ਬਾਦਲ ਨੇ ਕਿਹਾ ਕਿ ਇਹ ਮਾਮਲਾ ਜਾਂਚ ਅਧੀਨ ਹੈ। ਇਸ ਲਈ ਉਹ ਕੋਈ ਟਿੱਪਣੀ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਇੰਨਾ ਮਾੜਾ ਹਾਲ ਹੈ ਕਿ ਜਿਹੜੇ ਆਗੂ ਸ਼੍ਰੋਮਣੀ ਅਕਾਲੀ ਦਲ ਨੇ ਰੱਦ ਕਰ ਦਿੱਤੇ, ਕਾਂਗਰਸ ਉਨ੍ਹਾਂ ਨੂੰ ਅਪਨਾ ਰਹੀ ਹੈ। ਜਲਾਲਾਬਾਦ ਤੋਂ ਆਮ ਆਦਮੀ ਪਾਰਟੀ ਵੱਲੋਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਉਮੀਦਵਾਰ ਬਣਾਏ ਜਾਣ 'ਤੇ ਟਿੱਪਣੀ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਹ ਚੋਣ ਲੜਨ ਲਈ ਸ੍ਰੀ ਮਾਨ ਦਾ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੂੰ ਤਾਂ ਹਲਕੇ ਦੇ ਪਿੰਡਾਂ ਦੇ ਨਾਮ ਤੱਕ ਨਹੀਂ ਪਤਾ। ਸ੍ਰੀ ਬਾਦਲ ਨੇ ਆਖਿਆ ਕਿ ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਜਾਣ ਦੀ ਲੋੜ ਵੀ ਨਹੀਂ ਪਵੇਗੀ, ਉਹ ਸਿਰਫ਼ ਇਕ ਜਾਂ ਦੋ ਦਿਨ ਲਈ ਹੀ ਜਾਣਗੇ ਤੇ ਬਾਕੀ ਸਮਾਂ ਦੂਜੇ ਹਲਕਿਆਂ ਨੂੰ ਦੇਣਗੇ।

### ਖਾਲੀ ਕੁਰਸੀਆਂ ਦੇਖ ਸੁਖਬੀਰ ਹੋਏ ਪ੍ਰੇਸ਼ਾਨ

ਪੰਜਾਬ ਵਿਧਾਨ ਸਭਾ 2017 ਦੀਆਂ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸਰਬਜੀਤ ਮੱਕੜ ਦੇ ਹੋ ਰਹੇ ਤਿੱਖੇ ਵਿਰੋਧ ਕਾਰਨ ਸਮਾਗਮ ਦੌਰਾਨ ਖਾਲੀ ਪਈਆਂ ਕੁਰਸੀਆਂ ਦੇਖ ਕੇ ਸੁਖਬੀਰ ਬਾਦਲ ਹੈਰਾਨ-ਪ੍ਰੇਸ਼ਾਨ ਹੋ ਗਏ। ਪੰਡਾਲ ਵਿੱਚ ਲੱਗੀਆਂ 2500 ਦੇ ਕਰੀਬ ਕੁਰਸੀਆਂ ਭਰਨ ਲਈ ਪਾਰਟੀ ਨੂੰ ਬੜੀ ਮੁਸ਼ੱਕਤ ਕਰਨੀ ਪਈ। ਸਮਾਗਮ ਦੇ ਫਿੱਕੇ ਰਹਿਣ ਦਾ ਅਸਰ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ 'ਤੇ ਵੀ ਪਿਆ ਕਿਉਂਕਿ ਇਹ ਉਨ੍ਹਾਂ ਦਾ ਜੱਦੀ ਪਿੰਡ ਹੋਣ ਦੇ ਬਾਵਜੂਦ ਪੰਡਾਲ ਦੀਆਂ ਕੁਰਸੀਆਂ ਖਾਲੀ ਰਹਿ ਗਈਆਂ।

# ਉਮੀਦਵਾਰ ਦਾ ਦੋਸ਼ : ਦੁਰਗੇਸ਼ ਤੇ ਸੰਜੈ ਨੇ ਕਿਹਾ : *1 ਕਰੋੜ ਦਿਓ ਜਾਂ 30 ਲੱਖ ਲੈ ਕੇ ਸੀਟ ਛੱਡੋ*

## ਦੋਸ਼ ਸਿੱਧ ਹੋਏ ਤਾਂ ਗੋਲੀ ਮਾਰ ਦੇਣਾ : ਸੰਜੈ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਵਿਧਾਨ ਸਭਾ ਹਲਕਾ ਭੋਆ (ਪਠਾਨਕੋਟ) ਤੋਂ 'ਆਪ' ਉਮੀਦਵਾਰ ਵਿਨੋਦ ਕੁਮਾਰ ਨੇ ਇੱਥੇ ਪ੍ਰੈੱਸ ਕਾਨਫਰੰਸ ਕਰ ਕੇ ਸੰਜੈ ਸਿੰਘ ਅਤੇ ਦੁਰਗੇਸ਼ ਪਾਠਕ 'ਤੇ ਕਥਿਤ ਤੌਰ 'ਤੇ ਇੱਕ ਕਰੋੜ ਰੁਪਏ ਮੰਗਣ ਦੇ ਦੋਸ਼ ਲਾਏ ਹਨ। ਵਿਨੋਦ ਕੁਮਾਰ ਨੇ ਦੱਸਿਆ ਕਿ 12 ਨਵੰਬਰ ਨੂੰ ਉਸ ਨੂੰ ਇੱਥੇ ਸੈਕਟਰ 18 ਸਥਿਤ ਸੁਨਾਮ ਤੋਂ 'ਆਪ' ਉਮੀਦਵਾਰ ਅਮਨ ਅਰੋੜਾ ਦੀ ਕੋਠੀ ਵਿਚ ਸੱਦਿਆ ਗਿਆ ਸੀ। ਉਨ੍ਹਾਂ ਦਾ ਮੋਬਾਈਲ ਫੋਨ ਦੂਰ ਰਖਵਾ ਕੇ 'ਆਪ' ਪੰਜਾਬ ਦੇ ਇੰਚਾਰਜ ਸੰਜੈ ਸਿੰਘ ਅਤੇ ਪਾਰਟੀ ਦੇ ਕੌਮੀ ਆਗੂ ਦੁਰਗੇਸ਼ ਪਾਠਕ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਵਿੱਚ ਪ੍ਰਚਾਰ ਠੀਕ ਨਹੀਂ ਚੱਲ ਰਿਹਾ, ਜਿਸ ਕਾਰਨ ਉਹ ਹਾਈਟੈੱਕ ਪ੍ਰਚਾਰ ਕਰਨ ਲਈ ਇੱਕ ਕਰੋੜ ਰੁਪਏ ਦੇਣ। ਜਦੋਂ ਉਨ੍ਹਾਂ ਨੇ ਇਸ ਬਾਰੇ ਅਸਮਰੱਥਾ ਪ੍ਰਗਟਾਈ ਤਾਂ ਦੋਵਾਂ ਆਗੂਆਂ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਉਮੀਦਵਾਰੀ ਛੱਡਣ ਲਈ ਕਿਹਾ। ਦੋਵਾਂ ਆਗੂਆਂ ਨੇ ਇਹ ਵੀ ਪੇਸ਼ਕਸ਼ ਕੀਤੀ ਕਿ ਜੇ ਉਹ ਉਮੀਦਵਾਰੀ ਛੱਡਣ ਲਈ ਤਿਆਰ ਹਨ ਤਾਂ ਉਨ੍ਹਾਂ ਨੂੰ 30 ਲੱਖ ਰੁਪਏ ਦਿੱਤੇ ਜਾਣਗੇ। ਜਦੋਂ ਉਨ੍ਹਾਂ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਗੱਲ ਕੀਤੀ ਤਾਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ ਜਿਵੇਂ ਸੰਜੈ ਅਤੇ ਦੁਰਗੇਸ਼ ਕਹਿੰਦੇ ਹਨ, ਉਸੇ ਤਰ੍ਹਾਂ ਕਰੋ। ਵਿਨੋਦ ਕੁਮਾਰ ਨੇ ਕਿਹਾ ਕਿ ਉਹ ਹਰ ਹਾਲ ਚੋਣ ਲੜਨਗੇ ਅਤੇ ਬਾਹਰੋਂ ਪੰਜਾਬ ਵਿੱਚ ਆਏ 'ਭ੍ਰਿਸ਼ਟਾਚਾਰੀਆਂ' ਦਾ ਨਕਾਬ ਉਤਾਰਨਗੇ। ਵਿਨੋਦ ਕੁਮਾਰ ਨੇ ਪੱਤਰਕਾਰੀ ਛੱਡ ਕੇ 'ਆਪ' ਦਾ ਝਾੜੂ ਫੜਿਆ ਸੀ ਅਤੇ ਪਾਰਟੀ ਨੇ ਉਨ੍ਹਾਂ ਨੂੰ ਤੀਜੀ ਸੂਚੀ ਵਿੱਚ ਉਮੀਦਵਾਰ ਐਲਾਨਿਆ ਸੀ। ਪੰਜਾਬ ਦੇ ਇੰਚਾਰਜ ਸੰਜੈ ਸਿੰਘ ਨੇ ਕਿਹਾ ਕਿ ਭੋਆ ਦੇ ਉਮੀਦਵਾਰ ਵਿਨੋਦ ਕੁਮਾਰ ਵੱਲੋਂ ਲਾਏ ਸਾਰੇ ਦੋਸ਼ ਝੂਠੇ ਹਨ ਅਤੇ ਇੱਕ ਸਾਜ਼ਿਸ਼ ਤਹਿਤ ਪਾਰਟੀ ਨੂੰ ਬਦਨਾਮ ਕਰਨ ਲਈ ਅਜਿਹਾ ਕੀਤਾ ਜਾ ਰਿਹਾ ਹੈ। 'ਆਪ' ਆਗੂ ਸੰਜੈ ਸਿੰਘ ਨੇ ਵਿਨੋਦ ਕੁਮਾਰ ਵੱਲੋਂ ਲਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸਿਆਸੀ ਮਾਮਲੇ ਕਮੇਟੀ ਵਿੱਚ ਵਿਨੋਦ ਕੁਮਾਰ ਦੀਆਂ ਸਰਗਰਮੀਆਂ ਬਾਰੇ ਵਿਚਾਰਾਂ ਹੋਈਆਂ ਸਨ। ਕਮੇਟੀ ਦੀ ਰਾਇ ਮੁਤਾਬਕ ਉਹ ਠੀਕ ਢੰਗ ਨਾਲ ਪ੍ਰਚਾਰ ਨਹੀਂ ਕਰ ਰਹੇ ਸਨ। ਇਸੇ ਕਰ ਕੇ ਉਨ੍ਹਾਂ ਦੀ ਟਿਕਟ ਕੱਟੀ ਗਈ ਹੈ ਤੇ ਉਹ ਬੁਖ਼ਲਾਹਟ ਵਿੱਚ ਆ ਕੇ ਦੋਸ਼ ਲਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਲਕਾ ਭੋਆ ਤੋਂ ਹੁਣ ਠੇਕੇਦਾਰ ਅਮਰਜੀਤ ਸਿੰਘ ਨੂੰ ਟਿਕਟ ਦਿੱਤੀ ਗਈ ਹੈ।

# 'ਆਪ' ਦੇ ਡਾ. ਬਲਬੀਰ ਸਿੰਘ ਕਰਨਗੇ ਪਟਿਆਲਾ ਤੋਂ ਕੈਪਟਨ ਅਮਰਿੰਦਰ ਸਿੰਘ ਦਾ ਮੁਕਾਬਲਾ




**ਸਮਾਣਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਮਾਣਾ ਵਿੱਚ ਰੈਲੀ ਮੌਕੇ ਵਿਧਾਨ ਸਭਾ ਹਲਕਾ ਪਟਿਆਲਾ ਸ਼ਹਿਰੀ ਤੋਂ ਡਾ. ਬਲਬੀਰ ਸਿੰਘ ਨੂੰ ਉਮੀਦਵਾਰ ਐਲਾਨ ਦਿੱਤਾ ਹੈ। ਇਸ ਹਲਕੇ ਤੋਂ ਡਾ. ਬਲਬੀਰ ਸਿੰਘ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਚੋਣ ਲੜਨਗੇ।

ਰੈਲੀ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ ਕਿ 'ਆਪ' ਦਾ ਹਰ ਵਾਲੰਟੀਅਰ ਮਰਨ ਨੂੰ ਤਿਆਰ ਹੈ ਪਰ ਭ੍ਰਿਸ਼ਟਾਚਾਰ ਅੱਗੇ ਝੁਕ ਕੇ ਉਸ ਨਾਲ ਸਮਝੌਤਾ ਕਰਨ ਨੂੰ ਤਿਆਰ ਨਹੀਂ। ਦੇਸ਼ ਵਿੱਚ ਸਿਰਫ਼ 'ਆਪ' ਅਜਿਹੀ ਪਾਰਟੀ ਹੈ, ਜਿਹੜੀ ਭ੍ਰਿਸ਼ਟਾਚਾਰ ਖ਼ਿਲਾਫ਼ ਲੜਦੇ ਹੋਏ ਇਮਾਨਦਾਰੀ ਨਾਲ ਅੱਗੇ ਵਧਣਾ ਚਾਹੁੰਦੀ ਹੈ।

'ਆਪ' ਦੀਆਂ ਰੈਲੀਆਂ ਨੂੰ ਪੰਜਾਬ ਭਰ ਵਿੱਚੋਂ ਮਿਲ ਰਹੇ ਭਰਵੇਂ ਹੁੰਗਾਰੇ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ 100 ਨਹੀਂ ਸਗੋਂ ਇਸ ਤੋਂ ਵੀ ਵੱਧ ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਏਗੀ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਸਭ ਤੋਂ ਵੱਡੇ ਭ੍ਰਿਸ਼ਟਾਚਾਰੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਬਾਦਲਾਂ ਤੇ ਕੈਪਟਨ ਨੇ ਵਾਰੋ-ਵਾਰੀ ਰਲ ਕੇ ਪੰਜਾਬ ਨੂੰ ਲੁੱਟਿਆ ਹੈ, ਜਿਸ ਕਾਰਨ ਅੱਜ ਸੂਬਾ ਕੰਗਾਲ ਹੋ ਚੁੱਕਿਆ ਹੈ।

ਉਨ੍ਹਾਂ ਦਿੱਲੀ 'ਵਿੱਚ ਡੇਢ ਸਾਲ ਸਰਕਾਰ ਚਲਾਉਣ ਦੇ ਤਜਰਬੇ ਦੇ ਆਧਾਰ 'ਤੇ ਦਾਅਵਾ ਕੀਤਾ ਕਿ ਸਰਕਾਰਾਂ ਕੋਲ ਪੈਸੇ ਦੀ ਕਮੀ ਨਹੀਂ ਹੁੰਦੀ, ਨੀਅਤ ਦੀ ਕਮੀ ਹੁੰਦੀ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਭ੍ਰਿਸ਼ਟਾਚਾਰ ਮੁਕਤ ਸਰਕਾਰ ਸਥਾਪਤ ਕਰਕੇ ਪੈਸੇ ਦੀ ਕਮੀ ਨੂੰ ਦੂਰ ਕਰ ਦਿੱਤਾ ਜਾਵੇਗਾ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਦੇ ਵਿਦੇਸ਼ੀ ਬੈਂਕ ਖਾਤਿਆਂ ਦਾ ਖੁਲਾਸਾ ਕੀਤਾ ਅਤੇ ਬਾਦਲ ਪਰਿਵਾਰ 'ਤੇ ਰੇਤਾ, ਬਜਰੀ, ਬੱਸ ਪਰਮਿਟ, ਕੇਬਲ, ਹੋਟਲ, ਸ਼ਰਾਬ ਤੇ ਨਸ਼ਾ ਮਾਫੀਆ ਚਲਾਉਣ ਦੇ ਦੋਸ਼ ਲਾਏ। ਸ੍ਰੀ ਕੇਜਰੀਵਾਲ ਨੇ ਵਾਅਦਾ ਕੀਤਾ ਕਿ ਸੱਤਾ ਵਿਚ ਆਉਂਦਿਆਂ ਹੀ 'ਆਪ' ਵੱਲੋਂ ਰੇਤ ਬਜਰੀ ਦੇ ਠੇਕੇ ਅਤੇ ਬੱਸ ਪਰਮਿਟ ਬਾਦਲਾਂ ਤੋਂ ਖੋਹ ਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੰਡੇ ਜਾਣਗੇ।

ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ 'ਤੇ ਪੰਜਾਬ ਦੇ ਦਲਿਤਾਂ ਉੱਤੇ ਹੋ ਰਹੇ ਅਤਿਆਚਾਰਾਂ ਬਾਰੇ ਵਿਸ਼ੇਸ਼ ਜਾਂਚ ਟੀਮ ਬਣਾਈ ਜਾਵੇਗੀ ਅਤੇ ਜ਼ਮੀਨਾਂ ਕਾਨੂੰਨ ਮੁਤਾਬਿਕ ਦਲਿਤਾਂ ਨੂੰ ਦਿੱਤੀਆਂ ਜਾਣਗੀਆਂ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ 'ਤੇ ਹੋਏ ਹਮਲੇ ਦੇ ਅਸਲ ਦੋਸ਼ੀਆਂ ਨੂੰ ਅਜੇ ਤੱਕ ਨਾ ਫੜੇ ਜਾਣ 'ਤੇ ਸਵਾਲ ਉਠਾਉਂਦਿਆਂ ਉਨ੍ਹਾਂ ਖ਼ਦਸ਼ਾ ਪ੍ਰਗਟਾਇਆ ਕਿ ਕਿਤੇ ਇਹ ਕੰਮ ਬਾਦਲਾਂ ਨੇ ਹੀ ਤਾਂ ਨਹੀਂ ਕਰਵਾਏ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਦਿਆਂ ਹੀ ਬੇਅਦਬੀ ਅਤੇ ਹਮਲੇ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ। ਸ੍ਰੀ ਕੇਜਰੀਵਾਲ ਨੇ ਵਾਅਦਾ ਕੀਤਾ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਉੱਤੇ ਸਾਰੇ ਠੇਕਾ ਆਧਾਰਤ ਅਤੇ ਕੱਚੇ ਕਰਮਚਾਰੀਆਂ ਨੂੰ ਪੱਕਾ ਕਰ ਦਿੱਤਾ ਜਾਵੇਗਾ।

**ਮਾਨ ਬੋਲੇ-ਹੰਕਾਰੀ ਹੋ ਗਿਆ ਸੁਖਬੀਰ :** ਰੈਲੀ ਮੌਕੇ ਸੰਸਦ ਮੈਂਬਰ ਭਗਵੰਤ ਮਾਨ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਜਲਾਲਾਬਾਦ ਵਿੱਚ ਜ਼ਮਾਨਤ ਜ਼ਬਤ ਕਰਵਾਉਣ ਦੀ ਕੀਤੀ ਗਈ ਟਿੱਪਣੀ ਬਾਰੇ ਕਿਹਾ ਕਿ ਸੁਖਬੀਰ ਬਾਦਲ ਹੰਕਾਰ ਦੀ ਭਾਸ਼ਾ ਬੋਲ ਰਹੇ ਹਨ ਪਰ ਜਲਾਲਾਬਾਦ ਵਾਸੀ ਸੁਖਬੀਰ ਦਾ ਹੰਕਾਰ ਤੋੜਨ ਦਾ ਮਨ ਬਣਾਈ ਬੈਠੇ ਹਨ। ਉਨ੍ਹਾਂ ਐਸਵਾਈਐਲ ਨਹਿਰ ਦੇ ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਉੱਤੇ ਪੰਜਾਬ ਦੇ ਲੋਕਾਂ ਨੂੰ ਇੱਕ ਹੋਰ ਧੋਖਾ ਦੇਣ ਦੇ ਦੋਸ਼ ਲਾਏ।

# ਬਾਦਲ, ਕੈਪਟਨ ਅਤੇ ਕੇਜਰੀਵਾਲ ਨੇ ਕੀਤਾ ਪੰਜਾਬ ਦੇ ਹੱਕਾਂ ਦਾ ਘਾਣ : ਜਸਟਿਸ ਬੈਂਸ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਮਨੁੱਖੀ ਅਧਿਕਾਰ ਸੰਗਠਨ, ਖਾਲੜਾ ਮਿਸ਼ਨ ਜਥੇਬੰਦੀ ਅਤੇ ਮਨੁੱਖੀ ਅਧਿਕਾਰ ਇਨਸਾਫ਼ ਸੰਘਰਸ਼ ਕਮੇਟੀ ਅਤੇ ਹੋਰ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਸਾਰੇ ਸਿਆਸੀ ਦਲਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਪੰਜਾਬ, ਪੰਜਾਬੀਅਤ ਤੇ ਪੰਜਾਬੀਆਂ, ਵਿਸ਼ੇਸ਼ ਕਰ ਕੇ ਸਿੱਖਾਂ ਦੇ ਹੱਕਾਂ ਦਾ ਘਾਣ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਕੌਮ ਨੂੰ ਅਜੇ ਤਕ ਇਨਸਾਫ਼ ਨਹੀਂ ਮਿਲਿਆ।

ਇਥੇ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ, ਖਾਲੜਾ ਮਿਸ਼ਨ ਦੇ ਹਰਮਨਦੀਪ ਸਿੰਘ ਅਤੇ ਇਨਸਾਫ਼ ਸੰਘਰਸ਼ ਕਮੇਟੀ ਦੇ ਅਹੁਦੇਦਾਰਾਂ ਨੇ ਤਿੰਨੋਂ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰਾਂ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੰਦੇ ਹੋਏ ਸਪਸ਼ਟ ਕੀਤਾ ਕਿ ਅਕਾਲੀ ਦਲ, ਕਾਂਗਰਸ ਤੇ 'ਆਪ' ਨੇ ਪੰਜਾਬ ਨਾਲ ਧੋਖਾ ਕੀਤਾ ਅਤੇ ਹੁਣ ਵੋਟਾਂ ਦੀ ਖਾਤਰ ਝੂਠੇ ਵਾਅਦੇ ਫਿਰ ਕਰ ਰਹੇ ਹਨ।

ਇਨ੍ਹਾਂ ਜਥੇਬੰਦੀਆਂ ਨੇ ਕੇਜਰੀਵਾਲ ਨੂੰ 5 ਸਵਾਲ ਕੀਤੇ ਜਿਨ੍ਹਾਂ ਵਿਚ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਸਲੇ 'ਤੇ ਘੇਰਦਿਆਂ ਕਿਹਾ ਕਿ ਕੇਜਰੀਵਾਲ ਦੋਗਲੇ ਮਾਪਦੰਡ ਅਪਣਾਅ ਰਿਹਾ ਹੈ। ਉਨ੍ਹਾਂ ਪੁੱਛਿਆ ਪੰਜਾਬ ਅੰਦਰ ਨਸ਼ਿਆਂ ਬਾਰੇ ਰੌਲਾ ਪਾ ਰਿਹਾ ਕੇਜਰੀਵਾਲ ਦਿੱਲੀ ਅੰਦਰ ਠੇਕੇ 'ਤੇ ਬਾਰਾਂ ਕਿਉਂ ਖੋਲ੍ਹ ਰਿਹਾ ਹੈ?

ਕੈਪਟਨ ਦੀ ਕਾਂਗਰਸ ਨੂੰ ਪੁਛਦੇ ਹੋਏ ਇਨ੍ਹਾਂ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਜਿਸ ਨੇਤਾ ਨੇ ਸਾਕਾ ਨੀਲਾ ਤਾਰਾ ਮਗਰੋਂ ਲੋਕ ਸਭਾ ਮੈਂਬਰੀ ਛੱਡੀ ਸੀ, ਉਸੇ ਕਾਂਗਰਸ ਵਿਚ ਮੁੜ ਸ਼ਾਮਲ ਹੋ ਗਏ ਜਿਸ ਨੇ ਟਾਈਟਲਰ, ਸੱਜਣ ਕੁਮਾਰ ਤੇ ਕਮਲਨਾਥ ਦਾ ਪੱਖ ਪੂਰਿਆ। ਵੱਡੇ ਬਾਦਲ ਨੂੰ 10 ਸੁਆਲ ਪੁਛਦੇ ਹਏ ਇਨ੍ਹਾਂ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ 1997 ਵਿਚ ਮੁੱਖ ਮੰਤਰੀ ਅਹੁਦੇ 'ਤੇ ਬੈਠਦਿਆਂ ਵਾਅਦਾ ਕੀਤਾ ਸੀ ਕਿ ਸਾਕਾ ਨੀਲਾ ਤਾਰਾ ਅਤੇ 25000 ਸਿੱਖਾਂ ਦੇ ਕਤਲਾਂ ਦੀ ਜਾਂਚ ਜੁਡੀਸ਼ੀਅਲ ਕਮਿਸ਼ਨ ਰਾਹੀਂ ਕਰਵਾਈ ਜਾਵੇਗੀ ਪਰ ਕੁੱਝ ਨਹੀਂ ਕਰਵਾਇਆ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਥਾਂ-ਥਾਂ ਹੋਈ, ਪਰ ਦੋਸ਼ੀਆਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਇਨ੍ਹਾਂ ਨੇਤਾਵਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਵੋਟਰ ਇਨ੍ਹਾਂ ਸਿਆਸੀ ਦਲਾਂ ਨੂੰ ਨਕਾਰ ਦੇ, ਸੱਚੇ ਸੁੱਚੇ ਈਮਾਨਦਾਰ ਉਮੀਦਵਾਰਾਂ ਨੂੰ ਚੁਣਨਗੇ।

ਇਨ੍ਹਾਂ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਕੋਈ ਚੋਣ ਸਮਝੌਤਾ ਕਰਨ ਸਬੰਧੀ ਪੁਛੇ ਸਵਾਲਾਂ ਦਾ ਜਆਬ ਦਿੰਦੇ ਹੋਏ ਜਸਟਿਸ ਬੈਂਸ ਨੇ ਕਿਹਾ ਕਿ ਉਹ ਖ਼ੁਦ ਚੋਣਾਂ ਦੇ ਮੈਦਾਨ ਵਿਚ ਨਹੀਂ ਜਾਣਗੇ।

## ਕਾਂਗਰਸੀਆਂ ਦੇ ਵਿਰੋਧ ਕਾਰਨ ਅਵਿਨਾਸ਼ ਦਾ ਹੱਥ ਰਿਹਾ ਖਾਲੀ

**ਜਲੰਧਰ/ਬਿਊਰੋ ਨਿਊਜ਼ :**
ਕਾਂਗਰਸ ਵਿੱਚ ਅਕਾਲੀ ਵਿਧਾਇਕਾਂ ਦੀ ਹੋ ਰਹੀ ਆਮਦ ਦੀ ਅੰਦਰ ਖਾਤੇ ਹੋ ਰਹੀ ਵਿਰੋਧਤਾ ਕਾਰਨ ਅਕਾਲੀ ਦਲ ਤੋਂ ਅਸਤੀਫ਼ਾ ਦੇ ਚੁੱਕੇ ਅਵਿਨਾਸ਼ ਚੰਦਰ ਦੇ ਕਾਂਗਰਸ ਵਿੱਚ ਦਾਖ਼ਲੇ ਨੂੰ ਬਰੇਕਾਂ ਲੱਗ ਗਈਆਂ ਹਨ। ਕੈਪਟਨ ਵਿਰੋਧੀ ਧੜੇ ਵੱਲੋਂ ਕੀਤੀ ਗਈ ਲਾਬਿੰਗ ਕਾਰਨ ਅਵਿਨਾਸ਼ ਚੰਦਰ ਦਾ ਦਾਖ਼ਲਾ ਹਾਲ ਦੀ ਘੜੀ ਰੁਕ ਗਿਆ ਹੈ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਟਵੀਟ ਕਰ ਕੇ ਕਹਿਣਾ ਪਿਆ ਹੈ ਕਿ ਅਕਾਲੀ ਦਲ ਦੇ ਸਾਬਕਾ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਕਾਂਗਰਸ ਵਿੱਚ ਸ਼ਾਮਲ ਨਹੀਂ ਹੋ ਰਹੇ।



ਦੂਜੇ ਪਾਸੇ ਅਵਿਨਾਸ਼ ਚੰਦਰ ਨੇ ਦਾਅਵਾ ਕੀਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਆਪ 29 ਨਵੰਬਰ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦੀ ਗੱਲ ਆਖੀ ਸੀ। ਉਨ੍ਹਾਂ ਕਿਹਾ ਕਿ ਉਹ ਟਵੀਟ 'ਤੇ ਭਰੋਸਾ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਕੈਪਟਨ ਨੇ ਆਪ ਕਿਹਾ ਹੋਇਆ ਸੀ।
ਅਵਿਨਾਸ਼ ਚੰਦਰ ਆਦਮਪੁਰ ਤੋਂ ਕਾਂਗਰਸ ਦੀ ਟਿਕਟ ਮੰਗ ਰਹੇ ਹਨ ਕਿਉਂਕਿ ਇੱਥੋਂ ਕਾਂਗਰਸ ਦੀ ਟਿਕਟ ਦੇ ਦਾਅਵੇਦਾਰ ਸੇਠ ਸਤਪਾਲ ਮੱਲ ਹੁਣ ਅਕਾਲੀ ਦਲ ਵਿੱਚ ਚਲੇ ਗਏ ਹਨ ਤੇ ਕਰਤਾਰਪੁਰ ਤੋਂ ਪਾਰਟੀ ਨੇ ਉਨ੍ਹਾਂ ਨੂੰ ਟਿਕਟ ਦੇ ਦਿੱਤੀ ਹੈ। ਅਵਿਨਾਸ਼ ਚੰਦਰ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਦੀਆਂ ਖ਼ਬਰਾਂ ਮੀਡੀਆ ਵਿੱਚ ਆਉਣ ਨਾਲ ਉਸ ਵਿਰੁੱਧ ਪਾਰਟੀ ਅੰਦਰ ਵਿਰੋਧ ਖੜ੍ਹਾ ਹੋ ਗਿਆ ਸੀ, ਜਿਸ ਕਾਰਨ ਉਸ ਦਾ ਦਾਖ਼ਲਾ ਹਾਲ ਦੀ ਘੜੀ ਰੁਕ ਗਿਆ ਹੈ।

## ਕੈਪਟਨ ਦਾ ਰੋਡ ਸ਼ੋਅ ਬਣਿਆ ਟਿਕਟ ਦਾਅਵੇਦਾਰਾਂ ਦਾ ਸ਼ਕਤੀ ਪ੍ਰਦਰਸ਼ਨ

**ਸੰਗਰੂਰ/ਬਿਊਰੋ ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਸ਼ੁਰੂ ਹੋਇਆ ਰੋਡ ਸ਼ੋਅ ਵੱਖ-ਵੱਖ ਹਲਕਿਆਂ ਤੋਂ ਚੋਣ ਲੜਨ ਦੇ ਦਾਅਵੇਦਾਰਾਂ ਦਾ ਸ਼ਕਤੀ ਪ੍ਰਦਰਸ਼ਨ ਹੋ ਨਿਬੜਿਆ। ਵੱਖ-ਵੱਖ ਹਲਕਿਆਂ ਦੇ ਆਗੂਆਂ ਵਲੋਂ ਕੈਪਟਨ ਅਮਰਿੰਦਰ ਸਿੰਘ ਦੀ ਆਮਦ ਮੌਕੇ ਇੱਕੋ ਥਾਂ ਸਾਂਝੇ ਤੌਰ 'ਤੇ ਇੱਕਜੁੱਟਤਾ ਦਰਸਾਉਣ ਦੀ ਬਜਾਏ ਆਪੋ ਆਪਣੀ ਸਿਆਸੀ ਡਫਲੀ ਵਜਾਉਣ ਨੂੰ ਹੀ ਤਰਜੀਹ ਦਿੱਤੀ ਗਈ। ਰੋਡ ਸ਼ੋਅ ਅੱਗੇ ਟਿਕਟ ਦੇ ਦਾਅਵੇਦਾਰਾਂ ਦੇ ਸਮਰਥਕ ਆਪੋ ਆਪਣੇ ਆਗੂਆਂ ਦੇ ਹੱਕ ਵਿਚ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਇੱਕ ਦੂਜੇ ਤੋਂ ਵੱਧ ਸਿਆਸੀ ਤਾਕਤ ਦਰਸਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ। ਕੈਪਟਨ ਅਮਰਿੰਦਰ ਸਿੰਘ ਦੇ ਰੋਡ ਸ਼ੋਅ ਦੌਰਾਨ ਸ਼ਹਿਰ ਵਿੱਚ ਕਰੀਬ ਅੱਧੀ ਦਰਜਨ ਤੋਂ ਵੱਧ ਥਾਵਾਂ ਉਪਰ ਵੱਖ-ਵੱਖ ਹਲਕਿਆਂ ਤੋਂ ਟਿਕਟ ਦੇ ਦਾਅਵੇਦਾਰਾਂ ਵਲੋਂ ਕੈਪਟਨ ਦਾ ਸਵਾਗਤ ਕੀਤਾ ਗਿਆ। ਜਿਉਂ ਹੀ ਪਟਿਆਲਾ ਰੋਡ ਤੋਂ ਕੈਪਟਨ ਦਾ ਰੋਡ ਸ਼ੋਅ ਸ਼ਹਿਰ ਵਿੱਚ ਦਾਖਲ ਹੋਇਆ ਤਾਂ ਫੁਹਾਰਾ ਚੌਕ ਵਿਚ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਦੀ ਅਗਵਾਈ ਹੇਠ ਕੈਪਟਨ ਉਪਰ ਫੁੱਲਾਂ ਦੀ ਵਰਖਾ ਕਰਦਿਆਂ ਭਰਵਾਂ ਸਵਾਗਤ ਕੀਤਾ ਗਿਆ। ਫਿਰ ਥੋੜ੍ਹੀ ਹੀ ਦੂਰ ਕਾਲੀ ਦੇਵੀ ਮੰਦਿਰ ਅੱਗੇ ਦਿੜਬਾ ਹਲਕੇ ਨਾਲ ਸਬੰਧਤ ਮਾਸਟਰ ਅਜੈਬ ਸਿੰਘ ਰਟੋਲਾਂ, ਪੂਨਮ ਕਾਂਗੜਾ ਵਲੋਂ ਸਵਾਗਤ ਕੀਤਾ ਗਿਆ। ਉਸ ਤੋਂ ਅੱਗੇ ਹੀ ਸੁਨਾਮ ਹਲਕੇ ਤੋਂ ਪਾਰਟੀ ਟਿਕਟ ਦੇ ਦਾਅਵੇਦਾਰ ਰਾਜਿੰਦਰ ਦੀਪਾ ਵਲੋਂ ਆਪਣੇ ਸਮਰਥਕਾਂ ਸਣੇ ਰੋਡ ਸ਼ੋਅ ਦਾ ਸਵਾਗਤ ਕੀਤਾ ਗਿਆ। ਵੱਡੇ ਚੌਕ ਵਿਚ ਪੰਜਾਬ ਕਾਂਗਰਸ ਦੇ ਉਪ ਪ੍ਰਧਾਨ ਤੇ ਸਾਬਕਾ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ ਦੇ ਵੱਡੀ ਗਿਣਤੀ ਵਿਚ ਸ਼ਾਮਲ ਸਮਰਥਕਾਂ ਅਤੇ ਸਾਬਕਾ ਸੰਸਦ ਮੈਂਬਰ ਵਿਜੇਇੰਦਰ ਸਿੰਗਲਾ ਦੇ ਸਮਰਥਕਾਂ ਵਲੋਂ ਵੀ ਸਵਾਗਤ ਕੀਤਾ ਗਿਆ। ਬੱਸ ਸਟੈਂਡ ਦੇ ਨਜ਼ਦੀਕ ਵੱਡੀ ਤਾਦਾਦ ਵਿਚ ਆਪਣੇ ਸਮਰਥਕਾਂ ਸਣੇ ਸੁਨਾਮ ਤੋਂ ਟਿਕਟ ਦੀ ਦਾਅਵੇਦਾਰ ਦਾਮਨ ਬਾਜਵਾ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਫਿਰ ਭਗਵਾਨ ਮਹਾਂਵੀਰ ਚੌਕ ਵਿਚ ਜ਼ਿਲ੍ਹਾ ਕਾਂਗਰਸ ਕਮੇਟੀ ਪ੍ਰਧਾਨ ਰਾਜਿੰਦਰ ਸਿੰਘ ਰਾਜਾ, ਸੁਨਾਮ ਹਲਕੇ ਦੇ ਆਗੂ ਨਵਦੀਪ ਸਿੰਘ ਮੋਖਾ, ਸਾਬਕਾ ਮੰਤਰੀ ਬਲਦੇਵ ਸਿੰਘ ਮਾਨ, ਹਰਿੰਦਰ ਸਿੰਘ ਲਖਮੀਰਵਾਲਾ ਵਲੋਂ ਸਵਾਗਤ ਕੀਤਾ। ਰੋਡ ਸ਼ੋਅ ਵਾਲੀ ਬੱਸ ਵਿਚ ਵਿਜੇਇੰਦਰ ਸਿੰਗਲਾ ਮੌਜੂਦ ਸਨ ਜਦੋਂ ਕਿ ਸ਼ਹਿਰ ਵਿਚ ਥਾਂ-ਥਾਂ ਤੋਂ ਹਲਕਾ ਆਗੂਆਂ ਨੂੰ ਬੱਸ ਵਿਚ ਚੜ੍ਹਾਇਆ ਗਿਆ। ਭਗਵਾਨ ਮਹਾਂਵੀਰ ਚੌਕ ਵਿਚ ਤਾਂ ਸੁਰਿੰਦਰਪਾਲ ਸਿੰਘ ਸਿਬੀਆ ਦੇ ਸਮਰਥਕਾਂ ਵਲੋਂ ਉਨ੍ਹਾਂ ਨੂੰ ਮੋਢਿਆਂ ਉਪਰ ਚੁੱਕ ਕੇ ਰੋਡ ਸ਼ੋਅ ਵਾਲੀ ਬੱਸ ਦੇ ਅੱਗੇ ਖ਼ੂਬ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਸ਼ਕਤੀ ਪ੍ਰਦਰਸ਼ਨਾਂ ਦੌਰਾਨ ਨਾਅਰੇਬਾਜ਼ੀ ਦੇ ਸ਼ੋਰ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਟਿਕਟ ਦੇ ਦਾਅਵੇਦਾਰਾਂ ਦੇ ਸਮਰਥਕਾਂ ਨੂੰ ਕਿਹਾ ਕਿ ਉਨ੍ਹਾਂ ਵੇਖ ਲਿਆ ਹੈ ਕਿ ਤੁਸੀਂ ਆਪੋ ਆਪਣੇ ਉਮੀਦਵਾਰਾਂ ਨੂੰ ਪੇਸ਼ ਕਰ ਰਹੇ ਹੋ। ਟਿਕਟ ਬਾਰੇ ਫੈਸਲਾ 3 ਦਸੰਬਰ ਨੂੰ ਹੋਵੇਗਾ ਜੋ ਕਿ ਸਾਰਿਆਂ ਉਪਰ ਲਾਗੂ ਹੋਵੇਗਾ। ਸ਼ਹਿਰ ਵਿਚ ਵੱਡੇ ਚੌਕ ਅਤੇ ਭਗਵਾਨ ਮਹਾਂਵੀਰ ਚੌਕ ਵਿਚ ਹੀ ਕੈਪਟਨ ਨੇ ਸੰਬੋਧਨ ਕਰਨ ਤੋਂ ਪਾਸਾ ਵੱਟਿਆ।



ਸੰਗਰੂਰ 'ਚ ਰੋਡ ਸ਼ੋਅ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ।

## 'ਆਪ' ਦੇ ਹਟਾਏ ਉਮੀਦਵਾਰ ਡਾ. ਰਣਜੋਧ ਸਿੰਘ ਨੇ ਕਾਂਗਰਸ ਨੂੰ ਸਮਰਥਨ ਦੇਣ ਦਾ ਕੀਤਾ ਐਲਾਨ

**ਮੋਗਾ/ਬਿਊਰੋ ਨਿਊਜ਼ :**
ਧਰਮਕੋਟ ਵਿਧਾਨ ਸਭਾ ਹਲਕਾ ਤੋਂ ਹਟਾਏ ਉਮੀਦਵਾਰ ਤੇ ਉਸ ਦੇ ਸੈਂਕੜੇ ਸਮਰਥਕਾਂ ਨੇ ਆਮ ਆਦਮੀ ਪਾਰਟੀ 'ਆਪ' ਨੂੰ ਅਲਵਿਦਾ ਆਖ ਦਿੱਤਾ ਹੈ। ਇਸ ਮੌਕੇ ਨਵੇਂ ਉਮੀਦਵਾਰ ਦਾ ਵਿਰੋਧ ਕਰਦਿਆਂ ਨਾਰਾਜ਼ ਵਾਲੰਟੀਅਰਾਂ ਨੇ ਕਾਂਗਰਸ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ।
ਇਸ ਮੌਕੇ ਧਰਮਕੋਟ ਤੋਂ ਹਟਾਏ 'ਆਪ' ਉਮੀਦਵਾਰ ਡਾ. ਰਣਜੋਧ ਸਿੰਘ ਨੇ ਸਮਰਥਕਾਂ ਨੂੰ ਕਿਹਾ ਕਿ ਉਹ 2013 ਵਿੱਚ ਪਾਰਟੀ ਨਾਲ ਜੁੜੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਕਿਲ੍ਹਾ ਮੰਨੇ ਜਾਂਦੇ ਇਸ ਹਲਕੇ ਵਿੱਚ ਸਮਰਥਕਾਂ ਨਾਲ ਕੀਤੀ ਮਿਹਨਤ ਸਦਕਾ 'ਆਪ' ਸੰਸਦ ਸਾਧੂ ਸਿੰਘ ਨੂੰ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਉਮੀਦਵਾਰ ਬੀਬੀ ਪਰਮਜੀਤ ਕੌਰ ਗੁਲਸ਼ਨ ਤੋਂ ਵੱਧ ਵੋਟਾਂ ਦੀ ਲੀਡ ਹਾਸਲ ਹੋਈ ਸੀ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਇਮਾਨਦਾਰ ਤੇ ਮਿਹਨਤੀ ਵਾਲੰਟੀਅਰ ਦੀ ਕੋਈ ਕਦਰ ਨਹੀਂ। ਉਨ੍ਹਾਂ ਕਿਹਾ ਕਿ ਚੋਣ ਮੁਹਿੰਮ ਸ਼ੁਰੂ ਹੋਈ ਤਾਂ ਪਾਰਟੀ ਦੀ ਅਸਲੀਅਤ ਸਾਹਮਣੇ ਆਈ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵਿੱਚ ਪਾਰਟੀ ਨੂੰ ਕੋਈ ਖੋਟ ਨਜ਼ਰ ਨਹੀਂ ਆਈ ਤਾਂ ਠੀਕ ਢੰਗ ਨਾਲ ਚੋਣ ਪ੍ਰਚਾਰ ਨਾ ਕਰਨ ਦਾ ਦੋਸ਼ ਲਾ ਕੇ ਉਸ ਦੀ ਟਿਕਟ ਕੱਟੀ ਗਈ। ਉਨ੍ਹਾਂ ਇਸ ਟਿਕਟ ਲਈ ਵਿਦੇਸ਼ ਵਿੱਚ ਕਥਿਤ ਡੀਲ ਕਰਨ ਦਾ ਦੋਸ਼ ਲਾਉਂਦੇ ਕਿਹਾ ਕਿ ਹੁਣ ਇਹ ਆਮ ਆਦਮੀ ਪਾਰਟੀ ਨਹੀਂ ਰਹੀ ਤੇ ਹੁਣ ਅਮੀਰ ਲੋਕਾਂ ਦੀ ਬਣ ਗਈ ਹੈ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਉਹ 'ਆਪ' ਨੂੰ ਅਲਵਿਦਾ ਆਖ ਰਹੇ ਹਨ। ਇਸ ਮੌਕੇ ਮੌਜੂਦ ਉਨ੍ਹਾਂ ਦੇ ਸੈਂਕੜੇ ਸਮਰਥਕ ਵਾਲੰਟੀਅਰਾਂ ਨੇ ਇਸ ਹਲਕੇ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਸੁਖਜੀਤ ਸਿੰਘ ਉਰਫ਼ ਕਾਕਾ ਲੋਹਗੜ੍ਹ ਦਾ ਸਮਰਥਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਜ਼ਦੀਕੀ ਨੇ ਕਿਹਾ ਕਿ ਪਾਰਟੀ ਨੂੰ ਇਸ ਫ਼ੈਸਲੇ ਤੋਂ ਪਹਿਲਾਂ ਪਾਰਟੀ ਨੂੰ ਹਲਕੇ ਦੇ ਵਾਲੰਟੀਅਰਾਂ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ।


ਧਰਮਕੋਟ ਵਿੱਚ 'ਆਪ' ਵੱਲੋਂ ਹਟਾਏ ਉਮੀਦਵਾਰ ਵੱਲੋਂ ਸੱਦੀ ਮੀਟਿੰਗ ਵਿੱਚ ਉਸ ਦੇ ਸਮਰਥਕ।

## ਤੇਜਿੰਦਰਪਾਲ ਸਿੰਘ ਸੰਧੂ ਵੀ ਅਕਾਲੀ ਦਲ ਤੋਂ ਹੋਇਆ ਬਾਗ਼ੀ

### ਪਤਨੀ ਅਨੂਪਇੰਦਰ ਕੌਰ ਨੂੰ ਘਨੌਰ ਹਲਕੇ ਤੋਂ ਆਜ਼ਾਦ ਉਮੀਦਵਾਰ ਐਲਾਨਿਆ

**ਪਟਿਆਲਾ/ਬਿਊਰੋ ਨਿਊਜ਼ :**
ਅਕਾਲੀ ਆਗੂ ਅਤੇ ਐਸਐਸ ਬੋਰਡ ਦੇ ਸਾਬਕਾ ਚੇਅਰਮੈਨ ਤੇਜਿੰਦਰਪਾਲ ਸਿੰਘ ਸੰਧੂ ਨੇ ਸ਼੍ਰੋਮਣੀ ਅਕਾਲੀ ਦਲ ਤੋਂ ਬਗ਼ਾਵਤ ਕਰਦਿਆਂ ਆਪਣੀ ਪਤਨੀ ਅਨੂਪਇੰਦਰ ਕੌਰ ਸੰਧੂ ਨੂੰ ਘਨੌਰ ਹਲਕੇ ਤੋਂ ਆਜ਼ਾਦ ਉਮੀਦਵਾਰ ਐਲਾਨ ਦਿੱਤਾ ਹੈ।
ਇਹ ਐਲਾਨ ਘਨੌਰ ਹਲਕੇ ਵਿੱਚ ਇੱਕਠ ਦੌਰਾਨ ਕੀਤਾ ਗਿਆ। ਸ੍ਰੀਮਤੀ ਸੰਧੂ ਸ਼੍ਰੋਮਣੀ ਅਕਾਲੀ ਦਲ ਮਹਿਲਾ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਹਨ, ਜਦੋਂਕਿ ਸ੍ਰੀ ਸੰਧੂ ਪਾਰਟੀ ਦੀ ਵਰਕਿੰਗ ਕਮੇਟੀ ਵਿੱਚ ਹਨ।
ਸ੍ਰੀ ਸੰਧੂ ਨੇ ਪਿਛਲੀ ਵਾਰ ਪਟਿਆਲਾ ਜ਼ਿਲ੍ਹੇ ਦੇ ਹਲਕਾ ਸਨੌਰ ਤੋਂ ਅਕਾਲੀ ਦਲ ਵੱਲੋਂ ਕਾਂਗਰਸ ਦੇ ਦਿੱਗਜ ਆਗੂ ਲਾਲ ਸਿੰਘ ਖ਼ਿਲਾਫ਼ ਚੋਣ ਲੜੀ ਸੀ ਤੇ ਉਹ ਥੋੜ੍ਹੇ ਫ਼ਰਕ ਨਾਲ ਚੋਣ ਹਾਰ ਗਏ ਸਨ ਪਰ ਮੁੜ ਅਕਾਲੀ ਸਰਕਾਰ ਬਣਨ 'ਤੇ ਪਾਰਟੀ ਨੇ ਉਨ੍ਹਾਂ ਨੂੰ ਸਨੌਰ ਹਲਕੇ ਦਾ ਇੰਚਾਰਜ ਥਾਪ ਦਿੱਤਾ ਸੀ। ਪਿਛਲੇ ਸਮੇਂ ਬਦਲੇ ਸਮੀਕਰਨ ਮਗਰੋਂ ਪਾਰਟੀ ਨੇ ਉਨ੍ਹਾਂ ਕੋਲੋਂ ਹਲਕਾ ਇੰਚਾਰਜੀ ਖੋਹ ਕੇ ਪ੍ਰੇਮ ਸਿੰਘ ਚੰਦੂਮਾਜਰਾ ਦੇ ਪੁੱਤਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਹਵਾਲੇ ਕਰ ਦਿੱਤੀ ਸੀ। ਇਸ ਕਾਰਨ ਸੰਧੂ ਪਰਿਵਾਰ ਪਾਰਟੀ ਤੋਂ ਖ਼ਫ਼ਾ ਸੀ ਤੇ ਉਨ੍ਹਾਂ ਨੇ ਕੁਝ ਸਮੇਂ ਤੋਂ ਹਲਕਾ ਘਨੌਰ ਤੋਂ ਸਿਆਸੀ ਸਰਗਰਮੀ ਵਿੱਢੀ ਹੋਈ ਸੀ। ਉਨ੍ਹਾਂ ਨੂੰ ਆਸ ਸੀ ਕਿ ਪਾਰਟੀ ਸਨੌਰ ਦੀ ਬਜਾਏ ਘਨੌਰ ਤੋਂ ਟਿਕਟ ਦੇ ਸਕਦੀ ਹੈ, ਕਿਉਂਕਿ ਪਿਛਲੀ ਵਾਰ ਵੀ ਸੰਧੂ ਪਰਿਵਾਰ ਪਹਿਲਾਂ ਘਨੌਰ ਤੋਂ ਹੀ ਟਿਕਟ ਦਾ ਦਾਅਵੇਦਾਰ ਸੀ। ਪਾਰਟੀ ਹਾਈਕਮਾਂਡ ਨੇ ਲੰਘੇ ਦਿਨੀਂ ਘਨੌਰ ਹਲਕੇ ਤੋਂ ਮੌਜੂਦਾ ਵਿਧਾਇਕਾ ਹਰਪ੍ਰੀਤ ਕੌਰ ਮੁਖਮੈਲਪੁਰ ਨੂੰ ਹੀ ਟਿਕਟ ਦੇਣ ਦਾ ਐਲਾਨ ਕਰ ਦਿੱਤਾ, ਜਿਸ ਮਗਰੋਂ ਸੰਧੂ ਖੇਮੇ ਵਿੱਚ ਰੋਸ ਵਧ ਗਿਆ।
ਇਸੇ ਦੌਰਾਨ ਸੰਧੂ ਸਮਰਥਕਾਂ ਨੇ ਇੱਥੇ ਘਨੌਰ ਹਲਕੇ ਦੀ ਇਕੱਤਰਤਾ ਕੀਤੀ ਅਤੇ ਅਨੂਪਇੰਦਰ ਕੌਰ ਸੰਧੂ ਨੂੰ ਆਜ਼ਾਦ ਉਮੀਦਵਾਰ ਐਲਾਨ ਦਿੱਤਾ। ਇਸ ਇਕੱਤਰਤਾ ਦੌਰਾਨ ਸੰਧੂ ਜੋੜੀ ਨੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਨਾਂ ਲਏ ਬਿਨਾਂ ਮੰਚ ਤੋਂ ਉਨ੍ਹਾਂ ਖ਼ਿਲਾਫ਼ ਭੜਾਸ ਕੱਢੀ। ਵੱਖ ਵੱਖ ਆਗੂਆਂ ਨੇ ਗਿਲਾ ਕੀਤਾ ਕਿ ਜਿਹੜੇ ਲੋਕ ਪਿਛਲੀ ਵਾਰ ਸਨੌਰ ਹਲਕੇ ਵਿਚੋਂ ਕਾਂਗਰਸ ਨਾਲ ਕਥਿਤ ਮੁਲਾਹਜ਼ੇਦਾਰੀਆਂ ਦੀ ਵਜ੍ਹਾ ਨਾਲ ਚੋਣ ਲੜਨ ਤੋਂ ਇਨਕਾਰੇ ਗਏ ਸਨ, ਉਨ੍ਹਾਂ ਨੂੰ ਟਿਕਟ ਦਿੱਤੀ ਗਈ ਹੈ। ਸੰਧੂ ਜੋੜੀ ਨੇ ਪਾਰਟੀ ਹਾਈਕਮਾਂਡ ਖ਼ਿਲਾਫ਼ ਵੀ ਗੁੱਸਾ ਕੱਢਿਆ ਕਿ ਉਹ ਘਨੌਰ ਹਲਕੇ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਗਏ ਸਨ ਪਰ ਉਥੋਂ ਵੀ ਉਨ੍ਹਾਂ ਨੂੰ ਵਾਂਝੇ ਰੱਖ ਕੇ ਟਿਕਟ ਦਾ ਗਲਤ ਫ਼ੈਸਲਾ ਕੀਤਾ ਗਿਆ ਹੈ। ਇਸੇ ਰੋਸ ਵਜੋਂ ਇਹ ਚੋਣ ਲੜੀ ਜਾ ਰਹੀ ਹੈ।


ਬੀਬੀ ਅਨੂਪਇੰਦਰ ਕੌਰ ਸੰਧੂ ਤੇ ਤੇਜਿੰਦਰਪਾਲ ਸਿੰਘ ਸੰਧੂ ਆਪਣੇ ਸਮਰਥਕਾਂ ਨਾਲ

## ਅਕਾਲੀ ਵਿਧਾਇਕਾ ਭਾਗੀਕੇ ਵੱਲੋਂ ਅਕਾਲੀ ਦਲ ਤੋਂ ਅਸਤੀਫ਼ਾ

**ਨਿਹਾਲ ਸਿੰਘ ਵਾਲਾ/ਬਿਊਰੋ ਨਿਊਜ਼ :** ਨਿਹਾਲ ਸਿੰਘ ਵਾਲਾ (ਰਾਖਵੇਂ) ਤੋਂ ਹਲਕਾ ਵਿਧਾਇਕ ਰਾਜਵਿੰਦਰ ਕੌਰ ਭਾਗੀਕੇ ਨੇ ਵਿਧਾਨ ਸਭਾ ਤੇ ਅਕਾਲੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹਲਕਾ ਵਿਧਾਇਕਾ ਰਾਜਵਿੰਦਰ ਕੌਰ ਭਾਗੀਕੇ ਨੇ ਆਪਣੇ ਗ੍ਰਹਿ ਭਾਗੀਕੇ (ਨਿਹਾਲ ਸਿੰਘ ਵਾਲਾ) ਵਿੱਚ ਬੁਲਾਈ ਪ੍ਰੈੱਸ ਕਾਨਫ਼ਰੰਸ ਵਿੱਚ ਹਲਕਾ ਵਿਧਾਇਕ ਤੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੋਗਾ ਜ਼ਿਲ੍ਹੇ ਦੇ ਕੈਬਨਿਟ ਮੰਤਰੀ ਤੋਤਾ ਸਿੰਘ ਦੇ ਕਹਿਣ 'ਤੇ ਉਨ੍ਹਾਂ ਨੂੰ ਟਿਕਟ ਨਹੀਂ ਮਿਲਣ ਦਿੱਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਸ਼ਾਨਾਮੱਤੇ ਇਤਿਹਾਸ ਨੂੰ ਭੁੱਲ ਕੇ ਭ੍ਰਿਸ਼ਟ ਲੋਕਾਂ ਦਾ ਸਾਥ ਦੇ ਰਿਹਾ ਹੈ। ਉਨ੍ਹਾਂ ਨੂੰ ਭਰਮ ਹੈ ਕਿ ਇੱਕ ਕੈਬਨਿਟ ਮੰਤਰੀ ਜ਼ਿਲ੍ਹੇ ਦੀਆਂ ਚਾਰੋਂ ਸੀਟਾਂ ਤੋਂ ਅਕਾਲੀ ਦਲ ਨੂੰ ਜਿੱਤ ਦਿਵਾ ਦੇਵੇਗਾ।



ਉਨ੍ਹਾਂ ਕਿਹਾ ਕਿ ਪਾਰਟੀ ਉਨ੍ਹਾਂ ਦੇ ਪਰਿਵਾਰ ਜਿਹੇ ਸਮਰਪਿਤ ਟਕਸਾਲੀ ਤੇ ਇਮਾਨਦਾਰ ਆਗੂਆਂ ਨੂੰ ਨੁੱਕਰੇ ਲਾ ਕੇ ਇਲਾਕੇ ਦੇ ਲੋਕਾਂ ਨਾਲ ਧਰੋਹ ਕਰ ਰਹੀ ਹੈ ਅਤੇ ਅਕਾਲੀ ਦਲ ਦੀ ਯੋਗ ਆਗੂ ਦਾ ਮੁੱਲ ਪਾਉਣ ਦੀ ਰਵਾਇਤ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜ਼ਮੀਰ ਅਜਿਹੇ ਭ੍ਰਿਸ਼ਟ ਤੇ ਕੁਝ ਸਰਮਾਏਦਾਰ ਲੋਕਾਂ ਦੀ ਜਗੀਰ ਬਣੇ ਅਕਾਲੀ ਦਲ ਅਤੇ ਉਨ੍ਹਾਂ ਦੀ ਸਰਕਾਰ ਦੀ ਵਿਧਾਇਕੀ ਦੇ ਅਹੁਦੇ ਤੋਂ ਅਸਤੀਫ਼ਾ ਦਿੰਦੀ ਹੈ।

## ਕੈਪਟਨ ਅਮਰਿੰਦਰ ਸਿੰਘ ਦਾ ਅਸਤੀਫ਼ਾ ਮਨਜ਼ੂਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਲੋਕ ਸਭਾ ਵਿੱਚ ਕਾਂਗਰਸ ਦੇ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਦਾ ਅਸਤੀਫ਼ਾ ਸਪੀਕਰ ਸੁਮਿੱਤਰਾ ਮਹਾਜਨ ਨੇ ਪ੍ਰਵਾਨ ਕਰ ਲਿਆ। ਉਨ੍ਹਾਂ ਦਾ ਅਸਤੀਫ਼ਾ 23 ਨਵੰਬਰ ਤੋਂ ਮਨਜ਼ੂਰ ਕੀਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਸਪੀਕਰ ਨਾਲ ਮੁਲਾਕਾਤ ਕਰ ਕੇ ਸਦਨ ਦੀ ਮੈਂਬਰੀ ਤੋਂ ਅਸਤੀਫ਼ਾ ਦੇਣ ਦੀ ਇੱਛਾ ਜ਼ਾਹਰ ਕੀਤੀ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਸਬੰਧੀ ਸੁਪਰੀਮ ਕੋਰਟ ਦੇ 10 ਨਵੰਬਰ ਦੇ ਫੈਸਲੇ ਦੇ ਵਿਰੋਧ ਵਿੱਚ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES

30 ਨਵੰਬਰ 2016 ਤੋਂ 06 ਦਸੰਬਰ 2016

# ਨੋਟਬੰਦੀ ਬਨਾਮ ਦੇਸ਼ਬੰਦੀ

## ਅਣਆਈਆਂ ਮੌਤਾਂ ਤੇ ਆਰਥਿਕ ਸੰਕਟ ਲਈ ਗੁਨਾਹਗਾਰ ਕੌਣ ?

ਭਾਰਤ ਦਾ ਮੂੰਹ ਬੰਦ ਹੈ, ਪੇਟ ਬੰਦ ਹੈ, ਪਰ ਨਰਿੰਦਰ ਮੋਦੀ ਸਰਕਾਰ ਅਤੇ ਭਾਰਤ ਦੇ ਧਨ ਕੁਬੇਰ ਖੁਸ਼ ਨਜ਼ਰ ਆ ਰਹੇ ਹਨ। ਆਪਣੇ ਧਨ ਕੁਬੇਰਾਂ ਦਾ ਕਾਲਾ ਧਨ ਸਫ਼ੇਦ ਕਰਕੇ 'ਇੰਡੀਆ' ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ '56 ਇੰਚੀ ਛਾਤੀ' ਹੋਰ ਫੁੱਲ ਗਈ ਹੈ ਤੇ ਭਾਰਤ ਦੇ ਆਮ ਵਸਨੀਕ ਦੀਆਂ ਆਂਦਰਾਂ ਹੋਰ ਹੋਰ ਸੁੰਗੜ ਗਈਆਂ ਹਨ। ਕਰੋੜਾਂ-ਅਰਬਾਂ ਦਾ ਆਰਥਿਕ ਨੁਕਸਾਨ ਹੋ ਚੁੱਕਾ ਹੈ। 4-5 ਲੱਖ ਦੇ ਕਰੀਬ ਨੌਕਰੀਆਂ ਖ਼ਤਮ ਹੋਣ ਜਾ ਰਹੀਆਂ ਹਨ। ਦਿਹਾੜੀਦਾਰ ਮਜ਼ਦੂਰ ਕੰਮ ਦੀ ਆਸ 'ਚ ਲੇਬਰ ਚੌਕਾਂ ਵਿਚ ਬੈਠਾ ਖ਼ੁਦ ਦੀ ਹੋਣੀ ਨੂੰ ਝੂਰ ਰਿਹੈ ਤੇ ਜੋ ਮਾੜੀ-ਮੋਟੀ ਜਮ੍ਹਾਂ ਪੂੰਜੀ ਸੀ, ਉਹ ਵੀ ਧਨ-ਕੁਬੇਰਾਂ ਦੇ ਢਿੱਡ ਵਿਚ ਚਲੀ ਗਈ ਹੈ। ਜਿਹੜੇ ਕਾਰਖ਼ਾਨੇਦਾਰ ਮਹੀਨੇ ਮਗਰੋਂ 7 ਤਰੀਕ ਨੂੰ ਨੇਕ ਕਮਾਈ ਲੈ ਕੇ ਹਾਲੇ ਖ਼ਰਚਿਆਂ ਦੀਆਂ ਗਿਣਤੀਆਂ-ਮਿਣਤੀਆਂ ਵਿਚ ਹੀ ਉਲਝੇ ਸਨ, ਅਗਲੇ ਦਿਨ ਤੋਂ ਹੀ ਬੈਂਕਾਂ ਵਿਚ ਜਮ੍ਹਾਂ ਕਰਾਉਣ ਲਈ ਪਸੀਨੋ-ਪਸੀਨੀ ਹੋ ਰਹੇ ਹਨ। ਕਿਸੇ ਕੋਲ ਰਸੋਈ ਚਲਾਉਣ ਲਈ ਲੋੜੀਂਦਾ ਲੂਣ-ਤੇਲ ਲੈਣ ਲਈ ਪੈਸਾ ਨਹੀਂ, ਕਿਸੇ ਕੋਲ ਇਲਾਜ ਲਈ। ਲੰਬੀਆਂ ਕਤਾਰਾਂ ਵਿਚ ਲੱਗਿਆਂ ਨੂੰ ਪੁਲੀਸ ਦੇ ਡੰਡੇ ਪੈ ਰਹੇ ਹਨ। ਅਚਾਨਕ ਹੋਏ ਹੱਲੇ ਕਾਰਨ ਮਾਨਸਿਕ ਰੋਗੀਆਂ ਵਿਚ ਇਕ ਦਮ ਵਾਧਾ ਹੋਇਆ ਹੈ। ਨੋਟਬੰਦੀ ਵਾਲੇ ਦਿਨ ਤੋਂ ਲੈ ਕੇ ਹੁਣ ਤਕ ਸਰਕਾਰੀ ਅੰਕੜਿਆਂ ਮੁਤਾਬਕ ਸੌ ਤੋਂ ਕਿਤੇ ਵੱਧ ਮੌਤਾਂ ਹੋ ਚੁੱਕੀਆਂ ਹਨ ਤੇ ਇਸ ਦੀ ਵਿਕਰਾਲ ਭਿਆਨਕਤਾ ਨੂੰ ਦਰਸਾਉਂਦੇ ਗੈਰ-ਸਰਕਾਰੀ ਅੰਕੜੇ ਭਗਵੇਂ ਚਾਦਰੇ ਹੇਠ ਲਕੋਏ ਜਾ ਰਹੇ ਹਨ। ਆਖ਼ਰ ਇਨ੍ਹਾਂ ਅਣਆਈਆਂ ਮੌਤਾਂ ਦਾ ਕਾਤਲ ਕੌਣ ਹੈ ? ਇਹ ਸੁਲਗਦਾ ਸਵਾਲ ਹੈ ਜਿਸ 'ਤੇ ਮੋਦੀ ਸਰਕਾਰ ਨੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਕਾਲੇ ਧਨ ਦੇ ਮਹਾ-ਨਾਟਕ 'ਤੇ ਇਤਰਾਅ ਰਹੀ ਸਰਕਾਰ ਦਾ ਨੋਟਬੰਦੀ ਦਾ ਫ਼ੈਸਲਾ ਕੀ ਇਨ੍ਹਾਂ ਮੌਤਾਂ ਲਈ ਜ਼ਿੰਮੇਵਾਰ ਨਹੀਂ ? ਜਿਨ੍ਹਾਂ ਨੇ ਟੈਲੀਵਿਜ਼ਨ 'ਤੇ ਆ ਕੇ ਬੜੇ ਉਤਸ਼ਾਹ ਨਾਲ ਨੋਟਬੰਦੀ ਦਾ ਫ਼ਰਮਾਨ ਸੁਣਾਇਆ ਸੀ, ਕੀ ਹੁਣ ਉਨ੍ਹਾਂ ਦੀ ਇਹ ਜ਼ਿੰਮੇਵਾਰੀ ਨਹੀਂ ਬਣਦੀ ਕਿ ਇਨ੍ਹਾਂ ਮੌਤਾਂ ਲਈ ਜਵਾਬਦੇਹ ਹੋਵੇ ?

ਹਰ ਪਾਸੇ ਹਾ-ਹਾ ਕਾਰ ਮੱਚਣ ਦੇ ਬਾਵਜੂਦ ਬੜੀ ਬੇਸ਼ਰਮੀ ਨਾਲ ਕਿਹਾ ਜਾ ਰਿਹਾ ਹੈ ਕਿ ਇਸ ਫ਼ੈਸਲੇ ਦਾ ਸਮੁੱਚੇ ਭਾਰਤ ਨੇ ਸਮਰਥਨ ਕੀਤਾ ਹੈ। ਕਤਾਰਾਂ ਵਿਚ, ਟੈਲੀਵਿਜ਼ਨਾਂ ਸ਼ੋਆਂ ਵਿਚ ਆਪਣੀ ਭਗਵੀਂ ਬ੍ਰਿਗੇਡ ਖੜ੍ਹੀ ਕਰਕੇ 'ਹਰਿ ਹਰਿ ਮੋਦੀ' ਦੇ ਨਾਅਰੇ ਲਵਾਏ ਜਾ ਰਹੇ ਹਨ। ਇਕ ਹੋਰ ਬੇਸ਼ਰਮੀ ਇਹ ਵੀ ਹੈ ਕਿ ਲੋਕਾਂ ਨੂੰ ਆਪਣਾ ਪੈਸਾ ਬੈਂਕਾਂ ਵਿਚੋਂ ਨਹੀਂ ਮਿਲ ਰਿਹਾ ਤੇ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ 'ਬਿਗ ਬਾਜ਼ਾਰ' ਵਿਚ ਜਾ ਕੇ ਦੋ ਹਜ਼ਾਰ ਰੁਪਏ ਲੈ ਸਕਦੇ ਹਨ। ਸਵਾਲਾਂ ਦਾ ਸਵਾਲ ਇਹ ਹੈ ਕਿ ਬੈਂਕਾਂ ਵਿਚ ਪੈਸਾ ਪਹੁੰਚ ਨਹੀਂ ਰਿਹਾ ਪਰ ਸਰਕਾਰ ਜਨ-ਸਾਧਾਰਨ ਨੂੰ 'ਬਿਗ ਬਾਜ਼ਾਰ' ਵੱਲ ਕਿਉਂ ਧੱਕ ਰਹੀ ਹੈ ? ਜੁਆਬ ਬਿਲਕੁਲ ਸਾਫ਼ ਹੈ ਕਿ ਛੋਟੇ ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਦਾ ਰੁਜ਼ਗਾਰ ਚੌਪਟ ਕਰਕੇ ਬਿਲਕੁਲ ਆਮ ਬੰਦੇ ਨੂੰ ਵੀ ਮੌਲਾਂ ਵਿਚ ਬਿਗ ਬਾਜ਼ਾਰ ਅਤੇ ਰਿਲਾਇੰਸ ਦੀ ਮੰਡੀ ਦੀਆਂ ਬਿਜਲਈ ਪੌੜੀਆਂ ਦਾ ਆਦੀ ਬਣਾਉਣਾ ਹੈ। ਸਭ ਤੋਂ ਵੱਡੀ ਬੇਸ਼ਰਮੀ ਤਾਂ ਉਦੋਂ ਸਾਹਮਣੇ ਆਈ ਜਦੋਂ ਆਰ.ਬੀ.ਆਈ. ਨੇ ਸਹਿਕਾਰੀ ਬੈਂਕਾਂ ਨੂੰ ਪੈਸਾ ਦੇਣ ਤੋਂ ਸ਼ਰੇਆਮ ਇਨਕਾਰ ਕਰ ਦਿੱਤਾ। ਸਹਿਕਾਰੀ ਬੈਂਕ, ਜਿਨ੍ਹਾਂ 'ਤੇ ਪੇਂਡੂ ਅਰਥ-ਵਿਵਸਥਾ ਟਿਕੀ ਹੋਈ ਹੈ, ਜਿਨ੍ਹਾਂ 'ਤੇ ਖੇਤੀ ਅਰਥਚਾਰਾ ਟਿਕਿਆ ਹੋਇਆ ਹੈ; ਇਉਂ ਕਰਕੇ ਇਸ ਦਾ ਭੋਗ ਪਾਉਣ ਦੀ ਤਿਆਰੀ ਹੈ। ਸਹਿਕਾਰੀ ਬੈਂਕਾਂ ਦੇ ਮੁਲਾਜ਼ਮਾਂ ਨੂੰ ਪੈਸਾ ਲੈਣ ਲਈ ਹੜਤਾਲ ਕਰਨੀ ਪੈ ਰਹੀ ਹੈ। ਸਵਾਲ ਹੈ ਕਿ ਕੀ ਰੇਡੀਓ 'ਤੇ 'ਮਨ ਕੀ ਬਾਤ' ਸੁਣਾਉਣ ਵਾਲਿਆਂ ਨੂੰ ਕਰੋੜਾਂ ਲੋਕਾਂ ਦਾ ਮਨ ਟਟੋਲਣ ਦੀ ਫ਼ੁਰਸਤ ਨਹੀਂ ? ਗੈਸ ਸਬਸਿਡੀ ਬੰਦ ਕਰਕੇ ਚੁੱਲ੍ਹੇ ਭਖਾਉਣ ਵਾਲੀਆਂ ਔਰਤਾਂ ਨੂੰ ਸਿਲੰਡਰ ਦੇਣ ਲਈ ਹੰਝੂ ਵਹਾਉਣ ਵਾਲੇ ਨਰਿੰਦਰ ਮੋਦੀ ਨੂੰ ਠੰਢੇ ਚੁੱਲ੍ਹੇ ਨਜ਼ਰ ਨਹੀਂ ਆ ਰਹੇ। ਸਰਕਾਰ ਨੇ ਨਾ ਤਾਂ ਨੋਟਬੰਦੀ ਕਾਰਨ ਪੈਦਾ ਹੋਣ ਵਾਲੀ ਵਿਆਪਕ ਪੀੜਾ ਦਾ ਅੰਦਾਜ਼ਾ ਲਾਇਆ ਤੇ ਨਾ ਹੀ ਕੋਈ ਕਾਰਗਰ ਇੰਤਜ਼ਾਮ ਹੀ ਕੀਤੇ। ਅਰਬਾਂ ਦਾ ਭ੍ਰਿਸ਼ਟਾਚਾਰ ਕਰਨ ਵਾਲੇ ਕਿਸੇ ਵੀ 'ਭੱਦਰ ਪੁਰਸ਼' ਨੂੰ ਕੋਈ ਮੁਸ਼ਕਲ ਨਹੀਂ ਆਈ। ਦੂਸਰੇ ਪਾਸੇ ਨੋਟਬੰਦੀ ਦਾ ਫ਼ੈਸਲਾ ਲੈਣ ਵਾਲੇ ਵਿਅੰਗ ਕਰ ਰਹੇ ਹਨ ਕਿ ਇਹ ਜਿਹੜੇ ਕਤਾਰ ਵਿਚ ਹਨ, ਉਹ ਕਾਲੇ ਧਨ ਵਾਲੇ ਹਨ। ਸਰਕਾਰ ਇਸ ਗੱਲ ਤੋਂ ਤਾਂ ਅਣਜਾਣ ਨਹੀਂ ਹੋ ਸਕਦੀ ਕਿ ਨੋਟਬੰਦੀ ਨਾਲ ਅੱਜ ਤਕ ਕਿਸੇ ਦਾ ਭਲਾ ਨਹੀਂ ਹੋਇਆ। 1982 ਵਿਚ ਘਾਨਾ ਵਰਗੇ ਗ਼ਰੀਬ ਅਫ਼ਰੀਕੀ ਮੁਲਕ ਵਿਚ ਫੈਲੇ ਵਿਆਪਕ ਭ੍ਰਿਸ਼ਟਾਚਾਰ ਤੇ ਟੈਕਸ ਚੋਰੀ ਰੋਕਣ ਲਈ ਸਰਕਾਰ ਨੇ ਵੱਡੇ ਨੋਟਾਂ 'ਤੇ ਪਾਬੰਦੀ ਲਾ ਦਿੱਤੀ। ਮੁੱਠੀ ਭਰ ਅਮੀਰਾਂ ਨੇ ਰਾਤੋ-ਰਾਤ ਆਪਣੇ ਕਾਲੇ ਧਨ ਨੂੰ ਵਿਦੇਸ਼ੀ ਮੁਦਰਾ ਵਿਚ ਬਦਲ ਲਿਆ। ਗ਼ਰੀਬ ਜਨਤਾ ਰਾਤੋ-ਰਾਤ ਲੁੱਟੀ ਗਈ। ਦੇਸ਼ ਦੀ ਪੂਰੀ ਅਰਥ ਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਗਈ। ਉਤਰੀ ਕੋਰੀਆ ਵੀ ਅਜਿਹੇ ਫ਼ੈਸਲੇ ਕਾਰਨ ਭੁੱਖਮਰੀ ਦਾ ਸ਼ਿਕਾਰ ਹੋਇਆ। ਕਿਸੇ ਵੇਲੇ ਸੋਵੀਅਤ ਰਾਸ਼ਟਰਪਤੀ ਮਿਖਾਇਲ ਗੋਰਬਾਚੇਵ ਦੇ ਨੋਟਬੰਦੀ ਦੇ ਫ਼ੈਸਲੇ ਨੇ ਆਰਥਿਕ ਵਿਵਸਥਾ ਨੂੰ ਤਾਂ ਢਾਹ ਲਾਈ ਹੀ, ਨਾਲੋ ਨਾਲ ਭਿਆਨਕ ਸਿਆਸੀ ਅਸਥਿਰਤਾ ਪੈਦਾ ਕਰ ਦਿੱਤੀ, ਜਿਸ ਕਾਰਨ ਸੋਵੀਅਤ ਸੰਘ ਵੀ ਟੋਟੇ ਟੋਟੇ ਹੋ ਗਿਆ ਸੀ। ਭਾਰਤ ਵਿਚ ਹੁਣ ਤੱਕ ਹਾਕਮਾਂ ਨੇ ਚਾਰ ਵਾਰ ਕਰੰਸੀ ਬਦਲਣ ਦਾ ਫ਼ੁਰਮਾਨ ਸੁਣਾਇਆ ਹੈ। ਸਭ ਤੋਂ ਪਹਿਲਾਂ ਦਿੱਲੀ ਦੇ ਸੁਲਤਾਨ ਮੁਹੰਮਦ ਬਿਨ ਤੁਗ਼ਲਕ ਨੇ ਜਦੋਂ ਫਰਮਾਨ ਜਾਰੀ ਕੀਤਾ ਤਾਂ ਇਸ ਫ਼ੈਸਲੇ ਨੇ ਉਸ ਦੇ ਰਾਜ ਦੀਆਂ ਨੀਂਹਾਂ ਹਿਲਾ ਕੇ ਰੱਖ ਦਿੱਤੀਆਂ ਸਨ। ਦੂਜੀ ਵਾਰ 1950 ਵਿਚ ਆਜ਼ਾਦ ਭਾਰਤ ਵਿਚ ਕਰੰਸੀ ਬਦਲੀ ਗਈ। ਫਿਰ ਉਦੋਂ ਸਰਕਾਰ ਨੇ ਸੂਝ ਨਾਲ ਕੰਮ ਲਿਆ ਸੀ। ਉਸ ਵੇਲੇ ਬ੍ਰਿਟਿਸ਼ ਸਮਰਾਟ ਜਾਰਜ 6ਵੇਂ ਦੀ ਫੋਟੋ ਵਾਲੇ ਨੋਟ ਸਨ। ਭਾਰਤ ਸਰਕਾਰ ਨੇ ਅਸ਼ੋਕ ਸਮਰਾਟ ਦੇ ਸ਼ੇਰ ਦੀ ਮੂਰਤੀ ਵਾਲੇ ਨੋਟ ਜਾਰੀ ਕੀਤੇ। ਕਈ ਸਾਲ ਤੱਕ ਦੋਵੇਂ ਕਰੰਸੀਆਂ ਇਕੱਠੀਆਂ ਚਲਦੀਆਂ ਰਹੀਆਂ। ਹਫੜਾ-ਦਫੜੀ ਦੀ ਥਾਂ ਬ੍ਰਿਟਿਸ਼ ਰੁਪਇਆ ਬੈਂਕ ਵਿਚ ਜਮ੍ਹਾਂ ਕਰਵਾਇਆ ਤੇ ਉਹਦੇ ਬਦਲੇ ਵਿਚ ਭਾਰਤੀ ਕਰੰਸੀ ਦਿੱਤੀ। ਲੋਕਾਂ ਨੂੰ ਪਤਾ ਹੀ ਨਹੀਂ ਚੱਲਿਆ ਕਿ ਕਦੋਂ ਕਰੰਸੀ ਬਦਲੀ ਗਈ। 1977 ਵਿਚ ਜਨਤਾ ਪਾਰਟੀ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਵੱਡੇ ਨੋਟ ਬੰਦ ਕਰਨ ਦਾ ਫ਼ੈਸਲਾ ਕੀਤਾ। ਉਦੋਂ ਆਮ ਲੋਕਾਂ ਕੋਲ ਵੱਡੇ ਨੋਟ ਉਂਜ ਵੀ ਨਹੀਂ ਹੁੰਦੇ ਸਨ ਤੇ ਆਬਾਦੀ ਵੀ ਏਨੀ ਨਹੀਂ ਸੀ। ਇਸ ਲਈ ਆਮ ਜਨਤਾ ਨੂੰ ਕੋਈ ਜ਼ਿਆਦਾ ਨੁਕਸਾਨ ਨਾ ਹੋਇਆ। ਹੁਣ ਜਦੋਂ ਮੋਦੀ ਸਰਕਾਰ ਨੇ ਨੋਟਬੰਦੀ ਦਾ ਫ਼ੈਸਲਾ ਲਿਆ ਤਾਂ ਆਬਾਦੀ 130 ਕਰੋੜ ਦੇ ਨੇੜੇ ਹੈ। 500 ਤੇ ਹਜ਼ਾਰ ਦੇ ਨੋਟਾਂ ਦੀ ਭਰਮਾਰ ਹੈ। ਆਖ਼ਰੀ ਗੱਲ, ਜਿਸ ਤਰ੍ਹਾਂ ਮੋਦੀ ਸਰਕਾਰ ਨੇ ਤੁਰਤ-ਫੁਰਤ ਨੋਟਬੰਦੀ ਦਾ ਫ਼ੈਸਲਾ ਸੁਣਾਇਆ, ਉਸ ਤੋਂ ਉਸ ਦੀ ਨੀਤੀ ਅਤੇ ਨੀਅਤ 'ਤੇ ਸ਼ੱਕ ਹੋਣਾ ਵਾਜਬ ਹੈ। ਕੀ ਆਉਣ ਵਾਲਾ ਸਮਾਂ ਇਤਿਹਾਸ ਵਿਚ ਨੋਟਬੰਦੀ ਨਾਲ ਏਨੇ ਲੋਕਾਂ ਦੀਆਂ ਮੌਤਾਂ ਦੇ ਨਾਲ ਨਾਲ ਅਰਥ-ਵਿਵਸਥਾ ਦੀ ਮੌਤ ਲਈ ਮੋਦੀ ਸਰਕਾਰ ਦਾ ਨਾਂ ਗੁਨਾਹਗਾਰ ਵਜੋਂ ਦਰਜ ਨਹੀਂ ਕਰੇਗਾ ?

ਨੌਵੇਂ ਪਾਤਸ਼ਾਹ ਦੇ ਸ਼ਹੀਦੀ ਦਿਵਸ ਮੌਕੇ (4 ਦਸੰਬਰ, ਐਤਵਾਰ)

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੀਵਨ ਵਿਚ ਢਾਲਣ ਦੀ ਲੋੜ



**ਇਨ੍ਹਾਂ ਦਿਨਾਂ ਵਿੱਚ ਸਮੇਂ ਦੇ ਹਾਕਮ ਔਰੰਗਜ਼ੇਬ ਵੱਲੋਂ ਹਿੰਦੂ ਜਨਤਾ ਉੱਤੇ ਬੇ-ਹਿਸਾਬ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਕਰਕੇ ਉਨ੍ਹਾਂ ਨੂੰ ਇਸਲਾਮ ਵਿੱਚ ਲਿਆਉਣ ਲਈ ਕੋਝੇ ਹਥਕੰਡੇ ਵਰਤੇ ਜਾ ਰਹੇ ਸਨ ਅਤੇ ਤਲਵਾਰ ਦੀ ਖੁੱਲ੍ਹ ਕੇ ਵਰਤੋਂ ਆਰੰਭ ਕਰ ਦਿੱਤੀ ਹੋਈ ਸੀ। ਜਿਸ ਕਰਕੇ ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਆ ਫਰਿਆਦੀ ਹੋਇਆ। ਪੰਡਿਤਾਂ ਵੱਲੋਂ ਆਪਣੇ ਧਰਮ ਦੀ ਰੱਖਿਆ ਦੀ ਮੰਗ ਕੀਤੀ ਗਈ ਤਾਂ ਸਤਿਗੁਰੂ ਜੀ ਨੇ ਜੋ ਸ਼ਰਨ ਆਵੇ ਤਿਸ ਕੰਠ ਲਾਵੇ ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਬਾਂਹ ਫੜੀ ਅਤੇ ਦਿੱਲੀ ਦਰਬਾਰ ਦੇ ਵਿਰੋਧ ਵਿੱਚ ਟੱਕਰ ਲੈਣ ਦਾ ਫੈਸਲਾ ਕੀਤਾ। ਆਪ ਨੇ ਐਲਾਨ ਕੀਤਾ ਕਿ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ 'ਨਾ ਕਿਸੇ ਤੋਂ ਡਰੋ ਅਤੇ ਨਾ ਕਿਸੇ ਨੂੰ ਡਰਾਓ'।**

**ਇਕਵਾਕ ਸਿੰਘ ਪੱਟੀ**
(ਮੋਬਾਈਲ : 98150-24920)

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ 5 ਵੈਸਾਖ ਸੰਮਤ 1678, ਚੰਦ ਦੇ ਹਿਸਾਬ ਨਾਲ ਵੈਸਾਖ ਸੁਦੀ 5, 1 ਅਪ੍ਰੈਲ 1621 ਦਿਨ ਐਤਵਾਰ ਨੂੰ ਮਾਤਾ ਨਾਨਕੀ ਜੀ ਦੀ ਕੁਖੋਂ ਅੰਮ੍ਰਿਤਸਰ, ਜਿਥੇ ਅੱਜ ਗੁਰਦੁਆਰਾ ਗੁਰੂ ਕੇ ਮਹਲ ਸਥਿਤ ਹੈ, ਵਿਖੇ ਹੋਇਆ। ਆਪ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਨੇ 9 ਸਾਲ ਦੇ ਕਰੀਬ ਸਮਾਂ ਅੰਮ੍ਰਿਤਸਰ ਵਿਖੇ ਗੁਜ਼ਾਰਿਆ ਅਤੇ ਫਿਰ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਚਲੇ ਗਏ। ਅਠਵੇਂ ਪਤਾਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ 3 ਵੈਸਾਖ (ਚੇਤਰ ਸੁਦੀ 14) ਸੰਮਤ 1721 (ਮੁਤਾਬਕ 30 ਮਾਰਚ, ਸੰਨ 1664) ਨੂੰ ਜੋਤੀ ਜੋਤ ਸਮਾਉਣ ਲੱਗਿਆਂ ਸੰਗਤ ਨੂੰ ਹਦਾਇਤ ਕਰ ਗਏ ਕਿ 'ਬਾਬਾ ਵਸੇ ਗ੍ਰਾਮ ਬਕਾਲੇ'। ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਕਿਹਾ ਗਿਆ ਸੀ। ਉਸ ਸਮੇਂ ਤੱਕ ਗੁਰੂ ਸਾਹਿਬਾਨ ਪ੍ਰਤੀ ਬਾਬਾ ਲਫ਼ਜ਼ ਆਮ ਵਰਤਿਆ ਜਾਣ ਲੱਗਾ ਪਿਆ ਸੀ। (ਹਵਾਲਾ ਪ੍ਰੋ. ਸਾਹਿਬ ਸਾਹਿਬ ਸਿੰਘ ਲਿਖਤ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ') ਭਾਈ ਗੁਰਦਾਸ ਜੀ ਵੱਲੋਂ ਵੀ ਆਪਣੀਆਂ ਵਾਰਾਂ ਵਿੱਚ ਗੁਰੂ ਨਾਨਕ ਸਾਹਿਬ ਮਾਹਰਾਜ ਲਈ ਸ਼ਬਦ ਬਾਬਾ ਵਰਤਿਆ ਗਿਆ ਸੀ। ਬੇਸ਼ੱਕ ਅੱਜ ਕੁੱਝ ਲੋਕ ਇਤਰਾਜ਼ ਕਰ ਰਹੇ ਹਨ ਕਿ ਗੁਰੂ ਨਾਨਕ ਸਾਹਿਬ ਨੂੰ ਸਿਰਫ਼ 'ਬਾਬਾ ਨਾਨਕ' ਸੰਬੋਧਨ ਕਰਕੇ ਗੁਰੂ ਸਾਹਿਬਾਨ ਦੇ ਸਤਿਕਾਰ ਨੂੰ ਠੇਸ ਪਹੁੰਚਾ ਰਹੇ ਹਨ, ਜੋ ਕਿ ਨਿਰਮੂਲ ਹੈ।

ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਲੱਗੀਆਂ 22 ਨਕਲੀ ਮੰਜੀਆਂ ਵਿਚੋਂ ਆਪਣੇ ਸੱਚੇ ਪ੍ਰੀਤਮ ਨੂੰ ਲੱਭਣਾ ਅਤੇ 'ਗੁਰੂ ਲਾਧੋ ਰੇ' ਦਾ ਨਾਅਰਾ ਮਾਰਨ ਵਾਲੀ ਸਾਖੀ ਤੋਂ ਸਾਰਾ ਸਿੱਖ ਜਗਤ ਵਾਕਿਫ ਹੈ, ਉਹ ਗੱਲ ਵੱਖਰੀ ਹੈ ਕਿ ਅੱਜ ਦਾ ਸਿੱਖ ਸ਼ਰਧਾਲੂ ਪ੍ਰਤੱਖ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਵੇਖ ਕੇ ਵੀ ਕੋਲ ਡੱਠੀ ਇੱਕ ਨਕਲੀ ਮੰਜੀ 'ਤੇ ਰੱਖੇ ਬਚਿੱਤਰ ਨਾਟਕ ਨੂੰ ਵੀ ਬਰਾਬਰ ਮਾਨਤਾ ਦੇਈ ਜਾਣ ਤੇ ਚੁੱਪ ਕਰਕੇ ਬੈਠਾ "ਮੈਨੂੰ ਕੀ ?" ਵਾਲੀ ਵਿਚਾਰਧਾਰਾ ਦਾ ਧਾਰਨੀ ਬਣ ਗਿਆ ਹੈ ਅਤੇ ਪ੍ਰਤੱਖ ਗੁਰੂ ਹੁੰਦਾ ਹੋਇਆ ਵੀ ਦੁਚਿਤੀ ਵਿੱਚ ਫਸਿਆ ਪਿਆ ਹੈ। ਖੈਰ! ਆਪਣੇ ਵਿਸ਼ੇ ਵੱਲ ਆਈਏ। ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੁੱਚੀ ਮਾਨਵਤਾ ਨੂੰ ਸਰਬ ਸਾਂਝਾ ਉਪਦੇਸ਼ ਦੇਣ ਲਈ ਅਤੇ ਇਕ ਨਵੀਂ ਨਿਰੋਈ ਜੀਵਨ ਜਾਂਚ ਜਿਸ ਦਾ ਮੁੱਢ ਬਾਬਾ ਨਾਨਕ ਜੀ ਰੱਖ ਕੇ ਗਏ ਸਨ, ਨੂੰ ਅੱਗੇ ਵਧਾਉਣ ਲਈ ਲੰਮੇ-ਲੰਮੇ ਪ੍ਰਚਾਰਕ ਦੌਰੇ ਕੀਤੇ। ਆਪ ਜੀ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਮਾਤਾ ਨਾਨਕੀ ਜੀ ਦੇ ਨਾਮ ਤੇ 'ਚੱਕ ਨਾਨਕੀ' ਨਾਮੀ ਨਗਰ ਵਸਾਇਆ ਜਿਸ ਨੂੰ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਨ੍ਹਾਂ ਦਿਨਾਂ ਵਿੱਚ ਸਮੇਂ ਦੇ ਹਾਕਮ ਔਰੰਗਜ਼ੇਬ ਵੱਲੋਂ ਹਿੰਦੂ ਜਨਤਾ ਉੱਤੇ ਬੇ-ਹਿਸਾਬ ਜ਼ੁਲਮ ਕੀਤੇ ਜਾ ਰਹੇ ਸਨ ਅਤੇ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਕਰਕੇ ਉਨ੍ਹਾਂ ਨੂੰ ਇਸਲਾਮ ਵਿੱਚ ਲਿਆਉਣ ਲਈ ਕੋਝੇ ਹਥਕੰਡੇ ਵਰਤੇ ਜਾ ਰਹੇ ਸਨ ਅਤੇ ਤਲਵਾਰ ਦੀ ਖੁੱਲ੍ਹ ਕੇ ਵਰਤੋਂ ਆਰੰਭ ਕਰ ਦਿੱਤੀ ਹੋਈ ਸੀ। ਜਿਸ ਕਰਕੇ ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ ਵਿੱਚ ਆ ਫਰਿਆਦੀ ਹੋਇਆ। ਪੰਡਿਤਾਂ ਵੱਲੋਂ ਆਪਣੇ ਧਰਮ ਦੀ ਰੱਖਿਆ ਦੀ ਮੰਗ ਕੀਤੀ ਗਈ ਤਾਂ ਸਤਿਗੁਰੂ ਜੀ ਨੇ ਜੋ ਸ਼ਰਨ ਆਵੇ ਤਿਸ ਕੰਠ ਲਾਵੇ ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਬਾਂਹ ਫੜੀ ਅਤੇ ਦਿੱਲੀ ਦਰਬਾਰ ਦੇ ਵਿਰੋਧ ਵਿੱਚ ਟੱਕਰ ਲੈਣ ਦਾ ਫੈਸਲਾ ਕੀਤਾ। ਆਪ ਨੇ ਐਲਾਨ ਕੀਤਾ ਕਿ ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ 'ਨਾ ਕਿਸੇ ਤੋਂ ਡਰੋ ਅਤੇ ਨਾ ਕਿਸੇ ਨੂੰ ਡਰਾਓ'।

ਗ੍ਰਿਫਤਾਰੀ ਮੌਕੇ ਗੁਰੂ ਜੀ ਨਾਲ ਤਿੰਨ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਇਆਲਾ ਜੀ ਸਨ। ਇਸ ਮੌਕੇ ਆਪ ਜੀ ਨੂੰ ਮੁਸਲਮਾਨ ਬਣਨ ਲਈ ਕਈ ਤਰ੍ਹਾਂ ਦੇ ਲਾਲਚ ਤੋਂ ਇਲਾਵਾ ਡਰਾਇਆ ਧਮਕਾਇਆ ਗਿਆ ਅਤੇ ਕਤਲ ਤੱਕ ਕਰਨ ਦਾ ਹੁਕਮ ਦਿੱਤਾ ਗਿਆ ਕਿ ਸ਼ਾਇਦ ਮੌਤ ਦੇ ਡਰਾਵੇ ਨਾਲ ਗੁਰੂ ਜੀ ਇਸਲਾਮ ਕਬੂਲ ਕਰ ਲੈਣ। ਜੈਸਾ ਕਿ ਸੈਰੁਲ ਮਤਾਖ਼ਰੀਨ ਦਾ ਲਿਖਾਰੀ ਲਿਖਦਾ ਹੈ ਕਿ "ਬਾਅਦ ਚੰਦ ਰੋਜ਼ ਹੁਕਮਿ ਦੀਗ ਦਰ ਬਾਰਾਏ ਤੇਗ ਬਹਾਦਰ ਰਸੀਦ ਕਿ ਊ ਰਾ ਕੁਸ਼ਤਹ ਵਜੂਦਸ਼ ਰਾ ਚੰਦ ਹਿੱਸਾ ਨਮੂਦਹ ਅਤਰਾਫ਼ੇ ਸ਼ਹਿਰ ਬਿਆਵੇਜ਼ੰਦ" ਭਾਵ- ਗੁਰੂ ਤੇਗ ਬਹਾਦਰ ਨੂੰ ਕਤਲ ਕੀਤਾ ਜਾਵੇ, ਉਸ ਦੇ ਜਿਸਮ ਦੇ ਟੋਟੇ ਕਰਕੇ ਸ਼ਹਿਰ ਦੇ ਸਭਨੀ ਪਾਸੀਂ ਲਟਕਾ ਦਿੱਤੇ ਜਾਣ। ਇਸ ਤਰ੍ਹਾਂ ਦੇ ਡਾਰਵਿਆਂ ਦੇ ਨਾਲ ਆਪ ਜੀ ਦੀਆਂ ਅੱਖਾਂ ਸਾਹਵੇਂ ਆਪ ਜੀ ਦੇ ਅੰਨਿਨ ਸਿੱਖ ਸ਼ਰਧਾਲੂ ਭਾਈ ਮਤੀ ਦਾਸ ਜੀ ਨੂੰ ਜਿਉਂਦੇ ਜੀਅ ਆਰਿਆਂ ਨਾਲ ਚੀਰ ਕੇ ਦੋਫਾੜ ਕਰ ਦਿੱਤਾ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕਿ ਜਿਉਂਦਾ ਸਾੜਿਆ ਗਿਆ ਅਤੇ ਭਾਈ ਦਇਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਪਾ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਉਨ੍ਹਾਂ ਜ਼ਾਲਮਾਂ ਦੇ ਇਹ ਡਰਾਵੇ ਸਾਹਿਬ ਗੁਰੂ ਤੇਗ ਬਹਾਦੁਰ ਜੀ ਦੇ ਨਿਸ਼ਚੇ ਨੂੰ ਨਾ ਡੋਗ ਸਕੇ ਅਤੇ ਅੰਤ 11 ਨਵੰਬਰ ਸੰਨ 1675, ਵੀਰਵਾਰ ਦੇਸੀ ਸੰਮਤ 1732 ਮੱਘਰ ਮਹੀਨੇ ਦੀ 11 ਤਰੀਕ ਨੂੰ ਚਾਂਦਨੀ ਚੌਕ ਵਿਖੇ ਨੌਵੇਂ ਪਤਾਸ਼ਾਹ ਸਤਿਗੁਰੂ ਜੀ ਨੂੰ ਤਲਵਾਰ ਨਾਲ ਸੀਸ ਧੜ ਤੋਂ ਵੱਖ ਕਰਕੇ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਇਸ ਸ਼ਹੀਦੀ ਨੂੰ ਵੇਖ ਕੇ ਲੋਕਾਂ ਵਿੱਚ ਹਾਹਾਕਾਰ ਮੱਚ ਗਈ ਅਤੇ ਇਸੇ ਭਗਦੜ ਦੌਰਾਨ ਭਾਈ ਜੈਤਾ ਜੀ ਨੇ ਹਿੰਮਤ ਕਰਕੇ ਗੁਰੂ ਸਾਹਿਬ ਦਾ ਸੀਸ ਚੁੱਕ ਦਿੱਲੀ ਤੋਂ 200 ਮੀਲ ਦੀ ਵਿੱਥ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾਇਆ ਅਤੇ ਦੂਜੇ ਪਾਸੇ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਉਦਾ ਜੀ ਨੇ ਸਲਾਹ ਕਰਕੇ ਸਮੇਂ ਨੂੰ ਸੰਭਾਲਦਿਆਂ ਗੁਰੂ ਜੀ ਦਾ ਧੜ ਮੁਗਲਾਂ ਦੇ ਘੇਰੇ ਵਿੱਚੋਂ ਚੁੱਕ ਲਿਆਂਦਾ ਅਤੇ ਤਿੰਨ ਮੀਲ ਦੀ ਵਿੱਥ 'ਤੇ ਰਕਾਬ ਗੰਜ ਵਿਖੇ ਭਾਈ ਲੱਖੀ ਨੇ ਆਪਣੇ ਘਰ ਵਿੱਚ ਗੁਰੂ ਜੀ ਦਾ ਧੜ ਰੱਖ ਸਮੇਤ ਸਾਰੇ ਸਾਮਾਨ ਦੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਅਤੇ ਆਪਣਾ ਸੱਚਾ ਸੁੱਚਾ ਫਰਜ਼ ਪੂਰਾ ਕਰ ਦਿੱਤਾ। ਉਸ ਸਥਾਨ ਤੇ ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ ਸੁਸ਼ੋਭਿਤ ਹੈ। ਭਾਈ ਜੈਤਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗਲ ਨਾਲ ਲਗਾ ਕੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਮਾਣ ਦਿੱਤਾ ਅਤੇ 1699 ਦੀ ਵਿਸਾਖੀ ਨੂੰ ਖਾਲਸਾ ਸਜਾਉਣ ਵਕਤ ਜੈਤਾ ਜੀ ਨੂੰ ਜੀਵਣ ਸਿੰਘ ਅਤੇ ਭਾਈ ਉਦਾ ਜੀ ਨੂੰ 'ਉਦੇ ਸਿੰਘ ਬਣਾ ਦਿੱਤਾ। ਜਿਥੇ ਗੁਰੂ ਜੀ ਦੇ ਸੀਸ ਦਾ ਸਤਿਕਾਰ ਹੋਇਆ, ਉਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਹੈ।

**ਸਿੱਖਿਆਵਾਂ :**

ਆਪ ਜੀ ਦੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁੱਲ 59 ਸ਼ਬਦ ਅਤੇ 57 ਸਲੋਕ ਹਨ। ਆਪ ਜੀ ਨੇ ਜੈਜਾਵੰਤ ਰਾਗ ਵਿੱਚ ਆਪਣੀ ਬਾਣੀ ਉਚਾਰੀ। ਆਪ ਜੀ ਨੇ ਮਨੁੱਖਤਾ ਨੂੰ ਸਰਬਸਾਂਝਾ ਉਪਦੇਸ਼ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਦਾ ਸਿਧਾਂਤ ਹੋਰ ਮਜ਼ਬੂਤੀ ਨਾਲ ਦ੍ਰਿੜ ਕਰਵਾਇਆ ਕਿ ਇਹ ਰਚਨਾ ਪ੍ਰਮਾਤਮਾ ਦੀ ਬਣਾਈ ਹੋਈ ਹੈ ਅਤੇ ਅਕਾਲ ਪੁਰਖ ਆਪਿ ਇਸ ਕਾਇਨਾਤ ਵਿੱਚ ਵੱਸ ਰਿਹਾ ਹੈ :

ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ ॥
(ਧਨਾਸਰੀ ਮਹਲਾ 9, ਪੰਨਾ 684)

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥ (ਰਾਗ ਬਸੰਤ ਹਿੰਡੋਲ ਮਹਲਾ 9, ਪੰਨਾ 1186)

ਮਨੁੱਖਾ ਜੀਵਣ ਦਾ ਮਨੋਰਥ ਸਮਝਾਉਂਦਿਆਂ ਮਨੁੱਖ ਨੂੰ ਦੱਸਿਆ ਕਿ,

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥
(ਗਉੜੀ ਮਹਲਾ 9, ਪੰਨਾ 219)

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
(ਸਲੋਕ ਮਹਲਾ 9, ਸਲੋਕ 1, ਪੰਨਾ 1426)

ਬਾਕੀ ਸਫ਼ਾ 32 'ਤੇ

# ਜ਼ਮੀਨ, ਜੋਰੂ ਅਤੇ ਜੇਬ ਨਾਲ ਛੇੜਛਾੜ ਕਰਨ ਦੇ ਖ਼ਤਰੇ

**ਬਹੁਤ ਜ਼ਿਆਦਾ ਤਾਕਤਵਰ ਪ੍ਰਧਾਨ ਮੰਤਰੀ ਤੋਂ ਸੱਚਮੁੱਚ ਹੀ ਬਚਣ ਦੀ ਲੋੜ ਹੈ। ਭਾਰਤ ਇੰਨਾ ਜ਼ਿਆਦਾ ਵਿਸ਼ਾਲ ਦੇਸ਼ ਹੈ ਕਿ ਉਸ ਨੂੰ ਕੇਵਲ ਇੱਕ ਪ੍ਰਧਾਨ ਮੰਤਰੀ ਅਤੇ ਉਸ ਦੀ ਸਿਆਣਪ ਦੇ ਰਹਿਮ ਉੱਤੇ ਛੱਡਿਆ ਨਹੀਂ ਜਾ ਸਕਦਾ। ਨੋਟਬੰਦੀ ਕਾਰਨ ਪਏ ਦੁਖਦਾਈ ਪੁਆੜੇ ਨੇ ਜਸਵੰਤ ਸਿੰਘ ਦੇ ਉਸ ਕਥਨ ਨੂੰ ਸਹੀ ਸਿੱਧ ਕਰ ਵਿਖਾਇਆ ਹੈ, ਜਿਸ ਵਿੱਚ ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਕਿਸੇ ਆਗੂ ਨੂੰ ਅਜਿਹੇ 'ਦੇਵਤਾ' ਵਜੋਂ ਨਾ ਉਭਾਰਿਆ ਜਾਵੇ ਕਿ ਜਿਸ ਦੇ ਹੁਕਮ ਦੀ ਪਾਲਣਾ ਹਰ ਹਾਲਤ ਵਿਚ ਕਰਨੀ ਪਵੇ ਅਤੇ ਉਸ ਅੱਗੇ ਸਿਰ ਵੀ ਝੁਕਾਉਣਾ ਪਵੇ।**



"**ਅਸੀਂ** ਆਪਣੇ ਦੇਸ਼ ਦੇ ਸਿਆਸੀ ਆਗੂ ਵਜੋਂ ਕੋਈ ਹੋਰ 'ਦੇਵਤਾ' ਨਹੀਂ ਚਾਹੁੰਦੇ। ਸਾਨੂੰ ਕਿਸੇ ਵੀ ਹਾਲਤ ਵਿਚ ਹੋਰ ਦੇਵਤਿਆਂ ਦੀ ਲੋੜ ਨਹੀਂ। ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਜਿਹੜੀ ਲੋੜ ਤੋਂ ਵੱਧ ਅਹਿਮੀਅਤ ਦੇ ਦਿੱਤੀ ਹੈ, ਸਾਨੂੰ ਉਹ ਵੀ 'ਘਟਾਉਣੀ' ਹੋਵੇਗੀ।" ਸੂਝ-ਬੂਝ ਭਰਪੂਰ ਇਨ੍ਹਾਂ ਸਤਰਾਂ ਦਾ ਲੇਖਕ ਇਸ ਵੇਲੇ ਨਵੀਂ ਦਿੱਲੀ ਦੇ ਇੱਕ ਨਰਸਿੰਗ ਹੋਮ ਵਿਚ ਬਹੁਤ ਗੰਭੀਰ ਹਾਲਤ ਵਿੱਚ ਦਾਖ਼ਲ ਹੈ। ਬਿਰਧ-ਅਵਸਥਾ ਦੀ ਆਮਦ ਅਤੇ ਇਸ ਨਾਲ ਜੁੜੀਆਂ ਕਮਜ਼ੋਰੀਆਂ ਦੇ ਉਭਾਰ ਤੋਂ ਕਾਫ਼ੀ ਪਹਿਲਾਂ ਇਹ ਲੇਖਕ ਅਕਸਰ ਭਾਰਤੀ ਜਨਤਾ ਪਾਰਟੀ ਦੀ ਤਰਫ਼ੋਂ ਚੰਗੇ ਸ਼ਾਸਨ ਅਤੇ ਜਮਹੂਰੀ ਜਵਾਬਦੇਹੀ ਬਾਰੇ ਸਿਆਣੇ ਸੁਝਾਵਾਂ ਦਾ ਸੂਤਰੀਕਰਨ ਕਰਦਾ ਹੁੰਦਾ ਸੀ। ਇਸ ਲੇਖਕ ਦਾ ਨਾਂਅ ਹੈ ਜਸਵੰਤ ਸਿੰਘ, ਵਾਜਪਾਈ ਯੁੱਗ ਦਾ ਬੇਹੱਦ ਮਿੱਠਬੋਲੜਾ, ਪੜ੍ਹਿਆ-ਲਿਖਿਆ ਅਤੇ ਜ਼ਿੰਮੇਵਾਰ ਮੰਤਰੀ।

ਜਸਵੰਤ ਸਿੰਘ ਨੇ 1987 ਵਿਚ ਇਹ ਸਿਧਾਂਤ ਬਣਾਇਆ ਸੀ। ਉਸ ਯੁੱਗ ਵਿੱਚ ਪ੍ਰਧਾਨ ਮੰਤਰੀ ਕੋਲ ਲੋਕ ਸਭਾ ਵਿਚ ਚਾਰ ਸੌ ਤੋਂ ਵੱਧ ਸੀਟਾਂ ਹੁੰਦੀਆਂ ਸਨ; ਰਾਜ ਸਭਾ ਵਿਚ ਵੀ ਉਨ੍ਹਾਂ ਦਾ ਬਹੁਮੱਤ ਸੀ। ਉਨ੍ਹਾਂ ਕੋਲ ਸ਼ੋਰ ਪਾਉਣ ਵਾਲਾ



**ਹਰੀਸ਼ ਖਰੇ**

ਇੱਕ ਬ੍ਰਿਗੇਡ ਹੁੰਦਾ ਸੀ, ਜੋ ਸਦਨਾਂ ਦੇ ਪੀਠਾਸੀਨ ਅਧਿਕਾਰੀਆਂ ਨੂੰ ਸਰਕਾਰੀ ਧਿਰ 'ਤੇ ਹਾਵੀ ਨਹੀਂ ਸੀ ਹੋਣ ਦਿੰਦਾ। ਪ੍ਰਧਾਨ ਮੰਤਰੀ ਦਫ਼ਤਰ ਵਿੱਚ ਇੱਕ ਅਜਿਹਾ ਅਧਿਕਾਰੀ ਹੁੰਦਾ ਸੀ, ਜੋ ਵਿਰੋਧੀ ਧਿਰ ਦੇ ਆਗੂਆਂ ਨੂੰ "ਬਦਸ਼ਕਲ ਬੁੱਧੂ" ਜਾਣ ਕੇ ਜਨਤਕ ਤੌਰ 'ਤੇ ਉਨ੍ਹਾਂ ਦਾ ਅਪਮਾਨ ਕਰਦਾ ਹੁੰਦਾ ਸੀ। ਉਹ ਪ੍ਰਧਾਨ ਮੰਤਰੀ ਦੀ ਸਰਬਉੱਚਤਾ ਦਾ ਯੁੱਗ ਸੀ ਅਤੇ ਉਸੇ ਯੁੱਗ ਦੌਰਾਨ ਬਹੁਤ ਸਾਰੀਆਂ ਰਾਸ਼ਟਰੀ 'ਆਫ਼ਤਾਂ' ਦਾ ਉਭਾਰ ਹੋਇਆ।

ਆਓ, ਰਤਾ ਇਤਿਹਾਸ ਨੂੰ ਥੋੜ੍ਹਾ ਡੂੰਘਾ ਘੋਖੀਏ। ਗੱਲ ਸਾਲ 1971 ਦੀ ਹੈ। ਕਹਾਣੀ ਕੁਝ ਇਸ ਤਰ੍ਹਾਂ ਦੀ ਹੈ : ਪ੍ਰਸਿੱਧ ਫ਼ੌਜੀ ਜਰਨੈਲ ਸੈਮ ਮਾਨੇਕਸ਼ਾਅ ਨੇ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸਪਸ਼ਟ ਤੌਰ 'ਤੇ ਆਖਿਆ ਸੀ ਕਿ ਉਹ ਪੂਰਬੀ ਪਾਕਿਸਤਾਨ ਵਿੱਚ ਉਦੋਂ ਤੱਕ ਕੋਈ "ਕਾਰਵਾਈ" ਨਹੀਂ ਕਰੇਗਾ, ਜਦੋਂ ਤੱਕ ਕਿ ਉਸ ਨੂੰ ਪੂਰੀ ਤਸੱਲੀ ਨਹੀਂ ਹੋ ਜਾਂਦੀ ਕਿ ਫ਼ੌਜੀ ਯੋਜਨਾਬੰਦੀ ਨਾਲ ਜੁੜੀਆਂ ਸਾਰੀਆਂ ਵਾਜਬ ਤਿਆਰੀਆਂ ਹੋ ਚੁੱਕੀਆਂ ਹਨ ਅਤੇ ਸਾਰੀਆਂ 'ਸਿਲਵਟਾਂ' ਦੂਰ ਕੀਤੀਆਂ ਜਾ ਚੁੱਕੀਆਂ ਹਨ। ਪ੍ਰਧਾਨ ਮੰਤਰੀ ਵਿੱਚ ਇੰਨੀ ਸਮਝ ਸੀ ਕਿ ਉਨ੍ਹਾਂ ਨੇ ਇੱਕ ਮਜ਼ਬੂਤ ਅਧਿਕਾਰੀ ਦੀ ਸਹੀ ਸਲਾਹ ਨੂੰ ਚੰਗੀ ਤਰ੍ਹਾਂ ਸੁਣਿਆ ਅਤੇ ਇਸੇ ਲਈ ਬਾਅਦ ਵਿਚ ਭਾਰਤੀ ਹਥਿਆਰਬੰਦ ਫ਼ੌਜਾਂ ਨੇ ਪਾਕਿਸਤਾਨੀ ਫ਼ੌਜਾਂ ਦੇ ਦੰਦ ਖੱਟੇ ਕੀਤੇ।

ਅਤੀਤ ਦੀਆਂ ਇਨ੍ਹਾਂ ਝਲਕੀਆਂ ਨੂੰ ਇਸ ਕਰ ਕੇ ਚੇਤੇ ਕੀਤਾ ਗਿਆ ਹੈ ਤਾਂ ਜੋ ਹਾਲੀਆ ਇਤਿਹਾਸ ਤੋਂ ਅਸੀਂ ਕੁਝ ਸਬਕ ਸਿੱਖ ਸਕੀਏ। ਅਤੇ, 1975-77 ਤੋਂ ਬਾਅਦ ਦਾ ਸਪਸ਼ਟ ਸਬਕ ਇਹ ਹੈ ਕਿ ਇੱਕ ਸਰਬ-ਵਿਆਪਕ ਪ੍ਰਧਾਨ ਮੰਤਰੀ ਅਤੇ ਉਸ ਦੀਆਂ ਵਿਆਪਕ ਉਮਾਹਾਂ ਪ੍ਰਤੀ ਸਾਨੂੰ ਬੇਵਿਸਾਹੀ ਵਿਕਸਤ ਕਰਨੀ ਚਾਹੀਦੀ ਹੈ। ਬਹੁਤ ਜ਼ਿਆਦਾ ਤਾਕਤਵਰ ਪ੍ਰਧਾਨ ਮੰਤਰੀ ਤੋਂ ਸੱਚਮੁੱਚ ਹੀ ਬਚਣ ਦੀ ਲੋੜ ਹੈ। ਭਾਰਤ ਇੰਨਾ ਜ਼ਿਆਦਾ ਵਿਸ਼ਾਲ ਦੇਸ਼ ਹੈ ਕਿ ਉਸ ਨੂੰ ਕੇਵਲ ਇੱਕ ਪ੍ਰਧਾਨ ਮੰਤਰੀ ਅਤੇ ਉਸ ਦੀ ਸਿਆਣਪ ਦੇ ਰਹਿਮ ਉੱਤੇ ਛੱਡਿਆ ਨਹੀਂ ਜਾ ਸਕਦਾ।

ਨੋਟਬੰਦੀ ਕਾਰਨ ਪਏ ਦੁਖਦਾਈ ਪੁਆੜੇ ਨੇ ਜਸਵੰਤ ਸਿੰਘ ਦੇ ਉਸ ਕਥਨ ਨੂੰ ਸਹੀ ਸਿੱਧ ਕਰ ਵਿਖਾਇਆ ਹੈ, ਜਿਸ ਵਿੱਚ ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਕਿਸੇ ਆਗੂ ਨੂੰ ਅਜਿਹੇ 'ਦੇਵਤਾ' ਵਜੋਂ ਨਾ ਉਭਾਰਿਆ ਜਾਵੇ ਕਿ ਜਿਸ ਦੇ ਹੁਕਮ ਦੀ ਪਾਲਣਾ ਹਰ ਹਾਲਤ ਵਿਚ ਕਰਨੀ ਪਵੇ ਅਤੇ ਉਸ ਅੱਗੇ ਸਿਰ ਵੀ ਝੁਕਾਉਣਾ ਪਵੇ। 'ਨੋਟਬੰਦੀ' ਦੇ ਫ਼ੈਸਲੇ ਨੂੰ ਅਮਲੀ ਰੂਪ ਦੇਣ ਵਿੱਚ ਦਿਖਾਈ ਗਈ ਨਾਕਾਰਗਰਤਾ ਤੇ ਨਾਲਾਇਕੀ ਦਰਸਾਉਂਦੀ ਹੈ ਕਿ ਭਾਰਤ ਰਿਜ਼ਰਵ ਬੈਂਕ ਵੱਲੋਂ ਆਪਣੀ ਸੰਸਥਾਗਤ ਖ਼ੁਦਮੁਖ਼ਤਿਆਰੀ ਅਤੇ ਆਵਾਜ਼ ਦੇ ਸਮਰਪਣ ਦੇ ਨਤੀਜੇ ਕੀ ਹੋ ਸਕਦੇ ਹਨ। ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਦਾ ਇਹ ਫ਼ਰਜ਼ ਸੀ ਕਿ ਉਹ ਪ੍ਰਧਾਨ ਮੰਤਰੀ ਨੂੰ ਇਹ ਸਭ ਕੁਝ ਹੌਲੀ ਰਫ਼ਤਾਰ ਨਾਲ ਕਰਨ ਲਈ ਆਖਦੇ, ਜਿਵੇਂ ਇੱਕ ਵਾਰ ਜਨਰਲ ਸੈਮ ਮਾਨੇਕਸ਼ਾਅ ਨੇ ਪ੍ਰਧਾਨ ਮੰਤਰੀ ਨੂੰ ਸਲਾਹ ਦਿੱਤੀ ਸੀ। ਸਮੁੱਚਾ ਦੇਸ਼ ਹੁਣ ਰੋਜ਼ ਹੀ ਵੇਖ ਰਿਹਾ ਹੈ ਕਿ ਵਿੱਤ ਮੰਤਰਾਲੇ ਦੇ ਅਧਿਕਾਰੀ ਕਿਵੇਂ ਭਾਰਤੀ ਰਿਜ਼ਰਵ ਬੈਂਕ ਦੇ ਸੰਸਥਾਗਤ ਅਧਿਕਾਰਾਂ ਨੂੰ ਲਾਂਭੇ ਕਰ ਕੇ ਖ਼ੁਦ ਰਿਜ਼ਰਵ ਬੈਂਕ ਵਾਲਾ ਕੰਮ ਕਰਨ ਲੱਗ ਪਏ ਹਨ ਅਤੇ ਰੋਲ-ਘਚੋਲਾ ਪਾ ਕੇ ਰੱਖ ਦਿੱਤਾ ਹੈ।

ਇਹ ਬੇਹੱਦ ਕੁਢੱਬੀ ਸਥਿਤੀ ਹੈ। ਇੱਥੇ ਇੱਕ ਅਜਿਹਾ ਸ਼ਾਸਨ ਹੈ ਜਿਸ ਦੇ ਸੀਨੀਅਰ ਅਧਿਕਾਰੀ ਖ਼ੁਦ ਨੂੰ ਬਾਰੀਕਬੀਨ ਪ੍ਰਬੰਧਨ ਦੇ ਮਾਹਰ ਮੰਨਦੇ ਹਨ ਅਤੇ ਉਨ੍ਹਾਂ ਨੇ ਗੁਜਰਾਤ ਵਿੱਚ ਕੰਟਰੋਲ ਸੰਭਾਲਣ ਦੇ ਮਾਮਲੇ ਵਿੱਚ ਆਪਣੀ ਸ਼ਾਨਦਾਰ ਸਾਖ਼ ਵੀ ਬਣਾਈ ਸੀ, ਉਨ੍ਹਾਂ ਵਾਲੇ ਹੀ ਸ਼ਾਸਨ ਨੇ ਨੋਟਬੰਦੀ ਤੋਂ ਬਾਅਦ ਪੈਦਾ ਹੋਈਆਂ ਗੜਬੜੀਆਂ ਨੂੰ ਉੱਕਾ ਹੀ ਨਹੀਂ ਕਿਆਸਿਆ। ਹੱਦੋਂ ਵੱਧ ਰਾਜ਼ਦਾਰੀ ਅਤੇ ਉਸ ਕਾਰਨ ਫੈਲੀ ਹਫ਼ੜਾ-ਦਫ਼ੜੀ ਬਾਰੇ ਵੀ ਹੁਣ ਇਹ ਆਖਿਆ ਜਾ ਰਿਹਾ ਹੈ ਕਿ 'ਇੰਨਾ ਕੁ ਦੁੱਖ-ਦਰਦ ਤਾਂ ਝੱਲਣਾ ਹੀ ਹੋਵੇਗਾ' ਕਿਉਂਕਿ ਪ੍ਰਧਾਨ ਮੰਤਰੀ ਮੋਦੀ ਦੇ ਫ਼ੈਸਲੇ ਦਾ "ਉਦੇਸ਼ ਸੱਚਮੁੱਚ ਚੰਗਾ ਹੈ।"

ਕਿਸੇ ਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਵਿੱਤ ਮੰਤਰੀ ਜਾਂ ਕੇਂਦਰੀ ਮੰਤਰੀ ਮੰਡਲ ਦੇ ਬਾਕੀ ਮੈਂਬਰਾਂ ਨੂੰ ਕਾਲੇ ਧਨ ਉੱਤੇ ਇਸ ਅਖੌਤੀ 'ਸਰਜੀਕਲ ਹਮਲੇ' ਬਾਰੇ ਕਿੰਨੀ ਕੁ ਜਾਣਕਾਰੀ ਸੀ। ਦੇਸ਼ ਵੀ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਹਨੇਰੇ ਵਿੱਚ ਹੈ ਕਿ ਆਖ਼ਰ ਪ੍ਰਧਾਨ ਮੰਤਰੀ ਨੇ ਕਰੰਸੀ ਨੋਟਾਂ ਵਿੱਚ ਜ਼ਬਰਦਸਤੀ ਇੰਨੀ ਵੱਡੀ ਤੇ 'ਦਮਨਕਾਰੀ' ਤਬਦੀਲੀ ਕਿਸ ਦੀ ਸਲਾਹ ਉੱਤੇ ਕੀਤੀ ਸੀ। ਮੋਰਾਰਜੀ ਦੇਸਾਈ ਵੱਲੋਂ ਸੋਨੇ ਉੱਤੇ ਨਿਯੰਤ੍ਰਣ (ਚੀਨ ਦੀ ਵਧੀਕੀ ਦੇ ਮੱਦੇਨਜ਼ਰ) ਸਬੰਧੀ ਹੁਕਮ ਤੋਂ ਬਾਅਦ ਕਿਸੇ ਹੋਰ ਇੱਕ ਵੀ ਸਰਕਾਰ ਨੇ ਅਜਿਹਾ ਕੋਈ ਕਦਮ ਨਹੀਂ ਚੁੱਕਿਆ ਕਿ ਜਿਸ ਦਾ ਅਸਰ ਸਮੂਹ ਭਾਰਤੀਆਂ ਉੱਤੇ ਇੰਨਾ ਜ਼ਿਆਦਾ ਪਿਆ ਹੋਵੇ। ਰਲ-ਮਿਲ ਕੇ ਵਿਚਾਰ ਕਰਨਾ ਅਤੇ ਸਮੂਹ ਫ਼ੈਸਲੇ ਲੈਣ ਦੀ ਪ੍ਰਕਿਰਿਆ ਨੂੰ ਤਾਂ ਤਿਆਗ ਹੀ ਦਿੱਤਾ ਗਿਆ ਜਾਪਦਾ ਹੈ।

ਕੇਵਲ ਇੱਕੋ ਵਿਅਕਤੀ ਕੋਲ ਸੱਤਾ ਦਾ ਕੇਂਦਰੀਕਰਨ ਅਤੇ ਸਭ ਅਧਿਕਾਰ ਹੋਣ ਦੇ ਕੇਵਲ ਅਣਸੁਖਾਵੇਂ ਨਤੀਜੇ ਹੀ ਨਿਕਲ ਸਕਦੇ ਹਨ। ਪਹਿਲਾਂ ਹੀ ਸ਼ਖ਼ਸੀਅਤਵਾਦ ਦੀ ਨੀਲੀ ਕਿਤਾਬ ਅਮਲ ਵਿੱਚ ਆ ਚੁੱਕੀ ਹੈ। ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ 'ਦਲੇਰਾਨਾ' ਕਦਮ ਲਈ ਵਿਚਾਰਧਾਰਕ, ਸਿਆਸੀ ਅਤੇ ਨੈਤਿਕ ਮਨਜ਼ੂਰੀ ਮੰਗੀ ਜਾ ਰਹੀ ਹੈ। ਜੋ ਵੀ ਇਸ ਆਗੂ ਨਾਲ ਅਸਹਿਮਤੀ ਪ੍ਰਗਟਾਉਂਦਾ ਹੈ, ਉਸ ਬਾਰੇ ਆਖ ਦਿੱਤਾ ਜਾਂਦਾ ਹੈ ਕਿ ਅਸਹਿਮਤੀ ਜਤਾਉਣ ਦੀ ਤਾਂ ਇਸ ਨੂੰ ਆਦਤ ਹੀ ਹੈ। ਇਹ ਤਾਂ ਜਾਅਲੀ ਧਰਮ-ਨਿਰਪੇਖ ਵਿਅਕਤੀ ਹੈ ਤੇ ਉਸ ਬਾਰੇ 'ਦੇਸ਼-ਧਰੋਹੀ' ਹੋਣ ਦੀ ਸੰਭਾਵਨਾ ਤੱਕ ਪ੍ਰਗਟਾ ਦਿੱਤੀ ਜਾਂਦੀ ਹੈ। ਰੋਸ ਪ੍ਰਗਟਾਉਣ ਦੀ ਗੱਲ ਨੂੰ ਤਾਂ ਤਿਆਗ ਹੀ ਦਿੱਤਾ ਗਿਆ ਹੈ, ਸਗੋਂ ਪ੍ਰਧਾਨ ਮੰਤਰੀ ਨਾਲ ਅਸਹਿਮਤੀ ਪ੍ਰਗਟਾਉਣ ਵਾਲੇ ਵਿਅਕਤੀ ਨੂੰ ਭ੍ਰਿਸ਼ਟਾਂ ਅਤੇ ਦਹਿਸ਼ਤਗਰਦਾਂ ਦਾ ਸਾਥੀ ਕਰਾਰ ਦੇ ਕੇ ਉਸ ਦਾ ਮਜ਼ਾਕ ਉਡਾਇਆ ਜਾਂਦਾ ਹੈ। ਹੇਠਲੇ ਪੱਧਰ ਦੇ ਅਧਿਕਾਰੀ ਵੀ ਹੁਣ ਇਸ ਸ਼ਾਹੀ ਅਸਹਿਣਸ਼ੀਲਤਾ ਨੂੰ ਆਮ ਲੋਕਾਂ ਦੇ ਮੂੰਹ ਬੰਦ ਕਰਨ ਦਾ ਸਾਧਾਰਨ ਲਾਇਸੈਂਸ ਸਮਝਣ ਲੱਗ ਪਏ ਹਨ। ਉਦਾਹਰਣ ਵਜੋਂ ਇੰਦੌਰ ਵਿਚ ਸਥਾਨਕ ਅਧਿਕਾਰੀਆਂ ਨੇ ਨੋਟਬੰਦੀ ਦੇ ਫ਼ੈਸਲੇ ਦੀ ਸੋਸ਼ਲ ਮੀਡੀਆ ਉੱਤੇ ਆਲੋਚਨਾ ਉੱਤੇ ਪਾਬੰਦੀ ਲਾ ਦਿੱਤੀ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ 'ਸੋਸ਼ਲ ਮੀਡੀਆ ਵਿਚ ਹੋਣ ਵਾਲੀਆਂ ਲੜਾਈਆਂ' ਨਾਲ ਸਮਾਜਿਕ ਸ਼ਾਂਤੀ ਭੰਗ ਹੋ ਸਕਦੀ ਹੈ। ਇੱਕ ਆਗੂ ਤਾਂ ਕਰੋੜਾਂ ਨਾਗਰਿਕਾਂ ਦੇ ਰੋਜ਼ਮੱਰਾ ਦੇ ਜੀਵਨ ਨੂੰ ਠੱਪ ਕਰ ਸਕਦਾ ਹੈ ਪਰ ਜੇ ਕਿਸੇ ਨਾਗਰਿਕ ਨੂੰ ਉਸ ਦਾ ਆਪਣਾ ਹੀ ਧਨ ਨਹੀਂ ਲੈਣ ਦਿੱਤਾ ਜਾਂਦਾ, ਤਾਂ ਉਹ ਆਪਣਾ ਗੁੱਸਾ ਜਾਂ ਦੁੱਖ ਵੀ ਕਿਸੇ ਨਾਲ ਸਾਂਝਾ ਨਹੀਂ ਕਰ ਸਕਦਾ। ਦੂਜੇ ਪਾਸੇ, ਪ੍ਰਧਾਨ ਮੰਤਰੀ ਦਾ ਦਫ਼ਤਰ ਉਸੇ ਸੋਸ਼ਲ ਮੀਡੀਆ ਦੀ ਵਰਤੋਂ ਆਪਣੇ ਖ਼ੁਦ ਬਾਰੇ 'ਸਰਵੇਖਣ ਕਰਨ', ਵਿਚਾਰ ਜਾਣਨ ਜਾਂ ਸੁਝਾਅ ਲੈਣ ਲਈ ਕਰਦਾ ਹੈ ਅਤੇ ਇਹ ਦਾਅਵੇ ਕਰਦਾ ਹੈ ਕਿ ਨੋਟਬੰਦੀ ਦੇ ਇਸ ਕਦਮ ਨੂੰ ਵੱਡੀ ਗਿਣਤੀ ਵਿਚ ਆਮ ਲੋਕਾਂ ਦਾ ਸਮਰਥਨ ਹਾਸਲ ਹੈ।

ਇੱਕ ਵਿਅਕਤੀ ਭਾਵੇਂ ਉਹ ਕਿੰਨਾ ਵੀ ਹਰਮਨਪਿਆਰਾ, ਸਿਆਣਾ ਅਤੇ ਇਮਾਨਦਾਰ ਕਿਉਂ ਨਾ ਹੋਵੇ ਨੂੰ ਆਰਥਿਕ ਸਟਾਲਿਨਵਾਦ ਵਾਲਾ ਇਹ ਤਜਰਬਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਸਰਕਾਰ ਦੇ ਸਮੂਹਕ ਫ਼ੈਸਲੇ ਲੈਣ ਦੇ ਵੇਗ ਢਿੱਲੇ ਪੈ ਚੁੱਕੇ ਹਨ। ਕਰੋੜਾਂ ਪਰਿਵਾਰਾਂ ਨੂੰ ਆਪਣੀ ਛੋਟੀ-ਮੋਟੀ ਬੱਚਤ ਵੀ ਬੈਂਕਾਂ ਵਿੱਚ ਜਮ੍ਹਾ ਕਰਵਾਉਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਹੂੰਝ ਕੇ ਇਕੱਠੀਆਂ ਕੀਤੀਆਂ ਇਹ ਬੱਚਤਾਂ ਹੁਣ ਸ਼ਕਤੀਸ਼ਾਲੀ ਸਰਕਾਰ ਕੋਲ ਉਪਲਬਧ ਰਹਿਣਗੀਆਂ ਅਤੇ ਉਨ੍ਹਾਂ ਨੂੰ ਸੱਤਾਧਾਰੀ ਵਰਗ ਆਪਣੀ ਮਰਜ਼ੀ ਮੁਤਾਬਕ ਹੀ ਵੰਡੇਗਾ। ਜੇ ਸਟਾਲਿਨ ਸੋਵੀਅਤ ਨਾਗਰਿਕਾਂ ਨੂੰ ਸਨਅਤੀਕਰਨ ਅਤੇ ਆਪਣੇ ਦੇਸ਼ ਦੀ ਮਹਿਮਾ ਹਿਤ ਆਪਣੀ ਕਿਰਤ ਦਾਨ ਕਰਨ ਲਈ ਜ਼ਬਰਦਸਤੀ ਮਜਬੂਰ ਕਰ ਸਕਦਾ ਸੀ, ਤਦ ਅਸੀਂ ਵੀ ਸ਼ੈਤਾਨ ਪਾਕਿਸਤਾਨ ਨਾਲ ਲੜਨ ਲਈ ਆਮ ਲੋਕਾਂ ਨੂੰ ਆਪਣੀ ਸਖ਼ਤ ਮਿਹਨਤ ਦੀ ਕਮਾਈ ਤੇ ਬੱਚਤਾਂ ਬਾਹਰ ਕੱਢਣ ਲਈ ਮਜਬੂਰ ਕਰ ਸਕਦੇ ਹਾਂ। ਇੱਕ ਸ਼ਕਤੀਸ਼ਾਲੀ ਸਰਕਾਰ ਹੁਣ ਦੇਸ਼ ਦੇ ਦੂਰ-ਦੁਰਾਡੇ ਦੇ ਹਿੱਸੇ ਵਿੱਚ ਵੀ ਪੂਰੀ ਤਰ੍ਹਾਂ ਜਾ ਕੇ ਘੁਸ ਚੁੱਕੀ ਹੈ; ਸਰਕਾਰ ਹੁਣ ਰੋਜ਼ਾਨਾ ਫ਼ਰਮਾਨ ਜਾਰੀ ਕਰਦੀ ਹੈ ਕਿ ਇੱਕ ਨਾਗਰਿਕ ਆਪਣੇ ਖ਼ੁਦ ਦੇ ਹੀ ਧਨ ਨੂੰ ਕਿੰਨਾ ਅਤੇ ਕਿਵੇਂ ਵਰਤ ਸਕਦਾ ਹੈ। ਇਹ ਸਭ ਇਸ ਲਈ ਹੋ ਰਿਹਾ ਹੈ ਕਿਉਂਕਿ ਇਹ ਆਗੂ 'ਦਲੇਰ' ਬਣ ਕੇ ਵਿਖਾਉਣਾ ਚਾਹੁੰਦਾ ਸੀ ਅਤੇ ਭਾਰਤ ਵਿੱਚ ਕੁਝ ਅਜਿਹੀ ਤਬਦੀਲੀ ਲਿਆਉਣੀ ਚਾਹੁੰਦਾ ਸੀ ਜਿਹੋ ਜਿਹੀ ਹੋਰ ਕੋਈ ਵੀ ਭਾਰਤੀ ਆਗੂ ਪਿਛਲੇ 70 ਵਿੱਚ ਨਹੀਂ ਲਿਆ ਸਕਿਆ।

ਸਟਾਲਿਨਵਾਦ ਦੀਆਂ ਬਿਹਤਰੀਨ ਰਵਾਇਤਾਂ ਅਨੁਸਾਰ ਵੱਡੀਆਂ ਭੀੜਾਂ ਨੂੰ (ਹੁਣ ਸੋਸ਼ਲ ਮੀਡੀਆ 'ਤੇ) ਇਸ ਗੱਲ ਲਈ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਕਿ ਜੇ ਕੋਈ ਸਰਕਾਰ ਦੀਆਂ ਤਰਜੀਹਾਂ ਅਤੇ ਪ੍ਰਾਥਮਿਕਤਾਵਾਂ ਉੱਤੇ ਕਿੰਤੂ-ਪ੍ਰੰਤੂ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਦੀ ਨਿੰਦਾ ਕੀਤੀ ਜਾਵੇ। ਅਸੀਂ ਨਵੀਆਂ ਕੱਟੜਤਾਵਾਂ ਸਿਰਜ ਰਹੇ ਹਾਂ : ਸਰਕਾਰ ਦਾ ਕੋਈ ਵੀ ਕਦਮ ਭਾਵੇਂ ਉਹ ਚੰਗਾ ਹੋਵੇ ਜਾਂ ਮਾੜਾ ਜਾਂ ਨਫ਼ਰਤ ਭਰਿਆ, ਉਸ ਉੱਤੇ ਉਸ ਹਾਲਤ ਵਿੱਚ ਕੋਈ ਵੀ ਇਤਰਾਜ਼ ਨਹੀਂ ਪ੍ਰਗਟਾਏਗਾ, ਜੇ ਉਹ "ਭ੍ਰਿਸ਼ਟਾਚਾਰ, ਕਾਲ਼ੇ ਧਨ, ਦਹਿਸ਼ਤਗਰਦੀ ਅਤੇ ਜਾਅਲੀ ਨੋਟਾਂ" ਦੀ ਸਮੱਸਿਆ ਨਾਲ ਲੜਨ ਲਈ ਚੁੱਕਿਆ ਗਿਆ ਹੈ। ਆਮ ਨਾਗਰਿਕਾਂ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਉਹ ਇਨ੍ਹਾਂ ਪਹਿਲਾਂ ਤੋਂ ਤੈਅ ਉਦੇਸ਼ਾਂ ਵਿਰੁੱਧ 'ਸਾਡੀ ਜੰਗ' ਵਿੱਚ ਥੋੜ੍ਹੀ-ਬਹੁਤ 'ਅਸੁਵਿਧਾ' ਵੀ ਝੱਲ ਲੈਣ। ਬਿਲਕੁਲ ਕਾਮਰੇਡ ਸਟਾਲਿਨ ਦੇ ਯੁੱਗ ਵਾਂਗ ਸਰਕਾਰ ਲਈ ਸਮਰਥਨ ਦੀ ਹੀ ਆਸ ਰੱਖੀ ਜਾ ਰਹੀ ਹੈ। ਇਨ੍ਹਾਂ ਆਸਾਂ ਮੁਤਾਬਕ ਸਾਡੇ ਸੂਝਵਾਨ ਰਤਨ ਟਾਟਾ ਨੇ ਇਸ ਸਮੂਹਕ ਪ੍ਰਵਾਨਗੀ ਦੀ ਅਗਵਾਈ ਕੀਤੀ ਹੈ। ਬੱਸ ਤੁਸੀਂ ਤਾਂ ਕੇਵਲ ਖੜ੍ਹੇ ਹੋ ਕੇ ਤਾੜੀਆਂ ਹੀ ਮਾਰਨੀਆਂ ਹਨ।

ਇੱਕ ਸੂਝਵਾਨ ਰਾਜੇ ਨੂੰ ਸਦਾ ਇਹੋ ਸਲਾਹ ਦਿੱਤੀ ਜਾਂਦੀ ਸੀ ਕਿ ਉਹ ਆਪਣੀ ਪ੍ਰਜਾ ਦੀਆਂ ਦੋ ਮਲਕੀਅਤਾਂ ਜ਼ਮੀਨ ਅਤੇ ਜੋਰੂ ਨੂੰ ਕਦੇ ਨਾ ਛੇੜੇ। ਪ੍ਰਾਚੀਨ ਸਮਿਆਂ ਤੋਂ ਹੀ ਹਾਕਮਾਂ, ਚਾਹੇ ਉਹ ਜਮਹੂਰੀ ਹੋਣ ਜਾਂ ਤਾਨਾਸ਼ਾਹੀ ਸਭ ਨੂੰ ਉਦੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਦੋਂ ਵੀ ਉਨ੍ਹਾਂ ਨੇ ਆਪਣੇ ਨਾਗਰਿਕਾਂ ਦੀ ਜ਼ਮੀਨ ਜਾਂ ਔਰਤਾਂ ਨਾਲ ਕੋਈ ਵਧੀਕੀ ਕਰਨ ਦਾ ਯਤਨ ਕੀਤਾ। ਹੁਣ ਅਸੀਂ ਜਮਹੂਰੀ ਢੰਗ ਨਾਲ ਚੁਣੇ ਗਏ ਸਮਰਾਟ ਦਾ ਇੱਕ ਨਵਾਂ ਤਜਰਬਾ ਵੇਖ ਹੀ ਲਿਆ ਹੈ ਕਿ ਉਸ ਨੇ ਆਮ ਨਾਗਰਿਕਾਂ ਦੀਆਂ ਜੇਬਾਂ ਵਿੱਚ ਹੀ ਆਪਣਾ ਹੱਥ ਪਾ ਲਿਆ ਹੈ। ਇਸ ਦੇ ਨਤੀਜੇ ਭੁਗਤਣੇ ਹੀ ਪੈਣਗੇ।

**ਇੱਕ ਵਿਅਕਤੀ ਭਾਵੇਂ ਉਹ ਕਿੰਨਾ ਵੀ ਹਰਮਨਪਿਆਰਾ, ਸਿਆਣਾ ਅਤੇ ਇਮਾਨਦਾਰ ਕਿਉਂ ਨਾ ਹੋਵੇ ਨੂੰ ਆਰਥਿਕ ਸਟਾਲਿਨਵਾਦ ਵਾਲਾ ਇਹ ਤਜਰਬਾ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਸਰਕਾਰ ਦੇ ਸਮੂਹਕ ਫ਼ੈਸਲੇ ਲੈਣ ਦੇ ਵੇਗ ਢਿੱਲੇ ਪੈ ਚੁੱਕੇ ਹਨ। ਕਰੋੜਾਂ ਪਰਿਵਾਰਾਂ ਨੂੰ ਆਪਣੀ ਛੋਟੀ-ਮੋਟੀ ਬੱਚਤ ਵੀ ਬੈਂਕਾਂ ਵਿੱਚ ਜਮ੍ਹਾ ਕਰਵਾਉਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਹੂੰਝ ਕੇ ਇਕੱਠੀਆਂ ਕੀਤੀਆਂ ਇਹ ਬੱਚਤਾਂ ਹੁਣ ਸ਼ਕਤੀਸ਼ਾਲੀ ਸਰਕਾਰ ਕੋਲ ਉਪਲਬਧ ਰਹਿਣਗੀਆਂ ਅਤੇ ਉਨ੍ਹਾਂ ਨੂੰ ਸੱਤਾਧਾਰੀ ਵਰਗ ਆਪਣੀ ਮਰਜ਼ੀ ਮੁਤਾਬਕ ਹੀ ਵੰਡੇਗਾ। ਜੇ ਸਟਾਲਿਨ ਸੋਵੀਅਤ ਨਾਗਰਿਕਾਂ ਨੂੰ ਸਨਅਤੀਕਰਨ ਅਤੇ ਆਪਣੇ ਦੇਸ਼ ਦੀ ਮਹਿਮਾ ਹਿਤ ਆਪਣੀ ਕਿਰਤ ਦਾਨ ਕਰਨ ਲਈ ਜ਼ਬਰਦਸਤੀ ਮਜਬੂਰ ਕਰ ਸਕਦਾ ਸੀ, ਤਦ ਅਸੀਂ ਵੀ ਸ਼ੈਤਾਨ ਪਾਕਿਸਤਾਨ ਨਾਲ ਲੜਨ ਲਈ ਆਮ ਲੋਕਾਂ ਨੂੰ ਆਪਣੀ ਸਖ਼ਤ ਮਿਹਨਤ ਦੀ ਕਮਾਈ ਤੇ ਬੱਚਤਾਂ ਬਾਹਰ ਕੱਢਣ ਲਈ ਮਜਬੂਰ ਕਰ ਸਕਦੇ ਹਾਂ।**

## ਬਠਿੰਡਾ ਵਿੱਚ ਵੀ ਜੇਲ੍ਹ ਬਰੇਕ ਕਾਂਡ ਹੋਣੋ ਬਚਿਆ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਜੇਲ੍ਹ ਵਿੱਚ ਬੰਦ ਗੈਂਗਸਟਰ ਵੀ ਵੱਡਾ ਕਾਰਾ ਕਰਨ ਦੀ ਤਾਕ ਵਿੱਚ ਜਾਪਦੇ ਸਨ। ਇੱਥੋਂ ਦੀ ਕੇਂਦਰੀ ਜੇਲ੍ਹ ਵਿੱਚ ਕਰੀਬ ਤਿੰਨ ਦਰਜਨ ਗੈਂਗਸਟਰ ਅਤੇ ਉਨ੍ਹਾਂ ਦੇ ਸਾਥੀ ਬੰਦ ਹਨ। ਗੈਂਗਸਟਰ ਰਣਦੀਪ ਸਿੰਘ ਉਰਫ਼ ਟੋਪੀ ਨੂੰ ਥੋੜ੍ਹਾ ਸਮਾਂ ਪਹਿਲਾਂ ਨਾਭਾ ਦੀ ਸਕਿਊਰਿਟੀ ਜੇਲ੍ਹ ਵਿਚੋਂ ਬਠਿੰਡਾ ਜੇਲ੍ਹ ਵਿੱਚ ਸ਼ਿਫਟ ਕੀਤਾ ਗਿਆ ਹੈ, ਜੋ ਕਿ ਨਾਭਾ ਜੇਲ੍ਹ ਵਿੱਚੋਂ ਫਰਾਰ ਹੋਏ ਗੈਂਗਸਟਰ ਗੁਰਪ੍ਰੀਤ ਸੇਖੋਂ ਦਾ ਸਾਥੀ ਹੈ। ਨਾਭਾ ਜੇਲ੍ਹ ਕਾਂਡ ਤੋਂ ਇੱਕ ਦਿਨ ਪਹਿਲਾਂ ਹੀ ਬਠਿੰਡਾ ਜੇਲ੍ਹ ਵਿੱਚ ਹੰਗਾਮਾ ਹੋਇਆ ਸੀ। ਜਿਸ ਤਰੀਕੇ ਨਾਲ ਅੱਧੀ ਦਰਜਨ ਗੈਂਗਸਟਰਾਂ ਵੱਲੋਂ ਜੇਲ੍ਹ ਅਫਸਰਾਂ ਅਤੇ ਸਟਾਫ 'ਤੇ ਹਮਲਾ ਕੀਤਾ ਗਿਆ ਸੀ, ਉਸ ਤੋਂ ਇਨ੍ਹਾਂ ਗੈਂਗਸਟਰਾਂ ਦੇ ਵੱਡੇ ਇਰਾਦੇ ਜ਼ਾਹਰ ਹੁੰਦੇ ਹਨ। ਅਹਿਮ ਸੂਤਰ ਦੱਸਦੇ ਹਨ ਕਿ ਜੇਕਰ ਉਸ ਦਿਨ ਜੇਲ੍ਹ ਵਿੱਚ ਵਾਧੂ ਫੋਰਸ ਨਾ ਹੁੰਦੀ ਤਾਂ ਕੋਈ ਵੱਡਾ ਕਾਰਾ ਵੀ ਵਾਪਰ ਸਕਦਾ ਸੀ। ਡਿਪਟੀ ਜੇਲ੍ਹ ਸੁਪਰਡੈਂਟ ਰਮਨਦੀਪ ਸਿੰਘ ਭੰਗੂ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਤਿੰਨ ਦਰਜਨ ਦੇ ਕਰੀਬ ਗੈਂਗਸਟਰ ਅਤੇ ਉਨ੍ਹਾਂ ਦੇ ਮੈਂਬਰ ਹਨ, ਜਿਨ੍ਹਾਂ ਨੂੰ ਹੁਣ ਹਾਈ ਸਕਿਉਰਿਟੀ ਸੈੱਲ ਵਿੱਚ ਰੱਖਿਆ ਗਿਆ ਹੈ। ਵੇਰਵਿਆਂ ਅਨੁਸਾਰ ਇਸੇ ਦੌਰਾਨ ਜ਼ਿਲ੍ਹਾ ਪੁਲੀਸ ਨੇ ਜੇਲ੍ਹ ਵਿੱਚ ਬੰਦ ਗੈਂਗਸਟਰ ਰਣਦੀਪ ਸਿੰਘ ਉਰਫ ਟੋਪੀ, ਰਾਜਵਿੰਦਰ ਲਾਟੂ ਕੋਟਕਪੂਰਾ, ਹਿੰਮਤ ਸਿੰਘ, ਸੋਨੂੰ ਅਤੇ ਰੰਮੀ ਮਛਾਣਾ ਖ਼ਿਲਾਫ਼ ਧਾਰਾ 353,186,148,149 ਤਹਿਤ ਕੇਸ ਦਰਜ ਕਰ ਲਿਆ ਹੈ। ਪੁਲੀਸ ਇਸ ਕੇਸ ਦਾ ਭੇਤ ਰੱਖ ਰਹੀ ਹੈ। ਸੂਤਰ ਦੱਸਦੇ ਹਨ ਕਿ ਜੇਲ੍ਹ ਪ੍ਰਸ਼ਾਸਨ ਕੁਝ ਗੈਂਗਸਟਰਾਂ ਨੂੰ ਇੱਥੋਂ ਤਬਦੀਲ ਵੀ ਕਰਨਾ ਚਾਹੁੰਦਾ ਹੈ।

ਜਾਣਕਾਰੀ ਅਨੁਸਾਰ ਫ਼ਰੀਦਕੋਟ ਜੇਲ੍ਹ ਵਿੱਚ ਜੱਗੂ ਗੈਂਗ ਦੇ ਇੱਕ ਦਰਜਨ ਤੋਂ ਵੱਧ ਮੈਂਬਰ ਬੰਦ ਹਨ, ਜਿਨ੍ਹਾਂ ਨੂੰ ਅਲੱਗ ਅਲੱਗ ਥਾਵਾਂ 'ਤੇ ਬੰਦ ਕੀਤਾ ਹੋਇਆ ਹੈ। ਮਾਨਸਾ ਜੇਲ੍ਹ ਨੂੰ ਇਸ ਮਾਮਲੇ ਵਿੱਚ ਕਾਫ਼ੀ ਮੁਸ਼ਕਲ ਝੱਲਣੀ ਪੈ ਰਹੀ ਹੈ ਕਿਉਂਕਿ ਇੱਥੇ ਨਵੀਂ ਜੇਲ੍ਹ ਬਣੀ ਹੈ ਅਤੇ ਇਸ ਜੇਲ੍ਹ ਵਿੱਚ ਵੱਖਰੇ ਸੈੱਲ ਨਹੀਂ ਬਣੇ ਹਨ। ਜੇਲ੍ਹ ਸੁਪਰਡੈਂਟ ਦਵਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ 12 ਗੈਂਗਸਟਰ ਹਨ, ਜੋ ਕਿ ਪਿਛਲੇ ਸਮੇਂ ਦੌਰਾਨ ਵੱਖ ਵੱਖ ਜੇਲ੍ਹਾਂ ਵਿਚੋਂ ਤਬਦੀਲ ਹੋ ਕੇ ਆਏ ਹਨ। ਫਿਲਹਾਲ ਇਨ੍ਹਾਂ ਨੂੰ ਬੈਰਕਾਂ ਵਿੱਚ ਹੀ ਵੱਖ-ਵੱਖ ਰੱਖਿਆ ਹੈ ਪਰ ਇਥੇ ਵੱਖਰੇ ਸੈੱਲਾਂ ਦੀ ਕਮੀ ਹੈ। ਇਵੇਂ ਹੀ ਫਿਰੋਜ਼ਪੁਰ ਜੇਲ੍ਹ ਵਿੱਚ 15 ਦੇ ਕਰੀਬ ਗੈਂਗਸਟਰ ਬੰਦ ਹਨ ਜਦੋਂਕਿ ਪਟਿਆਲਾ ਜੇਲ੍ਹ ਵਿੱਚ ਵੀ 26 ਗੈਂਗਸਟਰ ਬੰਦ ਹਨ। ਪਤਾ ਲੱਗਾ ਹੈ ਕਿ ਜੇਲ੍ਹ ਵਿਭਾਗ ਹੁਣ ਇਨ੍ਹਾਂ ਗੈਂਗਸਟਰਾਂ ਦੀ ਅਦਲਾ-ਬਦਲੀ ਕਰਨ ਦੇ ਰੌਂਅ ਵਿੱਚ ਹੈ। ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਆਖਿਆ ਕਿ ਉਹ ਦਿੱਲੀ ਵਿੱਚ ਮੀਟਿੰਗ ਦੇ ਰੁਝੇਵੇਂ ਵਿਚ ਹਨ।

ਸ.ਫਾ 7 ਦੀ ਬਾਕੀ

## ਬਾਦਲਾਂ ਤੇ ਖੱਟਰ ਨੇ ਕੀਤੀ ਰਾਸ਼ਟਰਪਤੀ ਨਾਲ ਮੁਲਾਕਾਤ

ਆਧਾਰ 'ਤੇ ਵੰਡਣ ਦੀ ਬਜਾਏ ਸਿਆਸੀ ਆਧਾਰ 'ਤੇ ਵੰਡ ਦਿੱਤਾ ਗਿਆ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਨੇਤਾ ਮਦਨ ਮੋਹਨ ਮਿੱਤਲ ਨੇ ਵੀ ਪੱਖ ਰੱਖਿਆ।

ਖੱਟਰ ਨੇ ਪੱਖ ਰੱਖਿਆ-ਕੇਂਦਰ ਨੂੰ ਰਾਏ ਦਿਓ ਕਿ ਉਹ ਆਪਣੀ ਨਿਗਰਾਨੀ ਵਿਚ ਨਹਿਰ ਦਾ ਨਿਰਮਾਣ ਕਰਵਾਏ :

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਰੈਫਰੈਂਸ ਵਿਚ ਸੁਪਰੀਮ ਕੋਰਟ ਨੇ ਹਰਿਆਣਾ ਦੇ ਹੱਕ ਵਿਚ ਰਾਏ ਦਿੱਤੀ ਹੈ। ਹੁਣ ਉਹ ਕੇਂਦਰ ਨੂੰ ਰਾਏ ਦੇਣ ਕਿ ਉਹ ਆਪਣੀ ਨਿਗਰਾਨੀ ਵਿਚ ਨਹਿਰ ਦਾ ਨਿਰਮਾਣ ਕਰਵਾਏ। ਰਾਸ਼ਟਰਪਤੀ ਭਵਨ ਜਾਣ ਤੋਂ ਪਹਿਲਾਂ ਨਵੀਂ ਦਿੱਲੀ ਦੇ ਹਰਿਆਣਾ ਭਵਨ ਵਿਚ ਸਾਰੇ ਦਲਾਂ ਦੇ ਨੇਤਾ ਇਕੱਤਰ ਸਨ।

ਇਥੇ ਤੈਅ ਹੋਇਆ ਕਿ ਰਾਸ਼ਟਰਪਤੀ ਅੱਗੇ 3 ਲੋਕ ਪੱਖ ਰੱਖਣਗੇ। ਇਨ੍ਹਾਂ ਵਿਚ ਮੁੱਖ ਮੰਤਰੀ ਖੱਟਰ, ਵਿਰੋਧੀ ਧਿਰ ਦੇ ਨੇਤਾ ਚੌਧਰੀ ਅਭੈ ਸਿੰਘ ਚੌਟਾਲਾ ਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਕਿਰਨ ਚੌਧਰੀ ਨੇ ਪੱਖ ਰੱਖਣਾ ਸੀ। ਹਾਲਾਂਕਿ ਪ੍ਰਣਬ ਮੁਖਰਜੀ ਦੇ ਸਾਹਮਣੇ ਇਨ੍ਹਾਂ ਵਿਚ ਸੰਸਦੀ ਕਾਰਜ ਅਤੇ ਸਿੱਖਿਆ ਮੰਤਰੀ ਰਾਮਬਿਲਾਸ ਸ਼ਰਮਾ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀ ਆਪਣੀ ਗੱਲ ਰੱਖੀ।

ਚੌਟਾਲਾ ਨੇ ਕਿਹਾ ਕਿ ਸਿਆਸੀ ਲਾਭ ਲੈਣ ਲਈ ਪੰਜਾਬ ਸਰਕਾਰ ਸੰਵਿਧਾਨ, ਸੁਪਰੀਮ ਕੋਰਟ ਤੇ ਕਾਨੂੰਨ ਨਹੀਂ ਮੰਨ ਰਹੀ ਹੈ। ਇਕ ਬੂੰਦ ਵੀ ਪਾਣੀ ਨਾ ਦੇਣ ਦੀ ਧਮਕੀ ਦੇ ਕੇ ਹਰਿਆਣਾ ਦੇ ਲੋਕਾਂ ਨੂੰ ਉਕਸਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਜਿਹੀ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਉਥੇ ਰਾਸ਼ਟਰਪਤੀ ਰਾਜ ਲਾਗੂ ਕਰ ਦੇਣਾ ਚਾਹੀਦਾ ਹੈ।

# ਵਿਚਾਰਧਾਰਾ ਵਿਚ ਰੰਗੀ ਜਾ ਰਹੀ ਹੈ ਭਾਰਤੀ ਹਥਿਆਰਬੰਦ ਫ਼ੌਜ

**1985 ਵਿਚ ਰਾਜੀਵ ਗਾਂਧੀ 400 ਤੋਂ ਜ਼ਿਆਦਾ ਸੀਟਾਂ ਜਿੱਤ ਕੇ ਸੱਤਾ ਵਿਚ ਆਏ ਸਨ। ਉਸ ਦੌਰ ਵਿਚ ਰਾਜੀਵ ਗਾਂਧੀ ਕੁਝ ਵੀ ਕਹਿੰਦੇ ਸਨ ਤਾਂ ਸਾਡੀ ਮਾਤਾ ਜੀ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਸਨ ਕਿ ਇਹ ਨੌਜਵਾਨ ਕਿੰਨੀ ਚੰਗੀ ਗੱਲ ਕਰ ਰਿਹਾ ਹੈ। ਪਰ ਢਾਈ ਸਾਲ ਦੇ ਅੰਦਰ ਅੰਦਰ ਰਾਜੀਵ ਗਾਂਧੀ ਕੁਝ ਵੀ ਕਹਿੰਦੇ ਸਨ ਤਾਂ ਸਾਡੇ ਬੱਚੇ ਵੀ ਹੱਸਦੇ ਸਨ। ਇਹ ਸਿਆਸਤ ਦੀਆਂ ਹਵਾਵਾਂ ਹਨ-ਕਦੇ ਇਧਰ ਜਾਂਦੀਆਂ ਹਨ ਤੇ ਕਦੇ ਉਧਰ ਜਾਂਦੀਆਂ ਹਨ।**



**ਸ਼ੇਖਰ ਗੁਪਤਾ**

ਇਸ ਗੱਲ ਨੂੰ ਬਹੁਤ ਸਾਵਧਾਨੀ ਨਾਲ...ਪਰ ਕਿਹਾ ਜ਼ਰੂਰ ਜਾਣਾ ਚਾਹੀਦਾ ਹੈ ਕਿ ਮੌਜੂਦਾ ਮੋਦੀ ਸਰਕਾਰ ਅਤੇ ਉਸ ਦੀ ਵਿਚਾਰਧਾਰਾ ਭਾਰਤ ਦੀ ਹਥਿਆਰਬੰਦ ਫ਼ੌਜ ਨੂੰ ਇਕ ਤਰ੍ਹਾਂ ਦੀ ਵਿਚਾਰਧਾਰਾ ਦੇ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕਰ ਰਹੀ ਹੈ। ਕੁਝ ਇਸ ਤਰ੍ਹਾਂ ਕਿ ਜਿਵੇਂ ਅੱਜ ਤੋਂ ਪਹਿਲਾਂ ਭਾਰਤ ਵਿਚ ਫ਼ੌਜ ਹੀ ਨਹੀਂ ਸੀ ਤੇ ਨਾ ਹੀ ਦੇਸ਼ ਭਗਤੀ। ਇਸ ਮੁੱਦੇ 'ਤੇ ਫ਼ੌਜ ਅਤੇ ਪੁਲੀਸ ਦੇ ਸੇਵਾਮੁਕਤ ਅਧਿਕਾਰੀਆਂ ਨੂੰ ਸਵਾਲ ਚੁੱਕਣੇ ਚਾਹੀਦੇ ਹਨ।

ਜਿਸ ਤਰ੍ਹਾਂ ਸਰਕਾਰ ਆਪਣੀ ਵਿਦੇਸ਼ ਨੀਤੀ ਜਾਂ ਕੂਟਨੀਤੀ ਵਿਚ ਭਾਰਤ ਦੀ ਹਥਿਆਰਬੰਦ ਤਾਕਤ ਦਾ ਇਸਤੇਮਾਲ ਕਰਦੀ ਹੈ, ਉਸ 'ਤੇ ਜੇਕਰ ਤੁਸੀਂ ਸਵਾਲ ਉਠਾਏ ਤਾਂ ਉਸ ਨੂੰ ਰਾਸ਼ਟਰ ਵਿਰੋਧੀ ਕਰਾਰ ਦੇ ਦਿੱਤਾ ਜਾਵੇਗਾ। ਭਾਵ ਸਰਕਾਰ ਨੇ ਰਾਸ਼ਟਰਹਿਤ ਦੀ ਪਰਿਭਾਸ਼ਾ ਤੈਅ ਕਰ ਦਿੱਤੀ ਅਤੇ ਤੁਹਾਨੂੰ ਉਸੇ ਦਾਇਰੇ ਵਿਚ ਰਹਿਣਾ ਪਏਗਾ। ਜਦਕਿ ਰਣਨੀਤਕ ਮੁੱਦਿਆਂ 'ਤੇ ਜਾਂ ਸੁਰੱਖਿਆ ਸਬੰਧੀ ਮੁੱਦਿਆਂ 'ਤੇ ਖੁੱਲ੍ਹੀ ਅਤੇ ਗੰਭੀਰ ਬਹਿਸ ਹੋਣੀ ਚਾਹੀਦੀ ਹੈ।

ਦੂਸਰੇ ਪਾਸੇ ਸਾਡੇ ਦਿਮਾਗ਼ਾਂ ਦਾ ਫ਼ੌਜੀਕਰਨ ਕੀਤਾ ਜਾ ਰਿਹਾ ਹੈ ਅਤੇ ਇਹ ਫੌਜੀਕਰਨ ਪਾਕਿਸਤਾਨ ਦੇ ਸਬੰਧ ਵਿਚ ਹੋ ਰਿਹਾਹੈ। ਲੋਕਾਂ ਦੀ ਸੋਚ ਨੂੰ ਪਾਕਿਸਤਾਨ ਦੇ ਸੰਦਰਭ ਵਿਚ ਮਿਲਟਿਰਾਈਜ਼ ਕਰਨ ਦੇ ਕਈ ਨਤੀਜੇ ਹਨ। ਤੁਸੀਂ ਚਾਹੋ ਜਾਂ ਨਾ ਚਾਹੋ, ਇਸ ਨੂੰ ਮੁਸਲਮਾਨਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਤੇ ਇਹ ਸਮਾਜ ਨੂੰ ਵੰਡਣ ਵਾਲੀ ਗੱਲ ਹੈ। ਭਾਰਤੀ ਫ਼ੌਜ ਦੀ ਦਿਖ ਬਹੁਤ ਹੀ ਗੈਰਪੱਖਪਾਤੀ ਹੈ। ਜੇਕਰ ਫਿਰਕੂ ਦੰਗਿਆਂ ਦਾ ਇਤਿਹਾਸ ਦੇਖੀਏ ਤਾਂ ਆਮ ਤੌਰ 'ਤੇ ਫ਼ੌਜ ਸੱਦੇ ਜਾਣ 'ਤੇ ਸਾਰੇ ਦੰਗਾਈ ਆਪਣੇ ਘਰ ਚਲੇ ਜਾਂਦੇ ਹਨ।

ਜਿਸ ਤਰ੍ਹਾਂ ਨਾਲ ਸਰਕਾਰ ਫ਼ੌਜ ਦਾ ਇਸਤੇਮਾਲ ਕਿਤੇ ਕਰਦੀ ਹੈ, ਫੌਜ ਦਾ ਇਸਤੇਮਾਲ ਕਹਿਣਾ ਵੀ 'ਗ਼ਲਤ' ਗੱਲ ਹੈ। ਜਿਸ ਤਰ੍ਹਾਂ ਸਰਕਾਰ ਦੇਸ਼ ਦੀ ਹਥਿਆਰਬੰਦ ਤਾਕਤ ਦਾ ਇਸਤੇਮਾਲ ਆਪਣੀਆਂ ਨੀਤੀਆਂ ਵਿਚ ਕਰਦੀ ਹੈ, ਆਪਣੀ ਕੂਟਨੀਤੀ ਜਾਂ ਵਿਦੇਸ਼ ਨੀਤੀ ਵਿਚ ਅਤੇ ਤੁਸੀਂ ਉਸ 'ਤੇ ਸਵਾਲ ਉਠਾਉਂਦੇ ਹੋ ਤਾਂ ਉਹ ਦੇਸ਼ ਵਿਰੋਧੀ ਹੋ ਜਾਂਦਾ ਹੈ।

ਇਸ ਦਾ ਮਤਲਬ ਇਹ ਹੈ ਕਿ ਸਰਕਾਰ ਨੇ ਰਾਸ਼ਟਰ ਹਿਤ ਦੀ ਪਰਿਭਾਸ਼ਾ ਤੈਅ ਕਰ ਦਿੱਤੀ ਹੈ ਭਾਵ ਇਕ ਦਾਇਰਾ ਤੈਅ ਕਰ ਦਿੱਤਾ ਹੈ ਅਤੇ ਤੁਸੀਂ ਉਸੇ ਦਾਇਰੇ ਦੇ ਅੰਦਰ ਕੰਮ ਕਰੋਗੇ ਤੇ ਉਸ ਦੇ ਬਾਹਰ ਨਹੀਂ ਜਾਓਗੇ। ਇਹ ਬਿਲਕੁਲ ਗ਼ਲਤ ਹੈ। ਕਿਉਂਕਿ ਰਣਨੀਤਕ ਮੁੱਦਿਆਂ 'ਤੇ, ਸੁਰੱਖਿਆ ਸਬੰਧੀ ਮੁੱਦਿਆਂ 'ਤੇ ਸਖ਼ਤ ਤੇ ਖੁੱਲ੍ਹੀ ਬਹਿਸ ਹੋਣੀ ਚਾਹੀਦੀ ਹੈ।

ਜਿਵੇਂ ਰਣਨੀਤਕ ਸੰਜਮ ਦੀ ਨੀਤੀ (ਭਾਵ ਭਾਰਤ ਦੇ ਦੂਰਗਾਮੀ ਲਾਭ ਨੂੰ ਧਿਆਨ ਵਿਚ ਰੱਖਿਆ ਗਵਾਂਢੀ ਮੁਲਕਾਂ ਦੀਆਂ ਭੜਕਾਊ ਕਾਰਵਾਈਆਂ ਦੇ ਬਾਵਜੂਦ ਸੰਜਮ ਬਰਕਰਾਰ ਰੱਖਣਾ) ਨਾਲ ਭਾਰਤ ਨੂੰ ਬਹੁਤ ਲਾਭ ਹੋਇਆ ਹੈ। ਅਟਲ ਬਿਹਾਰੀ ਵਾਜਪਾਈ ਅਤੇ ਨਰਸਿਮਹਾ ਰਾਓ ਦੇ ਜ਼ਮਾਨੇ ਵਿਚ ਇਸ ਨੀਤੀ 'ਤੇ ਚੱਲਿਆ ਗਿਆ ਪਰ ਹੁਣ ਇਸ ਨੂੰ ਬਦਲ ਦਿੱਤਾ ਗਿਆ ਹੈ। ਇਹ ਵੱਡਾ ਬਦਲਾਅ ਹੈ ਤੇ ਨਰਿੰਦਰ ਮੋਦੀ ਦੀ ਸਰਕਾਰ ਆਉਣ ਮਗਰੋਂ ਇਹ ਬਦਲਾਅ ਕਈ ਪੱਧਰਾਂ 'ਤੇ ਹੋਇਆ ਹੈ। ਇਸ ਨੂੰ ਅੰਗਰੇਜ਼ੀ ਵਿਚ ਪੈਰਾਡਾਈਮ ਸ਼ਿਫ਼ਟ ਕਿਹਾ ਜਾਂਦਾ ਹੈ।

ਇਹ ਇਸ ਲਈ ਹੋ ਰਿਹਾ ਹੈ ਕਿਉਂਕਿ ਭਾਰਤ ਵਿਚ ਪਹਿਲੀ ਵਾਰ ਅਸਲੀ ਦੱਖਣਪੰਥੀ ਵਿਚਾਰ ਵਾਲੀ ਸਰਕਾਰ ਬਣੀ ਹੈ। ਹੁਣ ਤਕ ਦੀਆਂ ਸਾਰੀਆਂ ਸਰਕਾਰਾਂ ਮੋਟੇ ਤੌਰ 'ਤੇ ਖੱਬੇ ਪੱਖੀ ਜਾਂ ਮੱਧ ਮਾਰਗੀ-ਖੱਬੇ ਪੱਖੀ ਰੁਝਾਨਾਂ ਵਾਲੀਆਂ ਸਰਕਾਰਾਂ ਰਹੀਆਂ ਹਨ। ਇਥੋਂ ਤਕ ਕਿ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਵੀ ਆਰ.ਐਸ.ਐਸ. ਦੀ ਦੱਖਣਪੰਥੀ ਵਿਚਾਰਧਾਰਤਮਕ ਸ਼ੁੱਧਤਾ ਨੂੰ ਲੁਕਾ-ਛਿਪਾ ਕੇ ਰੱਖਿਆ ਗਿਆ ਸੀ।

ਇਸ ਪੈਰਾਡਾਈਮ ਸ਼ਿਫ਼ਟ ਤੋਂ ਮੈਂ ਨਾ ਤਾਂ ਨਾਰਾਜ਼ ਹਾਂ ਤੇ ਨਾ ਹੀ ਖ਼ੁਸ਼, ਪਰ ਇਸ ਬਦਲਾਅ ਤੋਂ ਪਹਿਲਾਂ ਬਹਿਸ ਹੋਣੀ ਚਾਹੀਦੀ ਸੀ। ਸਿਰਫ਼ ਇਹ ਕਹਿਣਾ ਕਿ 'ਅਸੀਂ ਸਰਕਾਰ ਹਾਂ, ਅਸੀਂ ਇਹ ਬਦਲਾਅ ਕਰ ਦਿੱਤਾ ਹੈ, ਸਾਨੂੰ ਰਾਸ਼ਟਰਹਿਤ ਪਤਾ ਹਨ...ਇਸ ਲਈ ਸਾਡੀ ਜੈ ਜੈਕਾਰ ਕਰੋ' ਇਹ ਗ਼ਲਤ ਹੈ। ਪਰ ਇਥੇ ਤਾਂ ਬਿਨਾਂ ਕਿਸੇ ਬਹਿਸ ਦੇ ਇਕ ਤੋਂ ਬਾਅਦ ਇਕ ਚੀਜ਼ਾਂ ਬਦਲਦੀਆਂ ਗਈਆਂ। ਪਹਿਲਾਂ ਮਜ਼ਬੂਤ ਰਾਜ ਦੀ ਗੱਲ ਕਹੀ ਗਈ, ਫਿਰ ਇਕ ਫ਼ੌਜੀ ਤੇ ਮਜ਼ਬੂਤ ਰਾਜ, ਫਿਰ ਫ਼ੌਜੀ-ਅਤਿਰਾਸ਼ਟਰਵਾਦੀ ਮਜ਼ਬੂਤ ਰਾਜ ਤੇ ਫਿਰ ਫ਼ੌਜੀ-ਹਿੰਦੂ-ਅਤਿਰਾਸ਼ਟਰਵਾਦੀ ਰਾਜ ਦੀ ਗੱਲ ਕਹੀ ਜਾਣ ਲੱਗੀ। ਇਹ ਸਭ ਕੁਝ ਬਿਨਾਂ ਬਹਿਸ ਮੁਬਾਹਸੇ ਦੇ ਹੋ ਰਿਹਾ ਹੈ।

ਇਨ੍ਹਾਂ ਸਥਿਤੀਆਂ ਵਿਚ ਪ੍ਰੈੱਸ ਦੀ ਆਜ਼ਾਦੀ 'ਤੇ ਹਰ ਕਦਮ 'ਤੇ ਬਹਿਸ ਚਲਣੀ ਚਾਹੀਦੀ ਹੈ। ਜਿਸ ਤਰ੍ਹਾਂ ਪਿਛਲੇ ਦਿਨੀਂ ਸਰਕਾਰਾਂ ਨੇ ਐਨ.ਡੀ.ਟੀ.ਵੀ. 'ਤੇ ਇਕ ਦਿਨ ਦੀ ਪਾਬੰਦੀ ਲਾਈ, ਉਸ ਨਾਲ ਕਈ ਸਵਾਲ ਖੜ੍ਹੇ ਹੋ ਗਏ ਹਨ। ਗੰਭੀਰ ਗੱਲ ਇਹ ਹੈ ਕਿ ਇਸ ਪਿਛੇ ਰਾਜ ਦੀ ਤਾਕਤ ਭਾਵ ਸਟੇਟ ਪਾਵਰ ਹੈ। ਇਸ ਤਰ੍ਹਾਂ ਦੀਆਂ ਬਹਿਸਾਂ ਐਮਰਜੈਂਸੀ ਦੌਰਾਨ ਵੀ ਹੋਈਆਂ ਸਨ ਜੋ ਸੱਤਾ ਵਲੋਂ ਹੀ ਸ਼ੁਰੂ ਕੀਤੀਆਂ ਗਈਆਂ ਸਨ।

ਜਦੋਂ ਨਰਿੰਦਰ ਮੋਦੀ ਸਰਕਾਰ ਦੇ ਸੂਚਨਾ ਮੰਤਰੀ ਵੈਂਕਯਾ ਨਾਇਡੂ ਕਹਿੰਦੇ ਹਨ ਕਿ ਬੋਲਣ ਦੀ ਆਜ਼ਾਦੀ ਆਪਣੀ ਥਾਂ ਹੈ ਪਰ ਸਭ ਤੋਂ ਉਪਰ ਰਾਸ਼ਟਰ ਹਿਤ ਹਨ ਤਾਂ ਮੈਨੂੰ ਯਾਦ ਆਉਂਦਾ ਹੈ ਕਿ ਬਿਲਕੁਲ ਅਜਿਹੀ ਹੀ ਗੱਲ ਐਮਰਜੈਂਸੀ ਸਮੇਂ ਵਿਦਿਆਚਰਨ ਸ਼ੁਕਲ ਨੇ ਵੀ ਕਹੀ ਸੀ। ਦੂਸਰੀ ਗੱਲ ਇਹ ਕਹਿ ਰਹੇ ਹਨ ਕਿ ਨਿਊਜ਼ ਦਾ ਵਿਊਜ਼ ਨਾਲ ਘਾਲਮੇਲ ਨਹੀਂ ਕਰਨਾ ਚਾਹੀਦਾ। ਐਮਰਜੈਂਸੀ ਸਮੇਂ ਮੈਂ ਪੱਤਰਕਾਰੀ ਦਾ ਵਿਦਿਆਰਥੀ ਸੀ ਪਰ ਬਿਲਕੁਲ ਸਹੀ ਗੱਲ ਮੈਂ 15 ਅਗਸਤ 1975 ਨੂੰ (ਐਮਰਜੈਂਸੀ ਦੇ ਕੱਟੜ ਸਮਰਥਕ) ਚੌਧਰੀ ਬੰਸੀ ਲਾਲ ਦੇ ਭਾਸ਼ਣ ਵਿਚ ਸੁਣੀ ਸੀ-ਕਿ ਵਿਚਾਰ ਤੁਸੀਂ ਐਡਿਟ ਪੇਜ 'ਤੇ ਲਿਖੋ ਤੇ ਖ਼ਬਰਾਂ ਬਿਲਕੁਲ ਵੱਖ।

ਫਿਰ ਵੀ ਮੈਂ ਮੰਨਦਾ ਹਾਂ ਕਿ ਨਰਿੰਦਰ ਮੋਦੀ ਦੀ ਤੁਲਨਾ ਹਾਲੇ ਇੰਦਰਾ ਗਾਂਧੀ ਨਾਲ ਨਹੀਂ ਕੀਤੀ ਜਾ ਸਕਦੀ ਕਿਉਂਕਿ ਮੋਦੀ ਕੋਲ ਉਨੀ ਤਾਕਤ ਵੀ ਨਹੀਂ ਹੈ ਤੇ ਭਾਰਤ ਬਦਲ ਚੁੱਕਾ ਹੈ। ਹੁਣ ਤੁਸੀਂ ਸੰਵਿਧਾਨ ਦੀ ਧਾਰਾ 356 ਦੀ ਵਰਤੋਂ ਕਰਕੇ ਸੂਬਾਈ ਸਰਕਾਰਾਂ ਨਹੀਂ ਡੇਗ ਸਕਦੇ। ਹੁਣ ਕਿਸੇ ਪਾਰਟੀ ਕੋਲ 400 ਸੀਟਾਂ ਵੀ ਆ ਜਾਣ ਤਾਂ ਉਹ ਤਾਕਤ ਨਹੀਂ ਮਿਲ ਸਕੇਗੀ।

ਮੇਰੀ ਸ਼ਿਕਾਇਤ ਟੀ.ਵੀ. ਨਿਊਜ਼ ਉਦਯੋਗ ਤੋਂ ਹੈ। ਸ਼ਾਮ ਨੂੰ 7 ਤੋਂ 11 ਵਜੇ ਤਕ ਚੈਨਲਾਂ 'ਤੇ ਨਜ਼ਰੀਆ ਅਤੇ ਬਹਿਸ ਹੀ ਪ੍ਰਸਾਰਤ ਹੁੰਦੀ ਹੈ। ਪਰ ਉਹ ਬਹਿਸ ਵੀ ਜਾਅਲੀ ਅਤੇ ਬਣਾਵਟੀ ਹੈ। ਮੇਰੀ ਸ਼ਿਕਾਇਤ ਇਹ ਹੈ ਕਿ ਜਦੋਂ ਸੂਚਨਾ ਪ੍ਰਸਾਰਨ ਮੰਤਰਾਲੇ ਨੇ ਟੀ.ਵੀ. ਨਿਊਜ਼ 'ਤੇ ਨਜ਼ਰ ਰੱਖਣ ਲਈ ਕਮੇਟੀ ਬਣਾਈ ਤਾਂ ਉਸ ਨੂੰ ਟੀ.ਵੀ. ਨਿਊਜ਼ ਨੇ ਸਵੀਕਾਰ ਕਿਉਂ ਕੀਤਾ? ਜਦੋਂ ਤਕ ਫ਼ੈਸ਼ਨ ਟੀ.ਵੀ. ਜਾਂ ਮਨੋਰੰਜਨ ਟੀ.ਵੀ. ਦੇ ਕੰਟੈਂਟ 'ਤੇ ਨਜ਼ਰ ਰੱਖਣ ਲਈ ਅਜਿਹੇ ਤਰੀਕੇ ਅਪਣਾਏ ਜਾਂਦੇ ਸਨ ਉਦੋਂ ਤਕ ਠੀਕ ਸੀ ਪਰ ਸਰਕਾਰ ਦੀ ਅਜਿਹੀ ਨਜ਼ਰ ਖ਼ਬਰਾਂ 'ਤੇ ਵੀ ਲੱਗੇ, ਇਹ ਖ਼ਤਰਨਾਕ ਗੱਲ ਹੈ। ਅੱਜ ਕੋਈ ਸੋਚ ਵੀ ਨਹੀਂ ਸਕਦਾ ਕਿ ਇਸ ਦੇਸ਼ ਵਿਚ ਖ਼ਬਰ ਛਾਪਣ ਲਈ ਕਿਸੇ ਅਖ਼ਬਾਰ ਨੂੰ ਦੰਡ ਦਿੱਤਾ ਜਾਵੇ। ਇਕ ਵਾਰ ਇੰਦਰਾ ਗਾਂਧੀ ਨੇ ਅਖ਼ਬਾਰਾਂ ਨੂੰ ਸਜ਼ਾ ਦੇਣ ਦੀ ਗੱਲ ਸੋਚੀ ਸੀ ਤਾਂ ਉਨ੍ਹਾਂ ਨੂੰ ਬਹੁਤ ਵੱਡਾ ਖਮਿਆਜ਼ਾ ਭੁਗਤਨਾ ਪਿਆ। ਪਰ ਚਿੰਤਾ ਦੀ ਗੱਲ ਇਹ ਹੈ ਕਿ ਜੇਕਰ ਅੱਜ ਸਰਕਾਰ ਟੀ.ਵੀ. ਨਿਊਜ਼ 'ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕਰੇਗੀ ਤਾਂ ਕੱਲ੍ਹ ਇਹ ਪਰੰਪਰਾ ਬਣ ਜਾਵੇਗੀ ਤੇ ਫਿਰ ਅਖ਼ਬਾਰਾਂ 'ਤੇ ਵੀ ਪਾਬੰਦੀ ਲਾਈ ਜਾ ਸਕਦੀ ਹੈ।

ਅਜਿਹੇ ਵਿਚ ਮੈਂ ਕੁਝ ਦਿਨ ਪਹਿਲਾਂ ਟਵੀਟ ਕੀਤਾ ਕਿ ਪੱਤਰਕਾਰਾਂ ਨੇ ਬਿਨਾਂ ਕੁਝ ਕਹੇ ਗੋਡੇ ਟੇਕ ਦਿੱਤੇ ਹਨ। ਇਹ ਮੈਂ ਇਸ ਲਈ ਕਿਹਾ ਕਿਉਂਕਿ ਸ਼ਾਮ ਨੂੰ ਹੁਣ ਟੀ.ਵੀ. ਚੈਨਲ ਵਾਲੇ ਸੋਚਦੇ ਹਨ ਕਿ ਪਾਕਿਸਤਾਨ ਨਾਲ ਲੜਾਈ ਕਰਨੀ ਹੈ ਤੇ ਪਾਕਿਸਤਾਨ ਨੂੰ ਹਰਾ ਦੇਣਾ ਹੈ। ਭਾਵ ਪਾਕਿਸਤਾਨ ਨਾਲ ਇਕ ਨੂਰਾ ਕੁਸ਼ਤੀ ਜਿਹੀ ਚੱਲ ਰਹੀ ਹੈ। ਟੀ.ਵੀ. ਚੈਨਲਾਂ ਨੂੰ ਕਿਸੇ ਨੇ ਹੁਕਮ ਨਹੀਂ ਦਿੱਤਾ ਕਿ ਤੁਸੀਂ ਪਾਕਿਸਤਾਨ ਖ਼ਿਲਾਫ਼ ਇਹ ਨੂਰਾ ਕੁਸ਼ਤੀ ਖੇਡੋ।

ਕੋਈ ਪੱਤਰਕਾਰਾਂ ਨੂੰ ਨਹੀਂ ਕਹਿੰਦਾ ਕਿ ਤੁਹਾਨੂੰ ਝੁਕਣਾ ਪਏਗਾ ਤੇ ਜੋ ਅਸੀਂ ਕਹਿੰਦੇ ਹਾਂ, ਉਹ ਕਰਨਾ ਪਏਗਾ। ਫਿਰ ਵੀ ਪੱਤਰਕਾਰ ਕਰ ਰਹੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਇਸ ਤਰ੍ਹਾਂ ਦਾ ਮਾਲ ਵਿਕੇਗਾ ਤੇ ਸਰਕਾਰ ਵੀ ਖ਼ੁਸ਼ ਹੋਵੇਗੀ। ਇਥੇ ਤਾਂ ਪੱਤਰਕਾਰਾਂ ਨੂੰ (ਹਕੂਮਤ ਵਲੋਂ) ਕੋਈ ਫ਼ੋਨ ਵੀ ਨਹੀਂ ਆਉਂਦਾ ਹੈ ਜਦਕਿ ਪਾਕਿਸਤਾਨ ਵਿਚ ਤਾਂ ਫ਼ੌਜੀ ਹੈੱਡਕਵਾਟਰ ਤੋਂ ਫ਼ੋਨ ਆ ਜਾਂਦਾ ਹੈ।

ਅਜਿਹੇ ਵਿਚ ਜੇਕਰ ਜ਼ਰੂਰੀ ਹੋਵੇ ਤਾਂ ਪੱਤਰਕਾਰਾਂ ਨੂੰ ਸੜਕਾਂ 'ਤੇ ਵੀ ਉਤਰਨਾ ਚਾਹੀਦਾ ਹੈ। ਮੈਂ ਚਾਹੁੰਦਾ ਹਾਂ ਕਿ ਐਨ.ਡੀ.ਟੀ.ਵੀ. ਅਦਾਲਤ ਵਿਚ ਆਪਣਾ ਕੇਸ ਲੜੇ ਕਿਉਂਕਿ ਜੇਕਰ ਅਸੀਂ ਆਪਣੀ ਆਜ਼ਾਦੀ ਦੀ ਪ੍ਰਵਾਹ ਨਹੀਂ ਕਰਾਂਗੇ ਤਾਂ ਕੌਣ ਕਰੇਗਾ? ਇਹ ਸੋਚਣਾ ਤੇ ਖ਼ੁਸ਼ ਹੋਣਾ ਇਕਦਮ ਗ਼ਲਤ ਹੈ ਕਿ ਸਰਕਾਰ ਦੂਸਰਿਆਂ (ਚੈਨਲਾਂ) ਦੇ ਪਿਛੇ ਪਈ ਹੈ ਪਰ ਮੇਰੇ ਤੋਂ ਬਹੁਤ ਖ਼ੁਸ਼ ਹੈ। ਕਿਉਂਕਿ ਸਰਕਾਰ ਬਦਲੇਗੀ।

ਕੁਝ ਲੋਕ ਖ਼ਦਸ਼ਾ ਜ਼ਾਹਰ ਕਰ ਰਹੇ ਹਨ ਕਿ ਹਿੰਦੁਸਤਾਨ ਵਿਚ ਸਥਾਈ ਤੌਰ 'ਤੇ ਕੁਝ ਚੀਜ਼ਾਂ ਬਦਲ ਰਹੀਆਂ ਹਨ। ਪਰ ਭਾਰਤ ਇਕ ਏਨਾ ਵੱਡਾ ਰੱਥ ਜਾਂ ਜਨਰਨਾਟ ਹੈ ਕਿ ਜਿਸ ਨੂੰ ਹਿਲਾਉਣਾ, ਬਦਲਣਾ ਬਹੁਤ ਮੁਸ਼ਕਲ ਹੈ।

ਯਾਦ ਕਰੋ ਕਿ 1985 ਵਿਚ ਰਾਜੀਵ ਗਾਂਧੀ 400 ਤੋਂ ਜ਼ਿਆਦਾ ਸੀਟਾਂ ਜਿੱਤ ਕੇ ਸੱਤਾ ਵਿਚ ਆਏ ਸਨ। ਉਸ ਦੌਰ ਵਿਚ ਰਾਜੀਵ ਗਾਂਧੀ ਕੁਝ ਵੀ ਕਹਿੰਦੇ ਸਨ ਤਾਂ ਸਾਡੀ ਮਾਤਾ ਜੀ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਸਨ ਕਿ ਇਹ ਨੌਜਵਾਨ ਕਿੰਨੀ ਚੰਗੀ ਗੱਲ ਕਰ ਰਿਹਾ ਹੈ। ਪਰ ਢਾਈ ਸਾਲ ਦੇ ਅੰਦਰ ਅੰਦਰ ਰਾਜੀਵ ਗਾਂਧੀ ਕੁਝ ਵੀ ਕਹਿੰਦੇ ਸਨ ਤਾਂ ਸਾਡੇ ਬੱਚੇ ਵੀ ਹੱਸਦੇ ਸਨ। ਇਹ ਸਿਆਸਤ ਦੀਆਂ ਹਵਾਵਾਂ ਹਨ-ਕਦੇ ਇਧਰ ਜਾਂਦੀਆਂ ਹਨ ਤੇ ਕਦੇ ਉਧਰ ਜਾਂਦੀਆਂ ਹਨ।

ਮੈਂ ਇਹ ਨਹੀਂ ਕਹਿ ਰਿਹਾ ਕਿ ਨਰਿੰਦਰ ਮੋਦੀ ਫਿਰ ਸੱਤਾ ਵਿਚ ਆਉਣਗੇ ਜਾਂ ਨਹੀਂ ਆਉਣਗੇ। ਆ ਵੀ ਸਕਦੇ ਹਨ। ਪਰ ਸੱਤਾ ਵਿਚ ਕੋਈ ਵੀ ਆਏ ਸਾਡੀਆਂ ਬੁਨਿਆਦੀ ਮਾਨਤਾਵਾਂ ਨਹੀਂ ਬਦਲਦੀਆਂ। ਪਰ ਜੇਕਰ ਉਨ੍ਹਾਂ 'ਤੇ ਕੋਈ ਆਂਚ ਆਉਂਦੀ ਹੈ ਤਾਂ ਸਾਰਿਆਂ ਨੂੰ ਉਸ ਬਾਰੇ ਸੋਚਣਾ ਚਾਹੀਦਾ ਹੈ ਤੇ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤੇ ਡਰਨਾ ਨਹੀਂ ਚਾਹੀਦਾ।

# ਨਾਅਰਿਆਂ ਤੇ ਲਾਰਿਆਂ ਵਿਚ ਨਾ ਰੋਲ਼ੇ ਜਾਣ ਅਸਲ ਲੋਕ ਮਸਲੇ

**ਡਾ. ਰਾਜਿੰਦਰ ਪਾਲ ਸਿੰਘ ਬਰਾੜ**
(ਮੋਬਾਈਲ : 98150-50617)
ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ



ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅਗਲੇ ਸਾਲ ਹਨ ਪਰ ਪੰਜਾਬ ਦਾ ਮਾਹੌਲ ਪੂਰੀ ਤਰ੍ਹਾਂ ਭਖਿਆ ਪਿਆ ਹੈ। ਉਮੀਦਵਾਰਾਂ ਦੇ ਐਲਾਨ ਖ਼ਾਸ ਕਰਕੇ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਭਗਵੰਤ ਮਾਨ ਦੇ ਖੜ੍ਹਨ ਦੇ ਐਲਾਨ ਨਾਲ ਸਿਆਸੀ ਅਖਾੜਾ ਹੋਰ ਗਰਮ ਹੋ ਗਿਆ ਹੈ। ਪਾਰਟੀਆਂ ਵੱਲੋਂ ਮੁੱਦਿਆਂ ਦੀ ਥਾਂ ਵਿਅਕਤੀਆਂ ਅਤੇ ਘਟਨਾਵਾਂ ਦੀ ਗੱਲ ਹੋ ਰਹੀ ਹੈ। ਇਸ ਸਮੇਂ ਵੋਟਰਾਂ ਨੂੰ ਵੋਟ ਪਾਉਣ ਦਾ ਕੋਈ ਫ਼ੈਸਲਾ ਕਰਨ ਤੋਂ ਪਹਿਲਾਂ ਪੰਜਾਬ ਦੇ ਮੁੱਦਿਆਂ ਪ੍ਰਤੀ ਪਾਰਟੀਆਂ ਦੀ ਸਮਝ ਨੂੰ ਜਾਨਣਾ ਜ਼ਰੂਰੀ ਹੈ।

ਸਭ ਤੋਂ ਪਹਿਲਾ ਮਸਲਾ ਭਾਰਤ ਦੇ ਮੌਜੂਦਾ ਰਾਜਨੀਤਕ ਤੰਤਰ ਵਿੱਚ ਕੇਂਦਰ ਅਤੇ ਰਾਜਾਂ ਦਰਮਿਆਨ ਅਧਿਕਾਰਾਂ ਦੀ ਵੰਡ ਦਾ ਹੈ। ਪਿਛਲੇ ਕੁਝ ਸਮੇਂ ਵਿੱਚ ਕੇਂਦਰ ਨੇ ਰਾਜਾਂ ਦੇ ਅਧਿਕਾਰ ਟੇਢੇ ਢੰਗ ਨਾਲ ਘਟਾ ਦਿੱਤੇ ਹਨ। ਉਦਾਹਰਣ ਵਜੋਂ ਸਿੱਖਿਆ ਤੇ ਜਲਸਰੋਤ ਵਰਗੇ ਵਿਸ਼ੇ ਨਿਰੋਲ ਰਾਜਾਂ ਦੇ ਅਧਿਕਾਰ ਹੇਠੋਂ ਕੱਢ ਕੇ ਸਮਵਰਤੀ ਸੂਚੀ ਵਿੱਚ ਪਾ ਲਏ ਹਨ। ਇਸ ਲਈ ਮਸਲਾ ਕੋਈ ਵੀ ਹੋਵੇ ਉਸ ਸਬੰਧੀ ਕੋਈ ਸਿਆਸੀ ਪਾਰਟੀ ਜੇ ਚਾਹੇ ਵੀ ਤਾਂ ਵੀ ਰਾਜ ਦੇ ਸੀਮਤ ਅਧਿਕਾਰਾਂ ਕਾਰਨ ਕੋਈ ਅਸਰਦਾਇਕ ਕਾਰਵਾਈ ਨਹੀਂ ਕਰ ਸਕਦੀ। ਲੰਬਾ ਸਮਾਂ ਕੇਂਦਰ ਵਿੱਚ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਕੇਂਦਰ ਕੋਲ ਵਧੇਰੇ ਅਧਿਕਾਰਾਂ ਦੀ ਸਮਰਥਕ ਰਹੀ ਹੈ। ਭਾਜਪਾ ਵੀ ਦੇਸ਼ ਪੱਧਰ ਦੀ ਪਾਰਟੀ ਹੋਣ ਕਰਕੇ ਅਤੇ ਆਪਣੇ ਬਹੁਗਿਣਤੀ ਵਾਲੇ ਏਜੰਡੇ 'ਤੇ ਚਲਦਿਆਂ ਮਜ਼ਬੂਤ ਕੇਂਦਰ ਦੀ ਸਮਰਥਕ ਹੈ। ਅਕਾਲੀ ਦਲ ਹਮੇਸ਼ਾਂ ਹੀ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਮੰਗ ਉਠਾਉਂਦਾ ਰਿਹਾ ਹੈ ਪਰ ਉਹ ਇਹ ਮੁੱਦਾ ਸੱਤਾ ਤੋਂ ਬਾਹਰ ਹੋਣ ਸਮੇਂ ਹੀ ਉਠਾਉਂਦੇ ਹਨ। ਜਦੋਂ ਸੂਬੇ ਵਿੱਚ ਸਰਕਾਰ ਹੋਵੇ ਅਤੇ ਕੇਂਦਰੀ ਸੱਤਾ ਵਿੱਚ ਭਾਈਵਾਲੀ ਹੋਵੇ ਉਸ ਸਮੇਂ ਅਕਾਲੀ ਦਲ ਇਸ ਮੰਗ ਨੂੰ ਵਿਸਾਰ ਛੱਡਦਾ ਹੈ। ਪੰਜਾਬ ਚੋਣਾਂ ਵਿੱਚ ਤੀਜੀ ਦਾਅਵੇਦਾਰ ਧਿਰ ਆਮ ਆਦਮੀ ਪਾਰਟੀ ਦਾ ਇਸ ਸਬੰਧੀ ਕੋਈ ਨੀਤੀਗਤ ਬਿਆਨ ਹਾਲੇ ਸਾਹਮਣੇ ਨਹੀਂ ਆਇਆ ਪਰ ਦਿੱਲੀ ਰਾਜ ਨੂੰ ਬਾਕੀ ਰਾਜਾਂ ਨਾਲੋਂ ਵੀ ਘੱਟ ਅਧਿਕਾਰ ਹੋਣ ਕਰਕੇ ਉਹ ਸੂਬਿਆਂ ਲਈ ਵੱਧ ਅਧਿਕਾਰਾਂ ਦਾ ਪੈਂਤੜਾ ਲੈ ਰਹੀ ਹੈ। ਪੰਜਾਬ ਚੋਣਾਂ ਸਮੇਂ ਜੇ ਇਸ ਪਾਰਟੀ ਨੇ ਵੱਧ ਅਧਿਕਾਰਾਂ ਦੀ ਮੰਗ ਰੱਖੀ ਤਾਂ ਇਸ ਨਾਲ ਨਾ ਕੇਵਲ ਉਹ ਫੈਡਰਲ ਢਾਂਚੇ ਦੇ ਹਮਾਇਤੀ ਅਕਾਲੀਆਂ ਤੋਂ ਇਹ ਮੁੱਦਾ ਹੀ ਖੋਹ ਲਵੇਗੀ ਸਗੋਂ ਦਿੱਲੀ ਲਈ ਵੀ ਸਿਧਾਂਤਕ ਲੜਾਈ ਲੜ ਸਕੇਗੀ। ਸਹੀ ਫੈਡਰਲ ਢਾਂਚਾ ਸਮੇਂ ਦੀ ਲੋੜ ਹੈ। ਰਾਜਾਂ ਨੂੰ ਵੱਧ ਅਧਿਕਾਰਾਂ ਦੇ ਮੁੱਦੇ 'ਤੇ ਹੋਰ ਖੇਤਰੀ ਪਾਰਟੀਆਂ ਨਾਲ ਭਵਿੱਖ ਵਿੱਚ ਕੌਮੀ ਪੱਧਰ 'ਤੇ ਗਠਜੋੜ ਵੀ ਕੀਤਾ ਜਾ ਸਕਦਾ ਹੈ।

ਪੰਜਾਬ ਵਿੱਚ ਇਸ ਸਮੇਂ ਸਭ ਤੋਂ ਭਖਦਾ ਮਸਲਾ ਪੰਜਾਬ ਦੇ ਪਾਣੀਆਂ ਦਾ ਹੈ। ਐੱਸ.ਵਾਈ.ਐੱਲ. ਨਹਿਰ ਉੱਪਰ ਸੁਪਰੀਮ ਕੋਰਟ ਦੀ ਰਾਇ ਪੰਜਾਬ ਦੇ ਵਿਰੁੱਧ ਜਾਣ ਕਾਰਨ ਇਹ ਮਸਲਾ ਮੁੜ ਖੜ੍ਹਾ ਹੋ ਗਿਆ ਹੈ। ਪੰਜਾਬ ਦਾ ਪਾਣੀ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਦੇਣ ਸਮੇਂ ਕੇਂਦਰ ਅਤੇ ਪੰਜਾਬ ਦੋਵਾਂ ਰਾਜਾਂ ਉੱਪਰ ਹੀ ਕਾਂਗਰਸ ਦੀ ਹਕੂਮਤ ਸੀ, ਇਸ ਲਈ ਕਾਂਗਰਸ ਦਾਗ਼ਦਾਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਿਛਲੀ ਸਰਕਾਰ ਸਮੇਂ ਪਾਣੀਆਂ ਸਬੰਧੀ ਪਿਛਲੇ ਸਮਝੌਤੇ ਰੱਦ ਕਰਕੇ ਦਾਗ਼ ਧੋਣ ਦਾ ਯਤਨ ਵੀ ਕੀਤਾ ਸੀ, ਪਰ ਐੱਸ.ਵਾਈ.ਐੱਲ. ਨਹਿਰ ਦੀ ਖੁਦਾਈ ਦਾ ਟੱਕ ਲਾਉਣ ਸਮੇਂ ਇੰਦਰਾ ਗਾਂਧੀ ਨੂੰ ਜੀ ਆਇਆਂ ਕਹਿਣ ਦਾ ਇਲਜ਼ਾਮ ਅਮਰਿੰਦਰ ਸਿੰਘ ਦਾ ਪਿੱਛਾ ਨਹੀਂ ਛੱਡ ਰਿਹਾ। ਇਸ ਮਸਲੇ 'ਤੇ ਅਕਾਲੀ ਹਮੇਸ਼ਾਂ ਹੀ ਸੰਘਰਸ਼ ਦਾ ਦਾਅਵਾ ਕਰਦੇ ਰਹੇ ਹਨ, ਪਰ ਸੱਤਾ ਦੀ ਮਜਬੂਰੀ ਅਧੀਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਹੁੰਦਿਆਂ, ਹਰਿਆਣੇ ਤੋਂ ਜ਼ਮੀਨ ਲਈ ਚੈੱਕ ਪ੍ਰਾਪਤ ਕਰਨ ਅਤੇ ਹਰਿਆਣਾ ਵਿਧਾਨ ਸਭਾ ਵਿੱਚ ਦੇਵੀ ਲਾਲ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੀ ਤਾਰੀਫ਼ ਕਰਨ ਦੇ ਜੱਗ-ਜ਼ਾਹਰ ਰਿਕਾਰਡ ਨੇ ਪਾਣੀਆਂ ਦੇ ਰਾਖੇ ਨੂੰ ਹੀ ਬੰਨ੍ਹ ਤੋੜਨ ਦਾ ਜ਼ਿੰਮੇਵਾਰ ਠਹਿਰਾ ਦਿੱਤਾ ਹੈ। ਉਸ ਸਮੇਂ ਇੱਕ ਤਰ੍ਹਾਂ ਨਾਲ ਦੋਵਾਂ ਪਾਰਟੀਆਂ ਦੇ ਲੀਡਰਾਂ ਨੂੰ ਸੱਤਾ ਦਾ ਲਾਲਚ ਸੀ ਜਿਸ ਲਈ ਇਨ੍ਹਾਂ ਨੇ ਆਪੋ-ਆਪਣੇ ਸਮੇਂ ਰਿੱਛ ਨੂੰ ਕੰਬਲ ਸਮਝ ਕੇ ਫੜ ਲਿਆ ਸੀ, ਹੁਣ ਕੰਬਲ ਖਹਿੜਾ ਨਹੀਂ ਛੱਡ ਰਿਹਾ। ਬੀਤੇ ਸਮੇਂ ਵਿੱਚ ਕੇਂਦਰ ਜਾਂ ਰਾਜ ਵਿੱਚ ਕਿਤੇ ਵੀ ਸੱਤਾ ਵਿੱਚ ਨਾ ਰਹੀ ਹੋਣ ਕਰਕੇ ਆਮ ਆਦਮੀ ਪਾਰਟੀ ਦਾ ਮਨ ਸਾਫ਼ ਹੈ; ਫ਼ਾਇਦੇ ਵਿੱਚ ਹੈ। ਕੇਜਰੀਵਾਲ ਦਾ ਹਰਿਆਣੇ ਦਾ ਜੰਮਪਲ ਹੋਣਾ, ਦਿੱਲੀ ਦਾ ਮੁੱਖ ਮੰਤਰੀ ਹੋਣਾ ਅਤੇ ਦੇਸ਼ ਪੱਧਰ ਦਾ ਲੀਡਰ ਹੋਣਾ ਮੁਸ਼ਕਲ ਹੋ ਸਕਦੀ ਸੀ, ਪਰ ਉਸ ਦਾ ਪਾਣੀਆਂ ਦੇ ਮੁੱਦੇ 'ਤੇ ਵੇਲੇ ਸਿਰ ਦਿੱਲੀ ਸਰਕਾਰ ਵੱਲੋਂ ਦਿੱਤਾ ਹਲਫ਼ਨਾਮਾ ਵਾਪਸ ਲੈਣ ਨੇ ਉਸ ਨੂੰ ਦਾਗ਼ਦਾਰ ਹੋਣ ਤੋਂ ਬਚਾ ਲਿਆ। ਇਹ ਉਸ ਦੀ ਜਾਂ ਉਸ ਦੀ ਪਾਰਟੀ ਦੀ ਸਿਆਸੀ ਸਿਆਣਪ ਕਹੀ ਜਾ ਸਕਦੀ ਹੈ।

ਪੰਜਾਬ ਦਾ ਅਗਲਾ ਮੁੱਦਾ ਕਿਸਾਨੀ ਸਿਰ ਚੜ੍ਹੇ ਕਰਜ਼ੇ ਦਾ ਹੈ। ਖੇਤੀ ਪੈਦਾਵਾਰ ਦੇ ਮੁੱਲ ਵਿੱਚ ਮੁਕਾਬਲਤਨ ਘੱਟ ਵਾਧਾ ਅਤੇ ਖੇਤੀ ਲਾਗਤਾਂ (ਖਾਦਾਂ, ਬੀਜਾਂ, ਕੀਟਨਾਸ਼ਕ-ਨਦੀਨਨਾਸ਼ਕ, ਤੇਲ ਤੇ ਮਸ਼ੀਨਰੀ) ਵਿੱਚ ਵਾਧੇ ਨੇ ਕਿਸਾਨ ਨੂੰ ਕਰਜ਼ਈ ਕਰ ਦਿੱਤਾ ਹੈ। ਪੰਜਾਬ ਦੇ ਲੋਕ ਇਸ ਲਈ ਕਾਂਗਰਸ ਦੇ ਰਾਜ ਨੂੰ ਜ਼ਿੰਮੇਵਾਰ ਸਮਝਦੇ ਹਨ ਕਿਉਂਕਿ ਇਸ ਪਾਰਟੀ ਨੇ ਕੇਂਦਰ ਅਤੇ ਰਾਜ ਵਿੱਚ ਲੰਬਾ ਸਮਾਂ ਰਾਜ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਬੰਧਕੀ ਪੱਧਰ ਉੱਪਰ ਆਪਣੇ ਰਾਜ ਦੌਰਾਨ ਫ਼ਸਲ ਚੁਕਾਈ ਨੂੰ ਅਹਿਮੀਅਤ ਦਿੱਤੀ ਸੀ। ਅਕਾਲੀ ਹਮੇਸ਼ਾਂ ਹੀ ਕਿਸਾਨੀ ਆਧਾਰ ਦੀ ਗੱਲ ਕਰਦੇ ਰਹੇ ਹਨ ਪਰ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਵਧਾਉਣ, ਵਧੇਰੇ ਫ਼ਸਲਾਂ ਨੂੰ ਸਮਰਥਨ ਮੁੱਲ ਉੱਤੇ ਖ਼ਰੀਦਣ ਦੀ ਗਾਰੰਟੀ ਕਰਵਾਉਣ ਅਤੇ ਲਾਗਤਾਂ ਘਟਾਉਣ ਵਿੱਚ ਅਸਫ਼ਲ ਰਹੇ ਹਨ। ਪੰਜਾਬ ਸਰਕਾਰ ਨੇ ਬਿਜਲੀ ਪਾਣੀ ਮੁਫ਼ਤ ਕਰਕੇ ਕੁਝ ਲਾਹਾ ਲਿਆ ਸੀ, ਪਰ ਬਾਕੀ ਲਾਗਤਾਂ ਵਧਣ ਕਰਕੇ ਖੂਹ ਦੀ ਮਿੱਟੀ ਖੂਹ ਨੂੰ ਹੀ ਲੱਗ ਗਈ। ਇਹ ਰਾਹਤਾਂ ਤਾਂ ਊਠ ਤੋਂ ਛਾਨਣੀ ਲਾਹੁਣ ਦੇ ਤੁੱਲ ਹੈ। ਪਿਛਲੇ ਸਾਲਾਂ ਦੌਰਾਨ ਖ਼ੁਦਕੁਸ਼ੀਆਂ ਦਾ ਮਸਲਾ ਵੀ ਅਹਿਮ ਰਿਹਾ ਹੈ। ਭਾਜਪਾ ਨੇ ਕਦੇ ਵੀ ਕਿਸਾਨਾਂ ਦੀ ਪਾਰਟੀ ਹੋਣ ਦਾ ਦਾਅਵਾ ਨਹੀਂ ਕੀਤਾ ਅਤੇ ਨਾ ਹੀ ਉਸ ਨੇ ਕਦੇ ਕੋਈ ਕਿਸਾਨੀ ਮੰਗਾਂ ਲਈ ਸੰਘਰਸ਼ ਕੀਤਾ ਹੈ। ਪੰਜਾਬ ਵਿੱਚ ਤਾਂ ਇਹ ਸ਼ਹਿਰੀ ਵਪਾਰੀਆਂ ਦੀ ਪਾਰਟੀ ਵਜੋਂ ਪੇਸ਼ ਆਈ ਹੈ। 'ਆਪ' ਨੇ ਘੱਟੋ-ਘੱਟ ਦਿੱਲੀ ਵਿੱਚ ਕਿਸਾਨਾਂ ਨੂੰ ਹਰ ਪੱਖੋਂ ਰਾਹਤ ਦਿੱਤੀ ਹੈ, ਭਾਵੇਂ ਕਿ ਦਿੱਲੀ ਵਿੱਚ ਕਿਸਾਨਾਂ ਦੀ ਗਿਣਤੀ ਹੀ ਘੱਟ ਹੈ

ਬਾਕੀ ਸਫ਼ਾ 32 'ਤੇ

# ਵਿਧਾਨ ਸਭਾ ਚੋਣਾਂ
# ਕਿਸ ਜਾਲ ਵਿਚ ਫਸੂ ਪੰਜਾਬੀ ਵੋਟਰ

**ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਦੇ ਬਦਲ ਪੰਜਾਬੀ ਵੋਟਰਾਂ ਕੋਲ ਹਨ ਪਰ ਤੀਜੀ ਧਿਰ 'ਆਪ' ਮਜ਼ਬੂਤ ਹੋਣ ਦੇ ਬਾਵਜੂਦ ਆਗੂ ਵਿਹੂਣੀ ਹੈ। ਇਸ ਦੇ ਆਗੂ ਵਿਹੂਣੀ ਹੋਣ ਦਾ ਨੁਕਸਾਨ ਇਸ ਨੂੰ ਖੋਰਾ ਲਾ ਰਿਹਾ ਹੈ। ਪੰਜਾਬੀ ਫ਼ਿਤਰਤ ਤੋਂ ਅਣਜਾਣ ਕੇਜਰੀਵਾਲ ਭਾਰੀ ਗ਼ਲਤੀ ਕਰ ਰਿਹਾ ਹੈ। ਇਸ ਪਾਰਟੀ ਵਿਚ ਵੱਡੇ ਆਗੂ ਇੱਕੋ ਜਿਹੇ ਪੱਧਰ ਦੇ ਹੋਣ ਕਾਰਨ ਇੱਕ ਦੂਸਰੇ ਨੂੰ ਠਿੱਬੀ ਲਾਉਣ ਦੇ ਚੱਕਰਾਂ ਵਿਚ ਕੇਜਰੀਵਾਲ ਨੂੰ ਫ਼ੂਕ ਛਕਾ ਕੇ ਗੁਮਰਾਹ ਕਰ ਰਹੇ ਹਨ।**

**ਗੁਰਚਰਨ ਸਿੰਘ ਪੱਖੋਕਲਾਂ**
(ਮੋਬਾਈਲ : 94177-27245)

ਪੰਜਾਂ ਸਾਲਾਂ ਲਈ ਸਰਕਾਰ ਚੁਣਨ ਦੀ ਖੇਡ ਹੁਣ ਕੋਈ ਲੁਕੀ ਛੁਪੀ ਗੱਲ ਨਹੀਂ ਰਹੀ ਕਿ ਇਹ ਸਿਰਫ਼ ਰਾਜ-ਸੱਤਾ 'ਤੇ ਕਬਜ਼ਾ ਕਰਕੇ ਲੋਕ ਗੁਲਾਮ ਕਰਨ ਦੀ ਸਿਆਸਤ ਹੈ। ਕਹਿਣ ਨੂੰ ਭਾਵੇਂ ਇਹ ਲੋਕ ਸੇਵਕ ਚੁਣ ਕੇ ਲੋਕਾਂ ਦੁਆਰਾ ਲੋਕਾਂ ਲਈ ਸਰਕਾਰ ਹੈ। ਵਰਤਮਾਨ ਸਮੇਂ ਵਿਚ ਲੋਕ ਸੇਵਾ ਦੀ ਥਾਂ ਨਿੱਜ ਪ੍ਰਸਤ ਕਾਰੋਬਾਰੀ ਲੋਕਾਂ ਨੇ ਆਪਣੇ ਹਿਤ ਸਾਧਣ ਵਾਸਤੇ ਰਾਜ ਸੱਤਾ ਮੱਲਣ ਦਾ ਸ਼ਾਰਟ ਕੱਟ ਰਸਤਾ ਚੁਣਿਆ ਹੋਇਆ ਹੈ। ਵਪਾਰਕ ਬੁੱਧੀ ਦੇ ਸਮਾਜ ਵਿਚ ਕੁੱਝ ਵਪਾਰੀ ਲੋਕ ਆਪਣਾ ਤਜਰਬਾ ਜਾਂ ਪੈਸਾ ਇਨਵੈਸਟ ਕਰਕੇ ਉਸ ਦੇ ਇਵਜ਼ ਵਿਚ ਹੋਰ ਕਈ ਗੁਣਾਂ ਲਾਭ ਖੱਟਣਾ ਹੀ ਲੋੜਦੇ ਹਨ। ਵੱਡੇ ਵਪਾਰੀ ਵੱਡੇ ਰਾਜਨੀਤਕ ਛੋਟੇ ਵਪਾਰੀਆਂ ਨੂੰ ਸਬਜ਼ਬਾਗ ਦਿਖਾ ਕਿ ਜਾਂ ਮਜਬੂਰ ਕਰਕੇ ਇਸ ਖੇਡ ਵਿਚ ਸ਼ਾਮਲ ਕਰਦੇ ਹਨ ਅਤੇ ਵੱਡੀਆਂ ਹਾਨੀਆਂ ਦੀਆਂ ਧਮਕੀਆਂ ਦੇ ਕੇ ਛੋਟੇ ਲਾਭ ਲੈ ਲੈਣ ਦਾ ਲਾਲਚ ਦੇ ਕੇ ਵੀ ਆਪੋ ਆਪਣੇ ਹਿਤਾਂ ਦੀ ਪੂਰਤੀ ਦੀ ਖੇਡ ਖੇਡਣ ਦੀ ਨੀਤੀ 'ਤੇ ਚੱਲਦੇ ਹਨ। ਸਮਾਜ ਸੇਵਾ ਜਾਂ ਲੋਕ ਹਿਤ ਦੇ ਸਿਰਫ਼ ਡਰਾਮੇ ਹੁੰਦੇ ਹਨ ਜਦੋਂਕਿ ਨਤੀਜਾ ਕੁਨਬਾਪ੍ਰਸਤੀ ਅਤੇ ਮਿੱਤਰ ਮੰਡਲੀ ਦੀ ਬੱਲੇ ਬੱਲੇ ਹੀ ਹੁੰਦਾ ਹੈ। ਭ੍ਰਿਸ਼ਟ ਰਾਜ-ਸੱਤਾ ਨੇ ਲੋਕਾਂ ਨੂੰ ਵੀ ਭ੍ਰਿਸ਼ਟ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਹੈ। ਕਿਰਤਾਂ ਅਤੇ ਧਰਮਾਂ ਦੀਆਂ ਪੌੜੀਆਂ ਚੜ੍ਹਨ ਵਾਲਾ ਆਮ ਬੰਦਾ ਰਾਜਨੀਤਕਾਂ ਦੇ ਮੂੰਹਾਂ ਵਿਚੋਂ ਕੁੱਝ ਰਿਆਇਤਾਂ ਦੇ ਊਠ ਵਾਲੇ ਬੁੱਲ੍ਹ ਡਿੱਗਣ ਦੇ ਲਾਲਚ ਵਿਚ ਫਸ ਗਿਆ ਹੈ ਜਾਂ ਫਸਾ ਦਿੱਤਾ ਗਿਆ ਹੈ। ਇਸ ਆਸ ਵਿਚ ਹੀ ਉਹ ਪੰਜ ਸਾਲ ਬਤੀਤ ਕਰ ਲੈਂਦਾ ਹੈ। ਇਹ ਊਠ ਦਾ ਲਮਕਦਾ ਬੁੱਲ੍ਹ ਕਦੇ ਵੀ ਨਹੀਂ ਡਿਗਦਾ ਅਤੇ ਅਗਲੀ ਵਾਰ ਕਿਸੇ ਹੋਰ ਇਹੋ ਜਿਹੇ ਊਠ ਦੇ ਬੁੱਲ੍ਹ ਡਿਗਾਉਣ ਦੇ ਨਵੇਂ ਵਾਅਦਿਆਂ ਵਾਲੇ ਠੱਗ ਦੇ ਹੱਥ ਚੜ੍ਹ ਜਾਣਾ ਇਸ ਮਨੁੱਖ ਦੀ ਹੋਣੀ ਬਣ ਚੁੱਕਿਆ ਹੈ।

ਵਰਤਮਾਨ ਸਮੇਂ ਪੰਜਾਬ ਵਿਚ ਤਿੰਨ ਧਿਰਾਂ ਦੇ ਸ਼ਿਕਾਰੀਆਂ ਨੇ ਪੰਜਾਬੀ ਵੋਟਰ ਦਾ ਸ਼ਿਕਾਰ ਕਰਨ ਲਈ ਜਾਲ ਵਿਛਾ ਲਏ ਹਨ। ਇਨ੍ਹਾਂ ਵਿਚ ਦੋ ਸ਼ਿਕਾਰੀ ਧਿਰਾਂ ਤਾਂ ਬੜੀਆਂ ਪੁਰਾਣੀਆਂ ਹਨ ਪਰ ਤੀਜੀ ਧਿਰ ਇਨ੍ਹਾਂ ਤੋਂ ਵੀ ਵੱਧ ਚਲਾਕ ਹੈ ਜੋ ਨਵੇਂ ਜ਼ਮਾਨਿਆਂ ਦੀ ਤਕਨੀਕ ਲੈ ਕੇ ਆਈ ਹੈ। ਇਨ੍ਹਾਂ ਨਵੀਆਂ ਤਕਨੀਕਾਂ ਦੇ ਲੇਜ਼ਰ ਸ਼ੋਆਂ ਵਿਚੋਂ ਨਿਕਲਦੀ ਲੋਕ ਸੇਵਾ ਨੇ ਵੀ ਨੌਜਵਾਨੀ ਦੀਆਂ ਅੰਨ੍ਹੀਆਂ ਅੱਖਾਂ ਨੂੰ ਹੋਰ ਵੀ ਚਕਾ-ਚੌਂਧ ਕੀਤਾ ਹੋਇਆ ਹੈ। ਰਵਾਇਤੀ ਸਿਆਸੀ ਧਿਰਾਂ ਅਕਾਲੀ-ਕਾਂਗਰਸ ਹਨ, ਜਿਨ੍ਹਾਂ ਦੀਆਂ ਜੜ੍ਹਾਂ ਸਿਆਣੀ ਉਮਰ ਦੇ ਲੋਕਾਂ ਵਿਚ ਹਨ ਜੋ ਆਪੋ ਆਪਣੇ ਘਰਾਂ 'ਤੇ ਕਾਬਜ਼ ਹਨ ਅਤੇ ਪਰਿਵਾਰਾਂ ਦੇ ਬਹੁਤੇ ਵਿਅਕਤੀ ਉਨ੍ਹਾਂ ਦੇ ਹੁਕਮ ਅਧੀਨ ਵਿਚਰਦੇ ਹਨ। ਤੀਜੀ ਧਿਰ ਜਿਸ ਦਾ ਲੋਕ ਸੇਵਾ ਦਾ ਕੋਈ ਇਤਿਹਾਸ ਨਹੀਂ ਸਿਰਫ਼ ਨਵੀਂ ਤਕਨੀਕ ਸੋਸ਼ਲ ਮੀਡੀਆ ਦਾ ਡਰਾਮਾ ਆਧਾਰਤ ਵਿਕਾਸ ਮਾਡਲ ਹੈ, ਨਾਲ ਨੌਜਵਾਨੀ ਦਾ ਇੱਕ ਹਿੱਸਾ ਜੁੜਿਆ ਹੋਇਆ ਹੈ, ਜਿਸ ਦੇ ਆਧਾਰ 'ਤੇ ਇਹ ਧਿਰ ਵੀ ਪਿਛਲੇ ਸਾਲਾਂ ਵਿਚ ਪੰਜਾਬ ਅਤੇ ਦਿੱਲੀ ਵਿਚ ਸਬੱਬੀਂ ਪੈਰ ਥੱਲੇ ਬਟੇਰਾ ਆ ਜਾਣ ਕਰਕੇ ਸ਼ਿਕਾਰੀ ਹੋਣ ਦਾ ਦਮ ਭਰ ਰਹੀ ਹੈ। ਵਰਤਮਾਨ ਰਾਜ ਕਰ ਰਹੀ ਧਿਰ ਕੋਲ ਆਪਣਾ ਇੱਕ ਢਾਂਚਾ ਹੈ, ਵਰਕਰਾਂ ਦਾ ਸਮੂਹ ਜਿਸ ਦੇ ਆਸਰੇ ਉਹ ਇੱਕ ਨਿਸ਼ਚਤ 25% ਵੋਟ ਬੈਂਕ ਰੱਖਦੀ ਹੈ, ਬਾਕੀ ਦਸ ਤੋਂ ਪੰਦਰਾਂ ਫ਼ੀਸਦੀ ਵੋਟ ਮੌਕੇ ਦੀਆਂ ਤਿਕੜਮਾਂ ਨਾਲ ਜੋੜਨ ਦੇ ਉਪਰਾਲੇ ਦੀਆਂ ਉਸ ਦੀਆਂ ਨੀਤੀਆਂ ਗੁਪਤ ਹਨ ਅਤੇ ਜੋ ਸਮਾਂ ਆਉਣ 'ਤੇ ਹੀ ਪਤਾ ਲੱਗਣਗੀਆਂ। ਦੂਜੀ ਧਿਰ ਕਾਂਗਰਸ ਕੋਲ ਭਾਵੇਂ ਵੋਟ ਬੈਂਕ ਦਾ ਕੋਈ ਸਥਾਈ ਅੰਕੜਾ ਨਹੀਂ ਮੰਨਿਆ ਜਾ ਸਕਦਾ ਪਰ ਕੈਪਟਨ ਅਮਰਿੰਦਰ ਸਿੰਘ ਦੀ ਇੱਕ ਸਾਖ ਹੈ ਜੋ ਪੰਜਾਬ ਦੇ ਵੱਡੀ ਗਿਣਤੀ ਵੋਟਰਾਂ ਦੇ ਵਿਚ ਹੈ। ਕਾਂਗਰਸ ਦੇ ਸਥਾਈ ਵਰਕਰ ਅਤੇ ਆਗੂ ਕੈਪਟਨ ਦੀ ਤਾਕਤ ਨੂੰ ਦੁੱਗਣਾ ਕਰ ਦਿੰਦੇ ਹਨ।

ਰਾਜਾਸ਼ਾਹੀ ਦੇ ਅਧੀਨ ਇੱਕ ਵਿਅਕਤੀ ਦੇ ਰਾਜ ਵਿਚ ਹਜ਼ਾਰਾਂ ਸਾਲ ਵਿਚਰਨ ਵਾਲੇ ਪੰਜਾਬੀਆਂ ਦੀ ਮਾਨਸਿਕਤਾ ਅੱਜ ਵੀ ਪਾਰਟੀਆਂ ਦੀ ਥਾਂ ਵਿਅਕਤੀਆਂ ਵਿਚ ਹੈ। ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਦੇ ਬਦਲ ਪੰਜਾਬੀ ਵੋਟਰਾਂ ਕੋਲ ਹਨ ਪਰ ਤੀਜੀ ਧਿਰ 'ਆਪ' ਮਜ਼ਬੂਤ ਹੋਣ ਦੇ ਬਾਵਜੂਦ ਆਗੂ ਵਿਹੂਣੀ ਹੈ। ਇਸ ਦੇ ਆਗੂ ਵਿਹੂਣੀ ਹੋਣ ਦਾ ਨੁਕਸਾਨ ਇਸ ਨੂੰ ਖੋਰਾ ਲਾ ਰਿਹਾ ਹੈ। ਪੰਜਾਬੀ ਫ਼ਿਤਰਤ ਤੋਂ ਅਣਜਾਣ ਕੇਜਰੀਵਾਲ ਭਾਰੀ ਗ਼ਲਤੀ ਕਰ ਰਿਹਾ ਹੈ। ਇਸ ਪਾਰਟੀ ਵਿਚ ਵੱਡੇ ਆਗੂ ਇੱਕੋ ਜਿਹੇ ਪੱਧਰ ਦੇ ਹੋਣ ਕਾਰਨ ਇੱਕ ਦੂਸਰੇ ਨੂੰ ਠਿੱਬੀ ਲਾਉਣ ਦੇ ਚੱਕਰਾਂ ਵਿਚ ਕੇਜਰੀਵਾਲ ਨੂੰ ਫ਼ੂਕ ਛਕਾ ਕੇ ਗੁਮਰਾਹ ਕਰ ਰਹੇ ਹਨ। ਆਗੂ ਵਿਹੂਣੀ ਪਾਰਟੀ ਵਿਚ ਬਹੁਤੇ ਜਰਨੈਲ ਆਪਣਾ ਅਤੇ ਪਾਰਟੀ ਦਾ ਨੁਕਸਾਨ ਹੀ ਕਰ ਰਹੇ ਹਨ। ਵਿਧਾਨ ਸਭਾ ਦੀਆਂ ਚੋਣਾਂ, ਲੋਕ ਸਭਾ ਚੋਣਾਂ ਨਾਲੋਂ ਪਾਰਟੀਬਾਜ਼ੀ ਦੀ ਥਾਂ ਵਿਅਕਤੀਗਤ ਪੱਧਰ 'ਤੇ ਲੜੀਆਂ ਜਾਂਦੀਆਂ ਹਨ ਜਿਸ ਵਿਚ ਹਰ ਪਾਰਟੀ ਦਾ ਚੋਣ ਲੜਨ ਵਾਲਾ ਆਗੂ ਲੋਕਾਂ ਨਾਲ ਸਿੱਧਾ ਜੁੜਿਆ ਹੁੰਦਾ ਹੈ। ਨਵੀਂ ਪਾਰਟੀ ਹਮੇਸ਼ਾ ਆਪਣੇ ਆਪ ਨੂੰ ਲੋਕ ਹਿਤਾਂ ਦੀ ਪਹਿਰੇਦਾਰ ਦਿਖਾਈ ਦੇ ਕੇ ਹੀ ਚੋਣ ਜਿੱਤ ਸਕਦੀ ਹੁੰਦੀ ਹੈ। ਨਵੀਂ ਪਾਰਟੀ ਤਿਕੜਮਬਾਜ਼ ਦੀ ਥਾਂ ਲੋਕ ਰੋਹ ਅਤੇ ਲੋਕ ਪਿਆਰ ਸਤਿਕਾਰ ਦੀ ਪਾਤਰ ਬਣੀ ਰਹਿਣੀ ਜ਼ਰੂਰੀ ਹੁੰਦੀ ਹੈ ਜੋ ਕਿ 'ਆਪ' ਪਾਰਟੀ ਲਈ ਵੀ ਜ਼ਰੂਰੀ ਹੈ। ਲੋਕ ਪਿਆਰ ਅਤੇ ਸਤਿਕਾਰ ਸਿਧਾਂਤ ਅਤੇ ਅਸੂਲ ਦਿਖਾਈ ਦੇਣ ਤੇ ਹੀ ਬਣਦਾ ਹੈ।



ਚੋਣਾਂ ਦਾ ਅੰਤਿਮ ਸਮਾਂ ਦੋ ਧਿਰਾਂ ਵਿਚ ਹੀ ਹੋਣਾ ਹੁੰਦਾ ਹੈ। ਜਿਹੜੀ ਧਿਰ ਰਾਜ ਕਰਦੀ ਪਾਰਟੀ ਨੂੰ ਟੱਕਰ ਦੇਣ ਵਿਚ ਪਛੜਨ ਲੱਗ ਪਵੇ, ਆਮ ਲੋਕ ਉਸ ਤੋਂ ਕਿਨਾਰਾ ਕਰ ਜਾਂਦੇ ਹਨ। ਅੰਤਲੇ ਦਿਨ ਤੱਕ ਹਰ ਧਿਰ ਦਾ ਜੇਤੂ ਅੰਦਾਜ਼ ਵੀ ਬਣਿਆ ਰਹਿਣਾ ਚਾਹੀਦਾ ਹੈ। ਜਿਸ ਧਿਰ ਕੋਲ ਜੇਤੂ

ਬਾਕੀ ਸਫ਼ਾ 32 'ਤੇ

# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700

WWW.CHAATBHAVAN.COM



G.S. Pannu

# PANNU'S
LEGAL SERVICES

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345


Shaheedi Divas
Sri Guru Tegh Bahadur Sahib
Gurdwara Sahib Khalsa Care Foundation
9989 Laurel Canyon Blvd, Pacoima, CA 91331
FRIDAY & SATURDAY
December 2nd and 3rd
7:30 PM to 8:30 PM
Sant Baljinder Singh Jee (Rara Sahib Wale)
For More Information Please Contact
Bhai Kanhaiya Jee Langar Seva Dal:
Baldev Singh (818) 468-9595
Balwinder Singh (818) 404-0811
Makhan Singh (661) 225-7157
Paramjit Singh (626) 354-6653


ਸਾਹਿਬਜ਼ਾਦਿਆਂ ਦੇ
ਸ਼ਹੀਦੀ ਦਿਹਾੜੇ ਨੂੰ ਸਮਰਪਿਤ
on SHAHIDI DIVAS OF
SAHIBZADE
ਵਿਸ਼ੇਸ਼ ਕੀਰਤਨ ਸਮਾਗਮ
ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ
AT GURDWARA SAHIB KHALSA CARE FOUNDATION
9899 Laurel canyon Blvd, Pacoima CA 91331
ਕੀਰਤਨ ਦਰਬਾਰ ਦੇ ਪ੍ਰੋਗਰਾਮ ਦਾ ਸਮਾਂ
5 ਦਸੰਬਰ ਤੋਂ 10 ਦਸੰਬਰ (ਸ਼ਾਮ ਵੇਲੇ)
ਸ਼ਾਮੀਂ : 6:30 ਵਜੇ ਤੋਂ ਸ਼ਾਮੀਂ 7:00 ਵਜੇ-ਭਾਈ ਕੁਲਵਿੰਦਰ ਸਿੰਘ ਜੀ
ਸ਼ਾਮੀਂ : 7:00 ਵਜੇ ਤੋਂ ਸ਼ਾਮੀਂ 7:30 ਵਜੇ-ਭਾਈ ਵਰਿੰਦਰ ਸਿੰਘ ਜੀ (ਯੂਐਸਏ ਵਾਲੇ)
ਸ਼ਾਮੀਂ : 7:30 ਵਜੇ ਤੋਂ ਸ਼ਾਮੀਂ 8:30 ਵਜੇ-ਭਾਈ ਤਜਿੰਦਰ ਸਿੰਘ ਜੀ (ਖੰਨੇ ਵਾਲੇ)
11 ਦਸੰਬਰ 2016 (ਸਵੇਰ ਵੇਲੇ)
ਸਵੇਰੇ-10:00 ਵਜੇ ਤੋਂ ਸਵੇਰੇ 11:00 ਵਜੇ-ਭਾਈ ਕੁਲਵਿੰਦਰ ਸਿੰਘ ਜੀ
ਸਵੇਰੇ-11:00 ਵਜੇ ਤੋਂ ਦੁਪਹਿਰ 12:00 ਵਜੇ-ਭਾਈ ਵਰਿੰਦਰ ਸਿੰਘ ਜੀ (ਯੂਐਸਏ ਵਾਲੇ)
ਦੁਪਹਿਰ-12:00 ਵਜੇ ਤੋਂ ਦੁਪਹਿਰ 1:00 ਵਜੇ- ਭਾਈ ਤਜਿੰਦਰ ਸਿੰਘ ਜੀ (ਖੰਨੇ ਵਾਲੇ)
ਅਰਦਾਸ ਦੀ ਸਮਾਪਤੀ
ਉਪਰੰਤ ਗੁਰੂ ਕਾ ਲੰਗਰ
ਅਤੁੱਟ ਵਰਤੇਗਾ
ਭਾਈ ਕਨ੍ਹੱਈਆ ਜੀ ਲੰਗਰ ਸੇਵਾ ਦਲ
ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ:
ਬਲਦੇਵ ਸਿੰਘ (818) 468-9595 ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157 ਪਰਮਜੀਤ ਸਿੰਘ (626) 354-6653
Bhai Tajinder Singh
Bhai Varinder Singh
Bhai Kulwinder Singh

# ਓਹਾਇਓ ਯੂਨੀਵਰਸਿਟੀ 'ਚ ਹਮਲਾਵਰ ਨੇ 10 ਵਿਦਿਆਰਥੀਆਂ ਨੂੰ ਜ਼ਖ਼ਮੀ ਕੀਤਾ

## ਹਮਲਾਵਰ ਦੀ ਪਛਾਣ ਅਬਦੁਲ ਰੱਜ਼ਾਕ ਅਲੀ ਅਰਤਾਨ ਵਜੋਂ ਹੋਈ

**ਓਹਾਇਓ/ਬਿਊਰੋ ਨਿਊਜ਼ :**

ਓਹਾਇਓ ਯੂਨੀਵਰਸਿਟੀ ਦੇ ਕੋਲੰਬਸ ਕੈਂਪਸ ਵਿਚ ਹਮਲਾਵਰ ਨੇ ਕਾਰ ਅਤੇ ਚਾਕੂ ਨਾਲ ਹਮਲਾ ਕਰਕੇ 10 ਵਿਦਿਆਰਥੀਆਂ ਨੂੰ ਜ਼ਖ਼ਮੀ ਕਰ ਦਿੱਤਾ। ਬਾਅਦ ਵਿਚ ਕਾਰਵਾਈ ਕਰਦਿਆਂ ਪੁਲੀਸ ਨੇ ਹਮਲਾਵਰ ਨੂੰ ਮਾਰ ਦਿੱਤਾ। ਜ਼ਿਕਰਯੋਗ ਹੈ ਕਿ ਸੋਮਾਲੀਆ ਵਿਚ ਜਨਮੇ ਇਕ ਵਿਦਿਆਰਥੀ ਨੇ ਓਹਾਇਓ ਸਟੇਟ ਯੂਨੀਵਰਸਿਟੀ ਵਿਚ ਪਹਿਲਾਂ ਆਪਣੀ ਕਾਰ ਨਾਲ ਪੈਦਲ ਯਾਤਰੀਆਂ ਨੂੰ ਟੱਕਰ ਮਾਰ ਦਿੱਤੀ ਤੇ ਚਾਕੂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ, ਜਿਸ ਤੋਂ ਬਾਅਦ ਪੁਲੀਸ ਅਧਿਕਾਰੀ ਦੀ ਕਾਰਵਾਈ ਵਿਚ





ਉਹ ਮਾਰਿਆ ਗਿਆ। ਪੁਲੀਸ ਨੇ ਕਿਹਾ ਕਿ ਉਹ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਅੱਤਵਾਦੀ ਹਮਲਾ ਹੈ ਜਾਂ ਨਹੀਂ। ਇਸ ਹਮਲੇ ਵਿਚ 10 ਲੋਕ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ।

ਅਮਰੀਕਾ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਹਮਲਾਵਰ ਦੀ ਪਛਾਣ ਓਹਾਇਓ ਸਟੇਟ ਵਿਦਿਆਰਥੀ ਅਬਦੁਲ ਰੱਜ਼ਾਕ ਅਲੀ ਅਰਤਾਨ ਵਜੋਂ ਹੋਈ ਹੈ। ਉਸ ਦਾ ਜਨਮ ਸੋਮਾਲੀਆ ਵਿਚ ਹੋਇਆ ਸੀ ਤੇ ਉਹ ਅਮਰੀਕਾ ਦਾ ਕਾਨੂੰਨੀ ਸਥਾਈ ਨਿਵਾਸੀ ਸੀ।

ਜਾਂਚ ਵਿਚ ਐਫ.ਬੀ.ਆਈ. ਸ਼ਾਮਲ ਹੋ ਗਈ ਹੈ। ਇਹ ਜਾਣਕਾਰੀ ਮਿਲਣ ਤੋਂ ਪਹਿਲਾਂ ਕੁਝ ਰਿਪੋਰਟਾਂ ਮਿਲੀਆਂ ਸਨ। ਯੂਨੀਵਰਸਿਟੀ ਨੇ ਟਵੀਟ ਕਰਕੇ ਚੌਕਸ ਕੀਤਾ ਸੀ ਕਿ ਇੰਜਨੀਅਰਿੰਗ ਇਮਾਰਤ ਨੇੜੇ ਕੰਪਲੈਕਸ ਵਿਚ ਇਕ 'ਬੰਦੂਕਧਾਰੀ' ਹੈ ਤੇ ਵਿਦਿਆਰਥੀਆਂ ਨੂੰ 'ਭੱਜ ਜਾਣਾ ਚਾਹੀਦਾ ਹੈ, ਲੁਕ ਜਾਣਾ ਚਾਹੀਦਾ ਹੈ ਜਾਂ ਉਸ ਦਾ ਸਾਹਮਣਾ ਕਰਨਾ ਚਾਹੀਦਾ ਹੈ। ਅਧਿਕਾਰੀਆਂ ਅਤੇ ਮੀਡੀਆ ਮੁਤਾਬਕ ਹਮਲਾ ਉਸ ਵੇਲੇ ਹੋਇਆ ਜਦੋਂ ਯੂਨੀਵਰਸਿਟੀ ਦੀ ਇੰਜਨੀਅਰਿੰਗ ਇਮਾਰਤ ਵਿਚ ਇਕ ਐਸ.ਯੂ.ਵੀ. ਗੱਡੀ ਆਈ। ਹਮਲਾਵਰ ਦੇ ਹੱਥ ਵਿਚ ਚਾਕੂ ਸੀ। ਉਸ ਦੇ ਵਾਹਨ ਅਤੇ ਚਾਕੂ ਨਾਲ ਹਮਲਾ ਕਰਕੇ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਕੋਲੰਬਸ ਫਾਇਰ ਬ੍ਰਿਗੇਡ ਸੂਤਰਾਂ ਮੁਤਾਬਕ ਇਕ ਦੀ ਹਾਲਤ ਗੰਭੀਰ ਹੈ ਜਦਕਿ ਬਾਕੀਆਂ ਦੀ ਹਾਲਤ ਸਥਿਰ ਬਣੀ ਹੋਈ ਹੈ। ਯੂਨੀਵਰਸਿਟੀ ਦੇ ਵੈਕਸਨਰ ਮੈਡੀਕਲ ਸੈਂਟਰ ਵਿਚ ਪੰਜ ਜ਼ਖ਼ਮੀਆਂ ਦਾ ਇਲਾਜ ਕੀਤਾ ਗਿਆ ਜਦਕਿ ਦੋ ਲੋਕਾਂ ਨੂੰ ਗਰਾਂਟ ਮੈਡੀਕਲ ਸੈਂਟਰ ਅਤੇ ਦੋ ਜ਼ਖ਼ਮੀਆਂ ਨੂੰ ਰਿਵਰਸਾਈਡ ਮੈਡੀਕਲ ਸੈਂਟਰ ਵਿਚ ਭਰਤੀ ਕਰਵਾਇਆ ਗਿਆ। ਓਹਾਇਓ ਸਟੇਟ ਯੂਨੀਵਰਸਿਟੀ ਤੇ ਸਥਾਨਕ ਏਜੰਸੀਆਂ ਨੇ ਹਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਕ ਵਿਦਿਆਰਥੀ ਐਂਥਨੀ ਫਲਜਾਰਾਨੋ ਨੇ ਦੱਸਿਆ ਕਿ ਉਹ ਇਕ ਕਲਾਸਰੂਮ ਵਿਚ ਸੀ ਜਦੋਂ ਉਨ੍ਹਾਂ ਨੇ ਸ਼ੂਟਿੰਗ ਦੀ ਆਵਾਜ਼ ਸੁਣੀ। ਕੁਝ ਹੀ ਮਿੰਟਾਂ ਬਾਅਦ ਸਾਈਰਨ ਦੀਆਂ ਆਵਾਜ਼ਾਂ ਆਉਣ ਲੱਗੀਆਂ। ਉਸੇ ਵਕਤ ਸਾਰੇ ਵਿਦਿਆਰਥੀਆਂ ਕੋਲ ਐਮਰਜੈਂਸੀ ਅਲਰਟ ਮੈਸੇਜ ਆਇਆ। ਜ਼ਿਕਰਯੋਗ ਹੈ ਕਿ ਓਹਾਇਓ ਸਟੇਟ ਯੂਨੀਵਰਸਿਟੀ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਯੂਨੀਵਰਸਿਟੀਆਂ ਵਿਚੋਂ ਇਕ ਹੈ। ਇਸ ਦੇ ਮੁੱਖ ਕੈਂਪਸ ਵਿਚ 60,000 ਵਿਦਿਆਰਥੀ ਪੜ੍ਹਦੇ ਹਨ।






## ਘਰ 'ਚ ਝਗੜਾ ਕਰਨ ਦੇ ਦੋਸ਼ ਹੇਠ ਜਸਜੀਤ ਸਿੰਘ ਬਨੀ ਗ੍ਰਿਫ਼ਤਾਰੀ ਮਗਰੋਂ ਰਿਹਾਅ

**ਚੰਡੀਗੜ੍ਹ/ਬਿਊਰੋ ਨਿਊਜ਼ :**

ਚੰਡੀਗੜ੍ਹ ਪੁਲੀਸ ਨੇ ਪੰਜਾਬ ਦੇ ਮਰਹੂਮ ਖ਼ਜ਼ਾਨਾ ਮੰਤਰੀ ਕੈਪਟਨ ਕਮਲਜੀਤ ਸਿੰਘ ਦੇ ਪੁੱਤਰ ਤੇ ਸਾਬਕਾ ਵਿਧਾਇਕ ਜਸਜੀਤ ਸਿੰਘ ਬਨੀ ਨੂੰ ਘਰ ਵਿੱਚ ਝਗੜਾ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਪੁਲੀਸ ਨੇ ਸ੍ਰੀ ਬਨੀ ਵਿਰੁੱਧ ਧਾਰਾ 107 ਤੇ 151 ਤਹਿਤ ਕੇਸ ਦਰਜ ਕੀਤਾ ਅਤੇ ਸਾਰੀ ਰਾਤ ਥਾਣੇ ਵਿੱਚ ਰੱਖਣ ਤੋਂ ਬਾਅਦ ਐਸਡੀਐਮ ਮੂਹਰੇ ਪੇਸ਼ ਕਰਨ ਪਿੱਛੋਂ ਰਿਹਾਅ ਕਰ ਦਿੱਤਾ। ਸੈਕਟਰ 3 ਥਾਣੇ ਦੀ ਪੁਲੀਸ ਅਨੁਸਾਰ ਰਾਤ ਸ੍ਰੀ ਬੰਨੀ ਦੇ ਘਰੋਂ ਫੋਨ ਰਾਹੀਂ ਸੂਚਨਾ ਮਿਲੀ ਸੀ ਕਿ ਉਹ ਘਰ ਵਿੱਚ ਝਗੜਾ ਕਰ ਰਿਹਾ ਹੈ। ਪੁਲੀਸ ਨੇ ਉੱਥੇ ਜਾ ਕੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ ਪਰ ਅਖ਼ੀਰ ਥਾਣੇ ਲਿਆਉਣਾ ਪਿਆ। ਪੁਲੀਸ ਅਨੁਸਾਰ ਸ੍ਰੀ ਬਨੀ ਨੇ ਆਪਣੇ ਇੱਕ ਵਰਕਰ ਨਾਲ ਖਿੱਚਧੂਹ ਵੀ ਕੀਤੀ ਸੀ ਪਰ ਕਿਸੇ ਨੇ ਵੀ ਉਸ ਵਿਰੁੱਧ ਕੋਈ ਸ਼ਿਕਾਇਤ ਨਹੀਂ ਦਿੱਤੀ। ਇਸ ਪਿੱਛੋਂ ਪੁਲੀਸ ਨੇ ਧਾਰਾ 107 ਤੇ 151 ਤਹਿਤ ਕਾਰਵਾਈ ਕੀਤੀ ਹੈ। ਪੁਲੀਸ ਨੇ ਸਾਬਕਾ ਵਿਧਾਇਕ ਦਾ ਮੈਡੀਕਲ ਕਰਵਾਇਆ ਤਾਂ ਉਸ ਦੇ ਸ਼ਰਾਬ ਪੀਣ ਦੀ ਪੁਸ਼ਟੀ ਹੋਈ। ਉਧਰ ਸ੍ਰੀ ਬਨੀ ਨੇ ਕਿਹਾ ਕਿ ਉਹ ਬੇਕਸੂਰ ਹੈ।







# Global Visa Service
## Visa & Passport Services

JAY SUMMAN: 415.850.9278; jaysumman@gmail.com
39271 Mission Blvd, # 210, Fremont, CA 94539

Indian Visa, Renunciation, OCI Card for Dual Citizenship,
Indian & US Passport Renewals, Notary Public Service

# Travel for Less Inc.
SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES

CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com

(510) 791-3300
(408) 791-2600

# SAVE $2500

## ON DIESEL PER TRUCK WITH ONE CALL!



# 11¢




## DISCOUNT PER GALLON

- ✓ No more Pre-Paid Cards
- ✓ Get Rid of Bank Wires
- ✓ Low Transaction Fee

TRANS-ALLIANCE
TOGETHER WE SAVE

(855) 641-6955 • (888) 795-7035
sales@trans-alliance.com • www.trans-alliance.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

**ਜੀਵਨ ਬੀਮਾ ਪਲਾਨ**

1. ਸਾਰੀ ਜ਼ਿਦਗੀ ਲਿਵਿੰਗ ਬੈਨੀਫਿਟ, ਜੇ ਕਿਸੇ ਨੂੰ ਦਿਲ ਦਾ ਦੌਰਾ (ਹਾਰਟ ਅਟੈਕ), ਸਟਰੋਕ, ਇਨਵੈਸਿਵ ਕੈਂਸਰ, ਮੇਜਰ ਔਰਗਨ ਟਰਾਂਸਪਲਾਂਟ, (ਅੰਗ ਬਦਲੀ), ਅਧਰੰਗ, ਆਖਰੀ ਪੜਾਅ 'ਤੇ ਗੁਰਦੇ ਖ਼ਰਾਬ ਹੋਣ ਅਤੇ ਵਿਅਕਤੀ ਬਚ ਜਾਵੇ ਤਾਂ ਉਹ ਜਿਉਂਦੇ ਜੀਅ 85% ਰਕਮ ਹਾਸਲ ਕਰ ਸਕਦਾ ਹੈ ਤੇ ਰਹਿੰਦੀ ਰਕਮ ਮੌਤ ਤੋਂ ਬਾਅਦ ਦਿੱਤੀ ਜਾਂਦੀ ਹੈ।
2. ਤਾਅ ਜ਼ਿੰਦਗੀ ਪ੍ਰੀਮੀਅਮ ਵਾਪਸੀ
3. ਪੂਰੀ ਜਿੰਦਗੀ ਅਤੇ ਯੂਨੀਵਰਸਲ ਲਾਈਫ ਮੌਤ ਹੋਣ ਉਤੇ ਕੈਸ਼ ਦੀ ਗਰੰਟੀ, ਇਹ ਰਕਮ ਪਹਿਲਾਂ ਰਿਟਾਇਰਮੈਂਟ 'ਤੇ ਜਾਂ ਤੁਹਾਡੇ ਬੱਚਿਆਂ ਲਈ ਕਾਲਿਜ ਫੰਡ ਲਈ ਵਰਤੀ ਜਾ ਸਕਦੀ ਹੈ।
4. ਬਜ਼ੁਰਗਾਂ ਲਈ ਫਾਈਨਲ ਐਕਸਪੈਂਸ ਪਲਾਨ ਜਿਸ ਲਈ ਕੋਈ ਟੈਸਟ ਜਾਂ ਮੈਡੀਕਲ ਜਾਂਚ ਨਹੀਂ।

ਸਾਰੀਆਂ ਚੋਟੀ ਦੀਆਂ A+ ਰੇਟਡ ਕੰਪਨੀਆਂ ਜਿਵੇਂ ਕਿ ਐਗਲਾ, ਏਆਈਜੀ, ਜੈਨਵਰਥ, ਓਹਾਈਓ ਨੈਸ਼ਨਲ, ਟਰਾਂਸ ਅਮੈਰਿਕਾ, ਅਸ਼ੋਰਟੀ, ਯੂਨਾਈਟਡ ਆਫ ਓਮਾਹਾ,

# ਤੁਹਾਡਾ ਪਰਿਵਾਰ ਤੁਹਾਡੇ ਉਪਰ ਨਿਰਭਰ ਹੈ

**ਰੱਬ ਨਾ ਕਰੇ ਜੇ ਤੁਹਾਨੂੰ ਕੁਝ ਹੋ ਜਾਵੇ ਉਹ ਕਿਵੇਂ ਗੁਜ਼ਾਰਾ ਕਰਨਗੇ ?**

**ਕੀ ਤੁਹਾਡੇ ਤੋਂ ਬਾਅਦ ਤੁਹਾਡੇ ਪਰਿਵਾਰ ਦੀ ਦੇਖਭਾਲ ਲਈ $250,000 ਜਾਂ $500,000 ਜਾਂ ਇਸ ਤੋਂ ਜ਼ਿਆਦਾ ਹੈ ?**

ਟਰੱਕ ਵਾਲੇ ਤੇ ਆਮ ਲੋਕਾਂ ਲਈ, ਉਮਰ 20 ਤੋਂ 60 ਸਾਲ, $20-25 ਪ੍ਰਤੀ ਮਹੀਨਾ ਕਿਸ਼ਤ ਦੇ ਕੇ ਬਿਨਾ ਮੈਡੀਕਲ ਇਮਤਿਹਾਨ ਜਾਂ ਟੈਸਟ ਦੇ $250000 ਦੀ ਐਕਸੀਡੈਂਟਲ ਲਾਈਫ ਪਾਲਿਸੀ ਲੈ ਸਕਦੇ ਹਨ।




Life, Health, Medicare, Dental Insurance & All Top Insurance Plans Available In America.

**Raminderjit Singh Sekhon**
951.751.7455

ਅੱਜ ਹੀ ਕਾਲ ਕਰੋ Toll Free Number
**1-800-220-8760**

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਜਦੋਂ ਉਂਗਲ ਖੜ੍ਹੀ ਹੋਵੇ...!!

ਮੋਦੀ ਸਾਹਿਬ ਦੀ ਉਂਗਲ ਖੜ੍ਹੀ ਹੋ ਗਈ ਹੈ...ਭਗਤਾਂ ਨੂੰ ਫਰਮਾਨ ਜਾਰੀ ਹੋਇਆ ਹੈ...। 8 ਨਵੰਬਰ ਤੋਂ ਬਾਅਦ ਆਪਣੇ ਖਾਤਿਆਂ ਦਾ ਲੈਣ-ਦੇਣ ਦਾ ਬਿਊਰਾ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੂੰ ਸੌਂਪ ਦਿਓ...। ਵਾਹ ਕਯਾ ਬਾਤ ਹੈ ਮੋਦੀ ਸਾਹਿਬ...!! ਬਾਕੀ ਦੇਸ਼ ਦੇ ਆਮ ਲੋਕਾਂ ਦੇ ਖ਼ਾਤੇ ਇਨਕਮ ਟੈਕਸ ਵਿਭਾਗ ਘੋਖੇ, ਪੈਸੇ ਜਮ੍ਹਾ ਕਰਾਉਣ ਵਾਲਿਆਂ 'ਤੇ ਪੁਲੀਸ ਦੀਆਂ ਵੀ ਕੈਰੀਆਂ ਨਜ਼ਰਾਂ ਹੋਣ ਤੇ ਤੁਹਾਡੇ ਭਗਤ ਆਪਣਾ ਹਿਸਾਬ-ਕਿਤਾਬ ਸ਼ਾਹ ਜੀ ਨੂੰ ਦੇਣ!! ਇਹ ਕਿਥੋਂ ਦਾ ਇਨਸਾਫ਼ ਹੋਇਆ। ਭਲਾ ਸ਼ਾਹ ਜੀ ਆਪਣੇ ਭਗਤਾਂ ਦੇ ਖਾਤਿਆਂ ਦਾ ਸੱਚ ਦੁਨੀਆ ਅੱਗੇ ਕਿਉਂ ਰੱਖਣਗੇ। ਮੋਦੀ ਜੀ ਨੇ ਤਾਂ ਉਂਗਲ ਖੜ੍ਹੀ ਕਰਕੇ ਭਗਤਾਂ ਨੂੰ ਫੁਰਮਾਨ ਨਹੀਂ ਸੁਣਾਇਆ...ਲੋਕਾਂ 'ਚ ਰੋਅਬ ਪਾਇਆ ਹੈ ਕਿ ਮੇਰੀਆਂ ਨਜ਼ਰਾਂ ਸਾਰਿਆਂ 'ਤੇ ਨੇ...। ਮੋਦੀ ਸਾਹਿਬ ਜਦੋਂ ਜਦੋਂ ਵੀ ਉਂਗਲ ਖੜ੍ਹੀ ਕਰਦੇ ਨੇ, ਉਨ੍ਹਾਂ ਦਾ ਇਸ਼ਾਰਾ ਹੱਥ ਜੋੜੀ ਖੜ੍ਹੀ ਜਨਤਾ ਵੱਲ ਹੀ ਹੁੰਦਾ ਹੈ...। ਲੋਕ ਪਹਿਲਾਂ ਹੀ ਸਹਿਮ ਜਾਂਦੇ ਹਨ ਕਿ ਹੁਣ ਕੀ ਗੁਨਾਹ ਹੋ ਗਿਆ ? ਹੁਣ ਕੀ ਮਾਰ ਪਊ ?



## ਠਾਕਰੇ ਸਾਹਿਬ ਥੋਡਾ ਈ ਆਸ਼ੀਰਵਾਦ ਐ...!!

ਮਹਾਰਾਸ਼ਟਰ ਵਿਚ ਮੋਦੀ ਭਗਤਾਂ ਨੇ ਪੋਸਟਰ ਲਾਇਆ ਹੈ-ਮੋਦੀ ਸਾਹਿਬ ਹੱਥ ਜੋੜ ਕੇ ਖੜ੍ਹੇ ਹਨ ਤੇ ਉਪਰੋਂ ਅਕਾਸ਼ ਵਿਚੋਂ ਦੋ ਹੱਥ ਆਸ਼ੀਰਵਾਦ ਦੇਣ ਲਈ ਨਿਕਲਦੇ ਹਨ। ਇਹ ਹੱਥ ਕਿਸੇ ਹੋਰ ਦੇ ਨਹੀਂ...ਸ਼ਿਵ ਸੈਨਾ ਦੇ ਸੁਪਰੀਮੋ 'ਸਵਰਗਵਾਸੀ' ਬਾਲ ਠਾਕਰੇ ਦੇ ਹਨ। ਉਹ ਸਵਰਗ ਵਿਚੋਂ ਮੋਦੀ ਸਾਹਿਬ ਨੂੰ ਆਸ਼ੀਰਵਾਦ ਦੇ ਰਹੇ ਨੇ-"ਬੱਚਾ ਤੂੰ ਨੋਟਬੰਦੀ ਕਰਕੇ ਬਹੁਤ ਚੰਗਾ ਕੀਤਾ।" ਸੁਣਨ 'ਚ ਆਇਐ ਕਿ ਸ਼ਿਵ ਸੈਨਿਕ ਵਿਚਾਰੇ ਮੋਦੀ ਸਾਹਿਬ ਨੂੰ ਪੈ ਨਿਕਲੇ ਸਨ ਕਿ ਤੁਸੀਂ ਨੋਟਬੰਦੀ ਕਿਉਂ ਕੀਤੀ ? ਮੋਦੀ ਸਾਹਿਬ ਪ੍ਰੇਸ਼ਾਨ ਹੋ ਗਏ...ਉਨ੍ਹਾਂ ਕੋਲ ਨਾਰਾਜ਼ਗੀ ਦੂਰ ਕਰਨ ਦਾ ਸਭ ਤੋਂ ਕਾਰਗਰ ਹਥਿਆਰ ਐ, ਥੋੜ੍ਹਾ ਜਿਹਾ ਗਲਾ ਭਰੋ ਤੇ ਦੋ ਹੰਝੂ ਸੁੱਟ ਦਿਓ... ਸੋ ਉਨ੍ਹਾਂ ਨੇ ਇਸ ਵਾਰ ਵੀ ਇਹੋ ਨੁਸਖ਼ਾ ਅਪਣਾਇਆ-ਕਹਿੰਦੇ, "ਜੇਕਰ ਅੱਜ ਬਾਲ ਠਾਕਰੇ ਜਿਉਂਦੇ ਹੁੰਦੇ ਤਾਂ ਨੋਟਬੰਦੀ ਦੇ ਫ਼ੈਸਲੇ 'ਤੇ ਮੈਨੂੰ ਥਾਪੜਾ ਜ਼ਰੂਰ ਦਿੰਦੇ।" ਬੱਸ ਉਨ੍ਹਾਂ ਦੇ ਭਾਵੁਕਤਾ ਦਾ ਡਰਾਮਾ ਰਚਣ ਦੀ ਦੇਰ ਸੀ ਕਿ ਸ਼ਿਵ ਸੈਨਾ ਦੇ ਭਗਤ ਮੋਦੀ ਸਾਹਿਬ ਦੇ ਭਗਤ ਬਣ ਗਏ। ਉਹ ਵਾਹ ਗੁਰੂ, ਵਾਹ ਗੁਰੂ ਕਹਿ ਕੇ ਚੁੱਪ ਹੋ ਗਏ। ਮੋਦੀ ਸਾਹਿਬ ਦਾ ਜਾਦੂ ਚੱਲ ਗਿਆ...ਉਨ੍ਹਾਂ ਦੇ ਭਗਤਾਂ ਨੇ ਵੀ ਫੇਰ ਪੋਸਟਰ ਕੱਢਣ 'ਚ ਦੇਰੀ ਨਹੀਂ ਕੀਤੀ। ਮੋਦੀ ਜੀ ਨੂੰ ਠਾਕਰੇ ਸਾਹਿਬ ਦਾ ਆਸ਼ੀਰਵਾਦ ਮਿਲ ਗਿਐ...ਹੁਣ ਸਭ ਠੀਕ ਐ...ਜਨਤਾ ਜਾਵੇ ਭਾੜ 'ਚ!!!

## ਸਾਡੇ ਪਾਣੀ 'ਤੇ ਸਾਡਾ ਪੂਰਾ ਹੱਕ : ਸਿੰਧੂ ਨਦੀ 'ਤੇ ਬੋਲੇ ਮੋਦੀ




## ਵਿਚਾਰੇ ਪੰਜਾਬ ਦਾ ਕੀ ਬਣੂੰ ?!!!

ਚੱਲੋ, ਆਵਾਜ਼-ਏ-ਪੰਜਾਬ ਦੀ ਕਿਸ਼ਤੀ ਕਿਸੇ ਤਣ-ਪੱਤਣ ਲੱਗੀ। ਡਾ. ਨਵਜੋਤ ਕੌਰ ਸਿੱਧੂ ਤੇ ਪਰਗਟ ਸਿੰਘ ਕਾਂਗਰਸ ਵਿਚ ਬਿਨਾਂ ਸ਼ਰਤ ਸ਼ਾਮਲ ਹੋ ਗਏ ਹਨ। ਮੈਡਮ ਸਿੱਧੂ ਦਾ ਕਹਿਣਾ ਹੈ ਕਿ ਅਸੀਂ ਤਾਂ ਜੀ, ਕਾਂਗਰਸ ਵਿਚ ਆ ਗਏ ਹਾਂ, ਹੁਣ ਤਾਂ ਕਾਂਗਰਸ ਨੇ ਹੀ ਫ਼ੈਸਲਾ ਕਰਨਾ ਹੈ ਕਿ ਸਾਨੂੰ ਚੋਣ ਲੜਾਊਣੀ ਐ ਜਾਂ ਨਹੀਂ। ਮੈਡਮ ਜੀ, ਜੇ ਇਹੀ ਗੱਲ ਸੀ ਤਾਂ ਏਨੇ ਦਿਨ ਡਰਾਮਾ ਕਾਹਤੋਂ ਕੀਤਾ...ਪਹਿਲਾਂ ਹੀ ਬਿਨਾਂ ਸ਼ਰਤ ਸ਼ਾਮਲ ਹੋ ਜਾਣਾ ਸੀ। ਨਾਲੇ ਜਿਹੜੇ ਤੁਹਾਡੇ ਪਤੀ ਦੇਵ ਨਵਜੋਤ ਸਿੰਘ ਸਿੱਧੂ ਪੰਜਾਬ ਦੇ ਵੱਡੇ ਹਮਦਰਦੀ ਬਣੇ ਸਨ, ਉਨ੍ਹਾਂ ਨੂੰ ਤਾਂ ਹਾਲੇ ਤਕ ਪੰਜਾਬ ਦਾ ਚੇਤਾ ਆਇਆ ਨਹੀਂ। ਉਨ੍ਹਾਂ ਨੇ ਕੋਈ ਡਾਢੀ ਸ਼ਰਤ ਰੱਖੀ ਲਗਦੀ ਐ...ਬੱਸ ਏਨਾ ਈ ਕਹਿਣੈ, "ਮੈਂ ਤਾਂ ਬਿਨਾਂ ਸ਼ਰਤ ਕਾਂਗਰਸ ਦੀ ਹਮਾਇਤ ਕਰ ਰਿਹਾਂ...।" ਅੰਦਰੀਆਂ ਗੱਲਾਂ ਤਾਂ ਬਾਅਦ 'ਚ ਪਤਾ ਲਗਦੀਆਂ ਨੇ। ਜੇਕਰ ਹੁਣ ਸਿੱਧੂ ਸਾਹਿਬ ਦਿੱਲੀ 'ਚ ਹੀ ਕੋਈ ਚੰਗੇ ਅਹੁਦੇ ਦੀ ਤਾਕ ਵਿਚ ਬੈਠੇ ਨੇ ਤਾਂ ਵਿਚਾਰੇ ਪੰਜਾਬ ਦਾ ਕੀ ਬਣੂੰ ? ਉਨ੍ਹਾਂ ਨੇ ਤਾਂ ਪੰਜਾਬ ਖਾਤਰ ਭਾਜਪਾ ਛੱਡੀ ਸੀ...। ਚਲੋ ਪੰਜਾਬ ਦਾ ਕੀ ਐ...ਇਹ ਤਾਂ ਰੂੜ੍ਹੀ ਜਾਊ...ਚਿੰਤਾ ਤਾਂ ਲੀਡਰਾਂ ਦਾ ਈ, ਭਲਾ ਇਨ੍ਹਾਂ ਦਾ ਕੀ ਬਣੂੰ ?!!

## ਕੁਝ ਤਾਂ ਸ਼ਰਮ ਕਰੋ ਸਰਕਾਰ ਜੀ...!!

ਨਾਭਾ ਦੀ ਉੱਚ ਸੁਰੱਖਿਆ ਵਾਲੀ ਜੇਲ੍ਹ 'ਤੇ ਕੁਝ ਬਦਮਾਸ਼ ਹਮਲਾ ਕਰਕੇ ਦੋ ਖਾੜਕੂਆਂ ਸਮੇਤ 6 ਗੈਂਗਸਟਰਾਂ ਨੂੰ ਫਰਾਰ ਕਰਵਾ ਕੇ ਲੈ ਗਏ ਤੇ ਸਾਡੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਇਹ ਤਾਂ ਪਾਕਿਸਤਾਨ ਦਾ ਹੱਥ ਐ...। ਲਓ! ਕਰ ਲੋ ਗੱਲ...ਕੁਝ ਤਾਂ ਸ਼ਰਮ ਕਰੋ ਸਰਕਾਰ ਜੀ। ਕਦੋਂ ਤੱਕ ਆਪਣੀਆਂ ਖ਼ਾਮੀਆਂ ਦਾ ਭਾਂਡਾ ਗਵਾਂਢੀ ਮੁਲਕ 'ਤੇ ਭੰਨ੍ਹਦੇ ਰਹੋਗੇ ? ਅਪਰਾਧੀ ਸ਼ਰੇਆਮ ਆਉਂਦੇ ਨੇ...ਫਾਇਰਿੰਗ ਕਰਦੇ ਨੇ...ਸਾਥੀਆਂ ਨੂੰ ਲੈ ਕੇ ਫਰਾਰ ਹੋ ਜਾਂਦੇ ਨੇ...ਤੇ ਜਨਾਬ ਥੋਡੀ ਪੁਲੀਸ ਕੀ ਕਰਦੀ ਸੀ ? ਜੇ ਦੁਸ਼ਮਣ ਦੇਸ਼ ਥੋਡੇ ਐਨ ਅੰਦਰ ਤੱਕ ਆ ਕੇ ਹਮਲਾ ਕਰ ਦੇਵੇ ਤਾਂ ਫੇਰ ਸਰਕਾਰ ਕੀ ਕਰਦੀ ਸੀ...? ਉਂਜ ਵੀ ਦੁਸ਼ਮਣ ਤਾਂ ਅੰਦਰਲੇ ਹੀ ਸਨ...ਜਿਹੜੇ ਸ਼ਰੇਆਮ ਫੇਸਬੁੱਕ 'ਤੇ ਚੁਣੌਤੀ ਦੇ ਕੇ ਫਰਾਰ ਹੋਏ... ਫੇਰ ਸੁਖਬੀਰ ਹੋਰਾਂ ਦਾ ਸਾਈਬਰ ਕਰਾਈਮ ਸੈੱਲ ਕੀ ਕਰਦਾ ਸੀ ? ਸਰਕਾਰ ਜੀ, ਥੋੜ੍ਹੀ ਜਿਹੀ ਤਾਂ ਸ਼ਰਮ ਕਰੋ...ਐਵੇਂ ਗਵਾਂਢੀਆਂ 'ਤੇ ਉਂਗਲ ਧਰਨ ਤੋਂ ਪਹਿਲਾਂ ਆਪਣੇ ਵੱਲ ਤਾਂ ਦੇਖ ਲਿਆ ਕਰੋ।

## ਬੱਸ ਰੁਜ਼ਗਾਰ ਨਾ ਮੰਗਣਾ !!!

ਪੰਜਾਬ 'ਚ 90 ਲੱਖ ਤੋਂ ਵੱਧ ਬੇਕਾਰ ਵੋਟਾਂ ਨੇ... ਨਹੀਂ ਸਮਝੇ...ਲਓ ਫੇਰ ਦੁਬਾਰਾ ਸੁਣੋ...ਪੰਜਾਬ ਵਿਚ 90 ਲੱਖ ਤੋਂ ਵੱਧ ਬੇਰੁਜ਼ਗਾਰ ਹਨ। ਹੁਣ ਤੁਸੀਂ ਸਮਝ ਗਏ...। ਹੁਣ 90 ਲੱਖ ਕੋਈ ਥੋੜ੍ਹੀ ਸੰਖਿਐ...ਭਲਾ ਹੁਣ ਕਿਹਨੂੰ ਕਿਹਨੂੰ ਕੰਮ 'ਤੇ ਲਾਉਣ ਸਰਕਾਰਾਂ ?! ਪਰ ਕੈਪਟਨ ਅਮਰਿੰਦਰ ਸਿੰਘ ਨੇ ਇਹਦਾ ਤੋੜ ਲੱਭ ਲਿਆ। ਉਨ੍ਹਾਂ ਨੂੰ ਪਤੈ ਕਿ ਪੰਜਾਬ ਦੀ ਮੁੰਡੀਰ ਵਿਹਲੀ ਤੁਰੀ ਫਿਰਦੀ ਐ...ਇਹਨੂੰ ਕਿਸੇ ਕੰਮ ਲਾਓ...ਪਹਿਲਾਂ ਤਾਂ ਉਨ੍ਹਾਂ ਨੇ 50 ਲੱਖ ਸਮਾਰਟ ਫੋਨ...ਸਮੇਤ ਮੁਫ਼ਤ ਡਾਟਾ ਦੇਣ ਦਾ ਐਲਾਨ ਕੀਤਾ...ਹੁਣ ਉਹ ਇਨ੍ਹਾਂ ਨੂੰ ਬੇਰੁਜ਼ਗਾਰੀ ਭੱਤਾ ਵੀ ਦੇਣਗੇ। ਇਸ ਲਈ 'ਬੇਕਾਰ' ਘੁੰਮਦਿਓ ਨੌਜਵਾਨਾਂ, ਚਿੰਤਾ ਦੀ ਲੋੜ ਨਹੀਂ-ਸਮਾਰਟ ਫ਼ੋਨ ਥੋਡੇ ਹੱਥਾਂ ਵਿਚ ਹੋਣਗੇ...ਮੁਫ਼ਤ ਡਾਟਾ ਹੋਵੇਗਾ...ਮਾੜੇ-ਮੋਟੀ ਖ਼ਰਚੇ ਲਈ ਬੇਰਜ਼ੁਗਾਰੀ ਭੱਤਾ ਜੇਬ ਵਿਚ ਹੋਵੇਗਾ। ਬੱਸ ਤੁਸੀਂ ਕੋਈ ਕੰਮ ਨਾ ਮੰਗਣਾ...ਉਂ ਵੀ ਕਿਹੜਾ ਤੁਸੀਂ ਕੋਈ ਕਰਦੇ ਓ...ਵਿਹਲੇ ਬਹਿ ਕੇ ਸਮਾਰਟ ਫੋਨਾਂ 'ਤੇ ਗੇਮਾਂ ਖੇਡਣਾਂ ਜਾਂ ਫੇਰ ਹੋਰ ਪੁੱਠੇ ਕੰਮ ਕਰਨਾ...ਬੱਸ ਰੁਜ਼ਗਾਰ ਨਾ ਮੰਗਣਾ!!

## ਲੁਧਿਆਣਾ ਪੁਲੀਸ ਨੇ ਲਹਿੰਬਰ ਸਣੇ 11 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ

**ਜਗਰਾਉਂ/ਬਿਊਰੋ ਨਿਊਜ਼ :** ਜ਼ਿਲ੍ਹਾ ਲੁਧਿਆਣਾ ਦੀ ਦਿਹਾਤੀ ਪੁਲੀਸ ਨੇ ਪਿਛਲੇ ਲਗਭਗ 10 ਵਰ੍ਹਿਆਂ ਤੋਂ ਇਲਾਕੇ ਵਿੱਚ ਸਰਗਰਮ ਗੁਰਪ੍ਰੀਤ ਸਿੰਘ ਉਰਫ਼ ਲਹਿੰਬਰ ਗੈਂਗਸਟਰ ਨੂੰ ਸਾਥੀਆਂ ਸਮੇਤ ਫੜ ਲਿਆ ਹੈ। ਆਈਪੀਐਸ ਐਲ. ਕੇ. ਯਾਦਵ (ਆਈ.ਜੀ.ਪੀ. ਜ਼ੋਨ-2 ਜਲੰਧਰ) ਅਤੇ ਡੀਆਈਪੀ ਐਸ.ਕੇ.ਕਾਲੀਆ (ਆਈ. ਜੀ. ਲੁਧਿਆਣਾ ਰੇਂਜ) ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਦਿਹਾਤੀ ਪੁਲੀਸ ਦੇ ਸੀਨੀਅਰ ਪੁਲੀਸ ਕਪਤਾਨ ਉਪਿੰਦਰਜੀਤ ਸਿੰਘ ਘੁੰਮਣ ਨੂੰ ਸੂਹ ਮਿਲੀ ਕਿ ਗੁਰਪ੍ਰੀਤ ਸਿੰਘ ਉਰਫ਼ ਲਹਿੰਬਰ ਪੁੱਤਰ ਪ੍ਰਿਥੀਪਾਲ ਸਿੰਘ ਵਾਸੀ ਸਲੇਮਪੁਰਾ (ਸਿੱਧਵਾਂ ਬੇਟ) ਆਪਣੇ ਸਾਥੀਆਂ ਨਾਲ ਪਿੰਡ ਗਾਲਿਬ ਕਲਾਂ ਵਿੱਚ ਗੋਪਾਲ ਸਿੰਘ ਦੇ ਘਰ ਬੈਠਾ ਹੋਇਆ ਹੈ ਅਤੇ ਕਿਸੇ ਵੱਡੀ ਵਾਰਦਾਤ ਨੂੰ ਅੰਜ਼ਾਮ ਦੇਣ ਦੀ ਤਾਕ ਵਿੱਚ ਹੈ। ਇਸ ਸੂਚਨਾ ਦੇ ਆਧਾਰ 'ਤੇ ਉਪਿੰਦਰਜੀਤ ਸਿੰਘ ਘੁੰਮਣ ਨੇ ਡੀਐਸਪੀ ਰਛਪਾਲ ਸਿੰਘ ਢੀਂਡਸਾ ਦੀ ਅਗਵਾਈ ਹੇਠ ਥਾਣਾ ਸਦਰ ਦੇ ਇੰਚਾਰਜ ਹਰਪ੍ਰੀਤ ਸਿੰਘ ਅਤੇ ਸੀਆਈਏ ਸਟਾਫ਼ ਦੇ ਇੰਚਾਰਜ ਰਾਜਨਪ੍ਰਮਿੰਦਰ ਸਿੰਘ ਦੀ ਅਗਵਾਈ ਹੇਠ ਇਲਾਕੇ ਵਿੱਚ ਨਾਕੇ ਲਾ ਕੇ ਸਬੰਧਤ ਥਾਂ 'ਤੇ ਛਾਪਾ ਮਾਰਿਆ ਤੇ 11 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਮੌਕੇ ਪੰਜ ਰਾਈਫਲਾਂ, 3 ਪਿਸਤੌਲ ਤੇ ਵੱਡੀ ਗਿਣਤੀ ਕਾਰਤੂਸ ਬਰਾਮਦ ਹੋਏ ਹਨ।

ਪੁਲੀਸ ਨੇ ਲਹਿੰਬਰ ਤੋਂ ਬਿਨਾਂ ਜਸਪ੍ਰੀਤ ਸਿੰਘ ਜੱਸਾ ਵਾਸੀ ਬਸੰਤ ਬਿਹਾਰ ਲੁਧਿਆਣਾ, ਸੰਜੀਵ ਕੁਮਾਰ ਉਰਫ਼ ਸੰਜੂ, ਕੁਲਵਿੰਦਰ ਸਿੰਘ ਵਾਸੀ ਬੱਧਨੀ (ਮੋਗਾ), ਹਰਜਿੰਦਰ ਸਿੰਘ ਉਰਫ਼ ਜਿੰਦਰ ਵਾਸੀ ਸ਼ਹਿਣਾ (ਬਰਨਾਲਾ), ਸੁਖਵੀਰ ਸਿੰਘ ਉਰਫ਼ ਸੁੱਖਾ ਵਾਸੀ ਧਰਮਕੋਟ (ਮੋਗਾ), ਦਵਿੰਦਰ ਉਰਫ਼ ਬਿੰਦਰ ਵਾਸੀ ਰਸੂਲਪੁਰ ਮੱਲ੍ਹਾ ਥਾਣਾ ਹਠੂਰ, ਲਖਵਿੰਦਰਪਾਲ ਸ਼ਰਮਾ ਉਰਫ਼ ਲੱਕੀ ਵਾਸੀ ਧਰਮਕੋਟ (ਮੋਗਾ), ਗੁਰਪ੍ਰੀਤ ਸਿੰਘ ਉਰਫ਼ ਦੀਪਾ ਗੁਰੂਸਰ ਕਾਉਂਕੇ, ਗੁਰਮਨਜੋਤ ਵਾਸੀ ਚਕਰ ਤੇ ਗੁਰਸੇਵਕ ਸਿੰਘ ਉਰਫ਼ ਗੋਗਾ ਵਾਸੀ ਬੱਦੋਵਾਲ ਥਾਣਾ ਦਾਖਾ ਨੂੰ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਅਧਿਕਾਰੀ ਸ੍ਰੀ ਯਾਦਵ ਨੇ ਆਖਿਆ ਕਿ ਮੁਲਜ਼ਮਾਂ ਤੋਂ ਮਿਲੇ ਅਸਲੇ ਦੀ ਪੜਤਾਲ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਗਰੋਹ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿੱਚ 40 ਦੇ ਕਰੀਬ ਕੇਸ ਦਰਜ ਹਨ ਅਤੇ ਲਹਿੰਬਰ ਕਰੀਬ ਤਿੰਨ ਮਹੀਨੇ ਪਹਿਲਾ ਜੇਲ੍ਹ ਵਿੱਚੋਂ ਬਾਹਰ ਆਇਆ ਹੈ। ਪੁਲੀਸ ਨੇ ਇਨ੍ਹਾਂ ਵਿਰੁੱਧ ਥਾਣਾ ਸਦਰ ਵਿੱਚ ਕੇਸ ਦਰਜ ਕਰਕੇ ਪੜਤਾਲ ਵਿੱਢ ਦਿੱਤੀ ਹੈ।

# ਗੈਂਗਸਟਰਾਂ ਖਿਲਾਫ਼ 'ਪਕੋਕਾ' ਨਾ ਲਿਆਉਣ 'ਤੇ ਬਾਦਲ ਸਰਕਾਰ ਦੀ ਨੀਅਤ ਸ਼ੱਕੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿੱਚ ਸਰਗਰਮ ਸੰਗਠਿਤ ਅਪਰਾਧੀ ਗਰੋਹਾਂ ਨਾਲ ਨਜਿੱਠਣ ਲਈ ਮਹਾਰਾਸ਼ਟਰ ਰਾਜ ਦੀ ਤਰਜ਼ 'ਤੇ 'ਪੰਜਾਬ ਆਰਗੇਨਾਈਜ਼ਡ ਕੰਟਰੋਲਡ ਕਰਾਈਮ ਐਕਟ' (ਪਕੋਕਾ) ਹੋਂਦ ਵਿੱਚ ਨਾ ਲਿਆਉਣ ਨੇ ਅਕਾਲੀ-ਭਾਜਪਾ ਸਰਕਾਰ ਦੀ ਅਪਰਾਧੀਆਂ ਨਾਲ ਨਜਿੱਠਣ ਦੇ ਮਾਮਲੇ 'ਤੇ ਨੀਅਤ ਸ਼ੱਕੀ ਬਣਾ ਦਿੱਤੀ ਹੈ। ਇਸ ਕਾਨੂੰਨ ਦਾ ਖਰੜਾ ਦੋ ਵਾਰ ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿੱਚ ਲਿਜਾਇਆ ਗਿਆ ਸੀ। ਗ੍ਰਹਿ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਮੰਤਰੀਆਂ ਦੇ ਇਤਰਾਜ਼ ਕਾਰਨ ਇਸ ਬਿੱਲ 'ਤੇ ਵਜ਼ਾਰਤੀ ਮੋਹਰ ਨਹੀਂ ਲੱਗ ਸਕੀ ਅਤੇ ਕਾਨੂੰਨ ਨਹੀਂ ਬਣ ਸਕਿਆ। ਸੂਬੇ ਦੀ ਵੱਧ ਸੁਰੱਖਿਆ ਵਾਲੀ ਨਾਭਾ ਜੇਲ੍ਹ ਤੋਂ ਗੈਂਗਸਟਰਾਂ ਦੇ ਫਿਲਮੀ ਅੰਦਾਜ਼ ਵਿੱਚ ਭੱਜ ਨਿਕਲਣ ਨਾਲ ਗੈਂਗਸਟਰਾਂ ਦੀਆਂ ਗਤੀਵਿਧੀਆਂ ਇੱਕ ਵਾਰੀ ਫਿਰ ਸੁਰਖ਼ੀਆਂ ਵਿਚ ਆ ਗਈਆਂ ਹਨ ਅਤੇ ਪੁਲੀਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਪੰਜਾਬ ਸਰਕਾਰ ਲਈ ਸੰਗਠਿਤ ਅਪਰਾਧੀ ਗਰੋਹ ਵੱਡੀ ਚੁਣੌਤੀ ਬਣਦੇ ਜਾ ਰਹੇ ਹਨ। ਪੰਜਾਬ ਵਿੱਚ ਸਰਗਰਮ ਇਨ੍ਹਾਂ ਹਥਿਆਰਬੰਦ ਗਰੋਹਾਂ ਸਬੰਧੀ ਹੁਣ ਕਈ ਦਿਲਚਸਪ ਤੱਥ ਸਾਹਮਣੇ ਆ ਰਹੇ ਹਨ, ਜਿਨ੍ਹਾਂ ਤੋਂ ਸਪਸ਼ਟ ਹੈ ਕਿ ਹਥਿਆਰਬੰਦ ਗਰੋਹਾਂ ਦਾ ਧੰਦਾ ਲੰਬੇ ਸਮੇਂ ਤੋਂ ਰਾਜ ਵਿੱਚ ਪਨਪ ਰਿਹਾ ਸੀ, ਜਿਸ ਨੂੰ ਸਿਆਸੀ ਪੱਧਰ ਅਤੇ ਪੁਲੀਸ ਢਾਂਚੇ ਦੀ ਵੀ ਹੇਠਲੇ ਪੱਧਰ 'ਤੇ ਮਦਦ ਮਿਲਦੀ ਰਹੀ। ਸਰਕਾਰ ਵੱਲੋਂ ਗਰੋਹਾਂ ਸਬੰਧੀ ਇਕੱਠੀ ਕੀਤੀ ਗਈ ਜਾਣਕਾਰੀ ਦੌਰਾਨ ਹੁਣ ਸਾਹਮਣੇ ਆਇਆ ਹੈ ਕਿ 2010 ਤੋਂ 2016 ਤੱਕ ਦੇ ਛੇ ਸਾਲਾਂ ਦੌਰਾਨ ਅਜਿਹੇ ਹਥਿਆਰਬੰਦ ਗਰੋਹਾਂ ਦੇ ਕੋਈ 55 ਮਾਮਲੇ ਅਦਾਲਤਾਂ ਵਿੱਚ ਗਏ ਅਤੇ ਉਨ੍ਹਾਂ ਵਿੱਚੋਂ ਕਿਸੇ ਇੱਕ ਵਿੱਚ ਵੀ ਸਜ਼ਾ ਨਹੀਂ ਹੋਈ ਅਤੇ ਗੈਂਗਸਟਰ ਬਰੀ ਹੋ ਗਏ। ਜਦੋਂਕਿ 1996 ਤੋਂ 2016 ਤੱਕ ਦੇ 20 ਸਾਲਾਂ ਦੌਰਾਨ ਅਜਿਹੇ ਗਰੋਹਾਂ ਵਿਰੁੱਧ 105 ਮਾਮਲੇ ਅਦਾਲਤਾਂ ਵਿੱਚ ਗਏ, ਜਿਨ੍ਹਾਂ ਵਿੱਚੋਂ ਕੇਵਲ 10 ਵਿੱਚ ਕੁਝ ਸਜ਼ਾਵਾਂ ਹੋਈਆਂ, ਜਦੋਂਕਿ 95 ਮਾਮਲਿਆਂ ਵਿੱਚ ਮੁਲਜ਼ਮ ਬਰੀ ਹੋ ਗਏ। ਅਦਾਲਤਾਂ ਵਿੱਚ ਇਨ੍ਹਾਂ ਹਥਿਆਰਬੰਦ ਗਰੋਹਾਂ ਵਿਰੁੱਧ ਕੇਸ ਫ਼ੇਲ੍ਹ ਹੋਣ ਦਾ ਮੁੱਖ ਕਾਰਨ ਪੁਲੀਸ ਦੀ ਮਿਲੀਭੁਗਤ ਜਾਂ ਪੁਲੀਸ ਦੀ ਨਾਲਾਇਕੀ ਸਮਝੀ ਜਾ ਸਕਦੀ ਹੈ। ਪੁਲੀਸ ਵੱਲੋਂ ਕੋਈ 57 ਅਜਿਹੇ ਗਰੋਹਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਦੇ 450 ਦੇ ਕਰੀਬ ਮੈਂਬਰ ਹਨ। ਉਧਰ ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਸੰਗਠਿਤ ਗਰੋਹਾਂ ਦੇ ਮੈਂਬਰਾਂ ਦੀ ਗਿਣਤੀ 500 ਤੋਂ ਵਧੇਰੇ ਹਨ। ਜੇਲ੍ਹਾਂ ਵਿੱਚ 200 ਤੋਂ ਜ਼ਿਆਦਾ ਗੈਂਗ ਮੈਂਬਰ ਹਨ, 100 ਤੋਂ ਵੱਧ ਗੈਂਗ ਮੈਂਬਰ ਜ਼ਮਾਨਤਾਂ ਕਰਵਾ ਗਏ ਹਨ ਅਤੇ 120 ਦੇ ਕਰੀਬ ਹੋਰ ਗੈਂਗ ਮੈਂਬਰ ਅਜੇ ਕਾਨੂੰਨ ਦੀ ਪਕੜ ਵਿੱਚ ਨਹੀਂ ਆ ਸਕੇ ਅਤੇ ਭਗੌੜੇ ਹਨ। ਦਿਲਚਸਪ ਗੱਲ ਇਹ ਹੈ ਕਿ ਮੁੱਖ ਗਰੋਹ ਅਤੇ ਗਰੋਹ ਆਗੂ ਮਾਲਵਾ ਖੇਤਰ ਨਾਲ ਸਬੰਧਤ ਹਨ, ਜਦੋਂਕਿ ਅੰਮ੍ਰਿਤਸਰ ਵਿੱਚ ਵੀ ਕੁਝ ਗੈਂਗ ਸਰਗਰਮ ਹਨ। ਮੁੱਖ ਗਰੋਹਾਂ ਵਿਚ ਰੌਕੀ ਗੈਂਗ, ਬਿਸ਼ਨੋਈ, ਸ਼ੇਰਾ ਕੁੱਬਾ, ਜੈਪਾਲ ਅਤੇ ਦਵਿੰਦਰ ਸ਼ੂਟਰ ਸਭ ਮਾਲਵੇ ਨਾਲ ਸਬੰਧਤ ਹਨ ਅਤੇ ਇਨ੍ਹਾਂ ਸਾਰੇ ਗਰੋਹਾਂ ਨੂੰ ਹੇਠਲੇ ਪੱਧਰ ਦੇ ਸਿਆਸੀ ਆਗੂਆਂ ਜਾਂ ਹਲਕਾ ਇੰਚਾਰਜਾਂ ਤੋਂ ਵੀ ਸਮਰਥਨ ਦੀਆਂ ਰਿਪੋਰਟਾਂ ਹਨ, ਜਦੋਂਕਿ ਇਨ੍ਹਾਂ ਗਰੋਹਾਂ ਦੇ ਸਾਰੀਆਂ ਮੁੱਖ ਸਿਆਸੀ ਧਿਰਾਂ ਨਾਲ ਸਬੰਧ ਰਹੇ ਹਨ। ਗੈਂਗਸਟਰਾਂ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਪੁਲੀਸ ਵੱਲੋਂ ਝੂਠੇ ਤੇ ਫਰਜ਼ੀ ਮਾਮਲੇ ਦਰਜ ਕਰਨ ਅਤੇ ਬੇਤਹਾਸ਼ਾ ਤਸ਼ੱਦਦ ਕਾਰਨ ਵੀ ਕਈ ਮੁੰਡੇ ਅਪਰਾਧੀ ਬਣ ਗਏ ਜਾਂ ਜੇਲ੍ਹਾਂ ਵਿੱਚ ਜਾ ਕੇ ਵੱਡੇ ਅਪਰਾਧੀਆਂ ਦੇ ਹੱਥ ਚੜ੍ਹ ਗਏ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਿਛਲੇ ਕਾਫ਼ੀ ਸਮੇਂ ਤੋਂ ਕਾਨੂੰਨ ਵਿਚਲੀਆਂ ਚੋਰ ਮੋਰੀਆਂ ਦਾ ਫ਼ਾਇਦਾ ਉਠਾ ਕੇ ਅਜਿਹੇ ਅਨਸਰ ਪਨਪਦੇ ਰਹੇ ਹਨ। ਅਪਰਾਧੀਆਂ ਵਿੱਚ ਅਮਨ-ਕਾਨੂੰਨ ਦੇ ਤੰਤਰ ਪ੍ਰਤੀ ਕੋਈ ਡਰ ਜਾਂ ਭੈਅ ਨਹੀਂ ਸੀ ਅਤੇ ਜੇਲ੍ਹਾਂ ਨੂੰ ਵੀ ਉਹ ਆਰਾਮ ਘਰਾਂ ਵਾਂਗ ਵਰਤਦੇ ਰਹੇ, ਜਿੱਥੇ ਉਨ੍ਹਾਂ ਦੀਆਂ ਬਾਹਰ ਦੀ ਦੁਨੀਆ ਨਾਲ ਬਰਾਬਰ ਤਾਰਾਂ ਜੁੜੀਆਂ ਰਹਿੰਦੀਆਂ ਸਨ। ਪਕੋਕਾ ਦਾ ਖਰੜਾ ਰਾਜ ਦੇ ਗ੍ਰਹਿ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਸੀ। ਉਸ ਮੁਤਾਬਕ ਪੁਲੀਸ ਨੂੰ ਖ਼ੂੰਖਾਰ ਗੈਂਗਸਟਰਾਂ ਨੂੰ ਸਾਲ ਜਾਂ ਦੋ ਸਾਲ ਲਈ ਨਜ਼ਰਬੰਦ ਰੱਖਣ ਦਾ ਅਧਿਕਾਰ ਮਿਲ ਜਾਵੇਗਾ ਤਾਂ ਜੋ ਉਹ ਅਦਾਲਤਾਂ ਤੋਂ ਜ਼ਮਾਨਤਾਂ ਲੈ ਕੇ ਨਾ ਦੌੜ ਸਕਣ।

# ਕਿਹੜਾ ਰੋਕ ਲਊ 'ਮਾਈ ਦਾ ਲਾਲ'

## *ਖਸਤਾ ਜੇਲ੍ਹਾਂ, ਬੁੱਢੀ ਗਾਰਦ ਤੇ ਨਿਕੰਮੇ ਹਥਿਆਰ*

## ਢਾਈ ਸੌ ਕੈਦੀ ਹੋ ਚੁੱਕੇ ਨੇ ਫਰਾਰ !

**ਚਰਨਜੀਤ ਭੁੱਲਰ**

ਬਠਿੰਡਾ : ਪੰਜਾਬ ਦੀਆਂ ਜੇਲ੍ਹਾਂ ਚੋਂ ਔਸਤਨ ਹਰ ਮਹੀਨੇ ਦੋ ਕੈਦੀ ਫਰਾਰ ਹੋ ਰਹੇ ਹਨ। ਲੰਘੇ 10 ਵਰ੍ਹਿਆਂ ਵਿਚ ਜੇਲ੍ਹਾਂ ਚੋਂ 243 ਕੈਦੀ ਤੇ ਬੰਦੀ ਫਰਾਰ ਹੋ ਚੁੱਕੇ ਹਨ। ਇਨ੍ਹਾਂ ਵਰ੍ਹਿਆਂ ਵਿਚ ਕੈਦੀ ਤੇ ਬੰਦੀ 7 ਦਫ਼ਾ ਜੇਲ੍ਹ ਤੋੜ ਕੇ ਫਰਾਰ ਹੋਏ ਹਨ। ਜੇਲ੍ਹ ਵਿਭਾਗ ਪੰਜਾਬ ਨੇ ਕਦੇ ਵੀ ਇਨ੍ਹਾਂ ਮਾਮਲਿਆਂ ਨੂੰ ਬਹੁਤੀ ਸੰਜੀਦਗੀ ਨਾਲ ਨਹੀਂ ਲਿਆ ਹੈ। ਭਾਵੇਂ ਅੱਜ ਨਾਭਾ ਜੇਲ੍ਹ ਦੀ ਘਟਨਾ ਨੇ ਪੂਰਾ ਸਿਸਟਮ ਲਿਆਇਆ ਹੈ ਪਰ ਪੰਜਾਬ ਸਰਕਾਰ ਨੇ ਪਿਛਲੇ ਵਰ੍ਹਿਆਂ ਦੀਆਂ ਘਟਨਾਵਾਂ ਤੋਂ ਕਦੇ ਸਬਕ ਨਹੀਂ ਲਿਆ ਸੀ। ਦੇਸ਼ ਭਰ ਵਿਚ ਇਨ੍ਹਾਂ ਦਸ ਵਰ੍ਹਿਆਂ ਵਿਚ 108 ਵਾਰਦਾਤਾਂ ਜੇਲ੍ਹ ਤੋੜਨ ਦੀਆਂ ਵਾਪਰੀਆਂ ਹਨ ਅਤੇ 4815 ਬੰਦੀ ਤੇ ਕੈਦੀ ਫਰਾਰ ਹੋਏ ਹਨ। ਪੰਜਾਬ ਵਿਚ ਸਾਲ 2015 ਵਿਚ ਵੀ ਜੇਲ੍ਹ ਤੋੜ ਕੇ ਫਰਾਰ ਹੋਣ ਦੀ ਇੱਕ ਵਾਰਦਾਤ ਵਾਪਰੀ ਸੀ। ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਸਾਲ 2005 ਤੋਂ ਸਾਲ 2015 ਤੱਕ ਪੰਜਾਬ ਚੋਂ 243 ਬੰਦੀ ਤੇ ਕੈਦੀ ਜੇਲ੍ਹਾਂ ਚੋਂ ਫਰਾਰ ਹੋਏ ਹਨ। ਅਕਾਲੀ ਭਾਜਪਾ ਗਠਜੋੜ ਸਰਕਾਰ ਦੇ ਨੌਂ ਵਰ੍ਹਿਆਂ ਦੌਰਾਨ ਜੇਲ੍ਹਾਂ ਚੋਂ 189 ਬੰਦੀ ਫਰਾਰ ਹੋਏ ਹਨ। ਜਦੋਂ ਸਾਲ 2007 ਵਿਚ ਗਠਜੋੜ ਸਰਕਾਰ ਬਣੀ ਸੀ ਤਾਂ ਉਦੋਂ ਇੱਕੋ ਜੇਲ੍ਹ ਵਿਚ 36 ਕੈਦੀ ਤੇ ਬੰਦੀ ਫਰਾਰ ਹੋਏ ਸਨ ਅਤੇ ਉਸ ਮਗਰੋਂ ਸਾਲ 2010 ਵਿਚ ਵੀ 39 ਜਣੇ ਫਰਾਰ ਹੋਏ ਸਨ। ਸਾਲ 2014 ਅਤੇ ਸਾਲ 2015 ਵਿਚ ਅੱਧੀ ਦਰਜਨ ਕੈਦੀ ਤੇ ਹਵਾਲਾਤੀ ਫਰਾਰ ਹੋਏ ਹਨ। ਸਭ ਤੋਂ ਜਿਆਦਾ ਸਾਲ 2012 ਵਿਚ ਜੇਲ੍ਹ ਤੋੜ ਕੇ ਫਰਾਰ ਹੋਣ ਦੀਆਂ ਤਿੰਨ ਵਾਰਦਾਤਾਂ ਹੋਈਆਂ ਹਨ ਅਤੇ ਇਸੇ ਜੇਲ੍ਹ ਵਿਚ 11 ਬੰਦੀ ਫਰਾਰ ਹੋਏ ਹਨ। ਫਿਰੋਜ਼ਪੁਰ ਜੇਲ੍ਹ ਚੋਂ ਲੰਘੇ 10 ਵਰ੍ਹਿਆਂ ਵਿਚ ਅੱਧੀ ਦਰਜਨ ਬੰਦੀ ਫਰਾਰ ਹੋਏ ਹਨ। ਸਾਲ 2003 ਵਿਚ ਇਸ ਜੇਲ੍ਹ ਚੋਂ ਬਾਂਸ ਦੀ ਮਦਦ ਨਾਲ ਹੀਰਾ ਲਾਲ ਤੇ ਸੋਨੂੰ ਹਵਾਲਾਤੀ ਫਰਾਰ ਹੋ ਗਏ ਸਨ ਜਦੋਂ ਕਿ ਸਾਲ 1984 ਵਿਚ ਵੀ ਇਸ ਜੇਲ੍ਹ ਚੋਂ ਇੱਕ ਖਾੜਕੂ ਅਤੇ ਉਸ ਦੇ ਦੋ ਸਾਥੀ ਬਾਂਸ ਦੀ ਮਦਦ ਨਾਲ ਜੇਲ੍ਹ ਚੋਂ ਫਰਾਰ ਹੋਏ ਸਨ। ਨਾਭੇ ਦੀ ਖੁੱਲ੍ਹੀ ਜੇਲ੍ਹ ਚੋਂ ਵੀ ਤਿੰਨ ਵਰ੍ਹਿਆਂ ਦੌਰਾਨ ਤਿੰਨ ਬੰਦੀ ਫਰਾਰ ਹੋਏ ਹਨ। ਗੁਰਦਾਸਪੁਰ ਜੇਲ੍ਹ ਚੋਂ ਸਾਲ 2012 ਵਿਚ ਤਿੰਨ ਬੰਦੀ ਰਾਤ ਨੂੰ ਕਰੀਬ 2:30 ਵਜੇ ਸਲਾਖਾ ਕੱਟ ਕੇ ਫਰਾਰ ਹੋ ਗਏ ਸਨ। ਹਾਲਾਂਕਿ ਜੇਲ੍ਹਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਵੀ ਲਾਏ ਹਨ ਪ੍ਰੰਤੂ ਫਰਾਰੀ ਦੇ ਮਾਮਲਿਆਂ ਵਿਚ ਕੋਈ ਕਮੀ ਨਹੀਂ ਆਈ ਹੈ। ਸੂਤਰ ਦੱਸਦੇ ਹਨ ਕਪੂਰਥਲਾ ਅਤੇ ਫਰੀਦਕੋਟ ਜੇਲ੍ਹ ਵਿਚ ਤਾਂ ਬੰਦੀਆਂ ਨੇ ਬੈਰਕਾਂ ਵਿਚਲੇ ਸੀ.ਸੀ.ਟੀ.ਵੀ. ਕੈਮਰੇ ਹੀ ਤੋੜ ਦਿੱਤੇ ਸਨ।



ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਸ੍ਰੀ ਛਿੰਦਰਪਾਲ ਸਿੰਘ ਬਰਾੜ ਦਾ ਕਹਿਣਾ ਸੀ ਕਿ ਅਸਲ ਵਿਚ ਜੇਲ੍ਹ ਪ੍ਰਸ਼ਾਸਨ ਦੀ ਕੋਤਾਹੀ ਕਾਰਨ ਅਜਿਹੇ ਮਾਮਲੇ ਵਾਪਰਦੇ ਹਨ ਜਿਨ੍ਹਾਂ ਨੂੰ ਸਖਤੀ ਬਿਨ੍ਹਾਂ ਰੋਕਣਾ ਮੁਸ਼ਕਲ ਹੈ। ਉਨ੍ਹਾਂ ਆਖਿਆ ਕਿ ਨਵੀਂ ਤਕਨਾਲੋਜੀ ਦੀ ਮਦਦ ਵੀ ਲਈ ਜਾਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਜੇਲ੍ਹਾਂ ਦੇ ਸੁਰੱਖਿਆ ਪ੍ਰਬੰਧਾਂ ਨੂੰ ਵੀ ਮਜਬੂਤ ਬਣਾਏ ਜਾਣ ਦੀ ਲੋੜ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਹੁਣ ਨਵੀਆਂ ਜੇਲ੍ਹਾਂ ਵੀ ਬਣਾਈਆਂ ਹਨ ਜਿਨ੍ਹਾਂ ਵਿਚ ਬਠਿੰਡਾ, ਮੁਕਤਸਰ ਅਤੇ ਅੰਮ੍ਰਿਤਸਰ ਜੇਲ੍ਹ ਵੀ ਸ਼ਾਮਿਲ ਹਨ।

**ਬੁੱਢਾ ਅਸਲਾ, ਬੁੱਢੀ ਗਾਰਦ** : ਜੇਲ੍ਹਾਂ ਦੀ ਰਾਖੀ ਲਈ ਹਥਿਆਰ ਵੀ ਬੁੱਢੇ ਹਨ ਤੇ ਜੇਲ੍ਹ ਗਾਰਦ ਵੀ। ਤਾਹੀਓ ਜੇਲ੍ਹਾਂ ਦੀ ਸੁਰੱਖਿਆ ਤੇ ਉਂਗਲ ਉਠਣ ਲੱਗੀ ਹੈ। ਸਾਲ 1992 ਤੋਂ ਮਗਰੋਂ ਜੇਲ੍ਹਾਂ ਵਿਚ ਗਾਰਦ ਦੀ ਨਵੀਂ ਭਰਤੀ ਨਹੀਂ ਹੋਈ ਹੈ। ਪੰਜਾਬ ਸਰਕਾਰ ਵਲੋਂ ਨਵੇਂ ਹਥਿਆਰ ਹੀ ਨਹੀਂ ਦਿੱਤੇ ਗਏ ਹਨ। ਜੋ ਅਸਾਲਟਾਂ ਜੇਲ੍ਹਾਂ ਵਿਚ ਹਨ, ਉਹ ਪੁਲੀਸ ਤੋਂ ਉਧਾਰੀਆਂ ਲਈਆਂ ਹਨ। ਕਈ ਜੇਲ੍ਹਾਂ ਵਿਚ ਤਾਂ ਮਾਸਕਟ ਰਾਈਫਲਾਂ ਹਨ ਅਤੇ ਬਹੁਤੀਆਂ ਜੇਲ੍ਹਾਂ ਵਿਚ ਪੁਰਾਣੀਆਂ ਥ੍ਰੀ ਨਟ ਥ੍ਰੀ ਰਫ਼ਲਾਂ ਹਨ ਜੋ ਕੰਡਮ ਹਾਲਤ ਵਿਚ ਹਨ। ਬਠਿੰਡਾ,ਫਰੀਦਕੋਟ, ਮਾਨਸਾ ਅਤੇ ਫਿਰੋਜ਼ਪੁਰ ਜੇਲ੍ਹਾਂ ਵਿਚ ਜਿਆਦਾ ਥ੍ਰੀ ਨਟ ਥ੍ਰੀ ਰਫ਼ਲਾਂ ਹੀ ਹਨ। ਇਨ੍ਹਾਂ ਜੇਲ੍ਹਾਂ ਵਲੋਂ ਨਵੇਂ ਅਸਲੇ ਦੀ ਮੰਗ ਕੀਤੀ ਗਈ ਹੈ ਜਿਸ ਤੇ ਸਰਕਾਰ ਨੇ ਗੌਰ ਨਹੀਂ ਕੀਤੀ ਹੈ। ਬਠਿੰਡਾ,ਫਰੀਦਕੋਟ ਅਤੇ ਮੁਕਤਸਰ ਵਿਚ ਨਵੀਆਂ ਜੇਲ੍ਹਾਂ ਤਾਂ ਬਣ ਗਈਆਂ ਹਨ ਪਰ ਇਨ੍ਹਾਂ ਜੇਲ੍ਹਾਂ ਵਿਚ ਹਥਿਆਰ ਪੁਰਾਣੇ ਹੀ ਹਨ। ਜੇਲ੍ਹਾਂ ਚੋਂ ਟਾਵਰਾਂ ਤੇ ਹੋਮਗਾਰਡ ਜਵਾਨ ਤਾਇਨਾਤ ਕੀਤੇ ਹੋਏ ਹਨ ਜਿਨ੍ਹਾਂ ਕੋਲ ਐਸ.ਐਲ.ਆਰ. ਰਫ਼ਲਾਂ ਹਨ ਜਦੋਂ ਕਿ ਬਾਕੀ ਗਾਰਦ ਤੋਂ ਥ੍ਰੀ ਨਟ ਥ੍ਰੀ ਰਫ਼ਲਾਂ ਹੀ ਹਨ। ਇਵੇਂ ਜੋ ਜੇਲ੍ਹਾਂ ਵਿਚ ਪੈਸਕੋ ਦੇ ਮੁਲਾਜ਼ਮਾਂ ਦੀ ਤਾਇਨਾਤੀ ਕੀਤੀ ਗਈ ਹੈ, ਉਨ੍ਹਾਂ ਨੂੰ ਡੰਡੇ ਦਿੱਤੇ ਹੋਏ ਹਨ। ਨਿਯਮਾਂ ਅਨੁਸਾਰ ਇਨ੍ਹਾਂ ਮੁਲਾਜ਼ਮਾਂ ਨੂੰ ਜੇਲ੍ਹ ਪ੍ਰਸ਼ਾਸਨ ਤਰਫ਼ੋਂ ਅਸਲਾ ਨਹੀਂ ਦਿੱਤਾ ਜਾ ਸਕਦਾ ਹੈ। ਉਂਜ ਵੀ ਪੈਸਕੋ ਮੁਲਾਜ਼ਮਾਂ ਦੀ ਤਨਖਾਹ ਕਾਫੀ ਘੱਟ ਹੈ ਜੋ ਕਿ ਕੋਈ ਖਤਰਾ ਮੁੱਲ ਲੈਣ ਤੋਂ ਡਰਦੇ ਹਨ। ਇੱਕ ਜੇਲ੍ਹ ਅਧਿਕਾਰੀ ਨੇ ਦੱਸਿਆ ਕਿ ਜੋ ਮੌਜੂਦਾ ਜੇਲ੍ਹ ਗਾਰਦ ਹੈ, ਉਹ ਸੇਵਾ ਮੁਕਤੀ ਨੇੜੇ ਹੈ। ਉਨ੍ਹਾਂ ਦੱਸਿਆ ਕਿ ਨਵੇਂ ਗੈਂਗਸਟਰਾਂ ਦਾ ਮੁਕਾਬਲਾ ਇਹ ਪੁਰਾਣੇ ਮੁਲਾਜ਼ਮ ਕਰਨੋਂ ਬੇਵੱਸ ਹਨ। ਸੂਤਰ ਦੱਸਦੇ ਹਨ ਕਿ ਤਾਹੀਂ ਨੌਜਵਾਨ ਗੈਂਗਸਟਰਾਂ ਦੇ ਜੇਲ੍ਹਾਂ ਵਿਚ ਹੌਸਲੇ ਵਧ ਜਾਂਦੇ ਹਨ। ਮਾਨਸਾ ਜੇਲ੍ਹ ਵਿਚ ਥ੍ਰੀ ਨਟ ਥ੍ਰੀ ਰਫ਼ਲਾਂ ਹਨ। ਫਰੀਦਕੋਟ ਜੇਲ੍ਹ ਦੇ ਸੁਪਰਡੈਂਟ ਬਲਕਾਰ ਸਿੰਘ ਭੁੱਲਰ ਦਾ ਕਹਿਣਾ ਸੀ ਕਿ ਹੋਮਗਾਰਡ ਜਵਾਨਾਂ ਕੋਲ ਐੱਸ.ਐਲ.ਆਰ. ਹਨ ਜਦੋਂ ਕਿ ਜ਼ਿਲ੍ਹਾ ਪੁਲੀਸ ਤੋਂ ਵੀ ਪਿਛਲੇ ਸਮੇਂ ਦੌਰਾਨ ਅਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਮੇਂ ਸਮੇਂ ਤੇ ਹਥਿਆਰਾਂ ਦੀ ਮੰਗ ਵੀ ਮੁੱਖ ਦਫ਼ਤਰ ਨੂੰ ਭੇਜੀ ਗਈ ਹੈ। ਵੇਰਵਿਆਂ ਅਨੁਸਾਰ ਬਠਿੰਡਾ ਜੇਲ੍ਹ ਨੂੰ ਵੀ ਨਵੇਂ ਹਥਿਆਰ ਨਹੀਂ ਮਿਲੇ ਹਨ ਅਤੇ ਇਸ ਜੇਲ੍ਹ ਕੋਲ 22 ਥ੍ਰੀ ਨਟ ਥ੍ਰੀ ਰਫ਼ਲਾਂ ਹੀ ਹਨ। ਜੇਲ੍ਹ ਗਾਰਦ ਐਸੋਸੀਏਸ਼ਨ ਨੇ ਦੱਸਿਆ ਕਿ ਜੇਲ੍ਹਾਂ ਵਿਚ ਕਰੀਬ ਤਿੰਨ ਹਜ਼ਾਰ ਮੁਲਾਜ਼ਮਾਂ ਦੀ ਲੋੜ ਹੈ ਕਿਉਂਕਿ ਪਿਛਲੇ ਸਮੇਂ ਵਿਚ ਸੇਵਾ ਮੁਕਤੀ ਜਿਆਦਾ ਹੋਈ ਹੈ ਅਤੇ ਨਵੀਂ ਭਰਤੀ ਨਹੀਂ ਹੋਈ ਹੈ। ਪੰਜਾਬ ਵਿਚ ਅੱਧੀ ਦਰਜਨ ਜੇਲ੍ਹਾਂ ਕੋਲ ਤਾਂ ਮਾਸਕਟ ਰਾਈਫਲਾਂ ਹੀ ਹਨ ਜੋ ਕਾਫ਼ੀ ਪੁਰਾਣੀਆਂ ਹਨ। ਕਾਫ਼ੀ ਜੇਲ੍ਹਾਂ ਵਿਚ ਪੁਲੀਸ ਦੀਆਂ ਉਧਾਰੀਆਂ ਏ.ਕੇ 47 ਰਾਈਫਲਾਂ ਹਨ। ਫਿਰੋਜ਼ਪੁਰ ਜੇਲ੍ਹ ਵਿਚ 8 ਟਾਵਰ ਹਨ ਅਤੇ ਇਸ ਜੇਲ੍ਹ ਕੋਲ ਵੀ ਥ੍ਰੀ ਨਟ ਥ੍ਰੀ ਰਾਈਫਲਾਂ ਹਨ। ਸਬ ਜੇਲ੍ਹ ਮੋਗਾ ਅਤੇ ਫਾਜਿਲਕਾ ਕੋਲ ਵੀ ਇਹੋ ਰਾਈਫਲਾਂ ਹੀ ਹਨ। ਸੰਗਰੂਰ ਜੇਲ੍ਹ ਜੋ ਪਹਿਲਾਂ ਸੱਤ ਮਸਕਟ ਰਫ਼ਲਾਂ ਸਨ, ਜੋ ਹੁਣ ਜਮਾਂ ਕਰਾ ਦਿੱਤੀਆਂ ਗਈਆਂ ਹਨ ਅਤੇ ਬਦਲੇ ਵਿਚ ਕੋਈ ਨਵਾਂ ਅਸਲਾ ਨਹੀਂ ਮਿਲਿਆ ਹੈ। ਹਾਲਾਂਕਿ ਜੇਲ੍ਹਾਂ ਵਿਚ ਪਿਛਲੇ ਸਮੇਂ ਦੌਰਾਨ ਗੈਂਗਸਟਰਾਂ ਦੀ ਗਿਣਤੀ ਵਧੀ ਹੈ। ਜੇਲ੍ਹਾਂ ਕੋਲ ਤਾਂ ਸਰਕਾਰੀ ਵਾਹਨ ਵੀ ਨਹੀਂ ਹਨ। ਜਿਨ੍ਹਾਂ ਜੇਲ੍ਹਾਂ ਕੋਲ ਪੁਰਾਣੀਆਂ ਜਿਪਸੀਆਂ ਸਨ, ਉਹ ਕੰਡਮ ਹੋ ਚੁੱਕੀਆਂ ਹਨ।



ਭਾਈ ਹਰਮਿੰਦਰ ਸਿੰਘ ਮਿੰਟੂ, ਕਸ਼ਮੀਰ ਸਿੰਘ ਗਲਵੱਡੀ, ਗੈਂਗਸਟਰ ਵਿੱਕੀ ਗੌਂਡਰ, ਗੁਰਪ੍ਰੀਤ ਸੇਖੋਂ, ਕੁਲਪ੍ਰੀਤ ਨੀਟਾ ਦਿਓਲ ਅਤੇ ਅਮਨਦੀਪ ਢੋਟੀਆਂ

# ਸੁਖਬੀਰ ਬਾਦਲ ਦੇ ਕਰੀਬੀ ਤੇ ਗੌਂਡਰ ਦੇ ਦੁਸ਼ਮਣ ਮੀਤ ਨੇ ਦੇਰ ਰਾਤ ਕੀਤਾ ਆਤਮ ਸਮਰਪਣ

**ਚੰਡੀਗੜ੍ਹ/ਬਿਊਰੋ ਨਿਊਜ਼ :**
ਵਿੱਕੀ ਗੌਂਡਰ ਸਵੇਰੇ ਫਰਾਰ ਹੋਇਆ ਅਤੇ ਦੇਰ ਰਾਤ 20 ਦਿਨ ਤੋਂ ਵਾਨਟਡ ਅਮਿਤ ਉਰਫ਼ ਮੀਤ ਨੇ ਆਤਮ ਸਮਰਪਣ ਕਰ ਦਿੱਤਾ। ਉਸ ਨੂੰ ਲਗਦਾ ਹੈ ਕਿ ਗੌਂਡਰ ਉਸ ਨੂੰ ਮਾਰਨ ਲਈ ਹੀ ਜੇਲ੍ਹ ਤੋਂ ਭਜਿਆ ਹੈ। ਗੌਂਡਰ ਨਾਭਾ ਜੇਲ੍ਹ ਤੋਂ ਪਹਿਲਾਂ ਸਤੰਬਰ ਤਕ ਰੋਪੜ ਜੇਲ੍ਹ ਵਿਚ ਸੀ। ਉਸ ਦੇ ਨਾਲ ਬਾਊਂਸਰ ਗਗਨ ਵੀ ਸੀ। ਗਗਨ ਨੇ ਬਾਊਂਸਰ ਮੀਤ 'ਤੇ ਹਮਲਾ ਕਰਨ ਲਈ ਸੈਕਟਰ-26 ਦੇ ਜਿਮ ਵਿਚ ਅਗਸਤ ਵਿਚ ਗੋਲੀਆਂ ਚਲਾਈਆਂ ਸਨ, ਜਿਸ ਵਿਚ ਬਾਊਂਸਰ ਅਖਿਲ ਜਖਮੀ ਹੋਇਆ ਸੀ। ਇਸ ਦਾ ਬਦਲਾ ਲੈਣ ਲਈ ਦਿਓਲ ਗਰੁੱਪ ਅਤੇ ਰਵੀਰਾਜ ਨੇ ਬਾਊਂਸਰ ਗਗਨ 'ਤੇ ਰੋਪੜ ਜੇਲ੍ਹ ਵਿਚ ਹਮਲਾ ਕੀਤਾ। ਦੋਵੇਂ ਗਰੁੱਪ ਜੇਲ੍ਹ ਵਿਚ ਸਨ। ਗੌਂਡਰ ਨੇ ਜੇਲ੍ਹ ਵਿਚੋਂ ਹੀ ਫੇਸਬੁੱਕ 'ਤੇ ਲਿਖਿਆ ਸੀ ਕਿ ਉਸ 'ਤੇ ਜੋ ਹਮਲਾ ਹੋਇਆ ਹੈ, ਉਸ ਪਿਛੇ ਮੀਤ ਹੈ। ਉਦੋਂ ਤੋਂ ਦੋਵੇਂ ਗਰੁੱਪਾਂ ਵਿਚਾਲੇ ਟਕਰਾਅ ਹੈ। ਸਤੰਬਰ ਦੇ ਆਖ਼ਰੀ ਹਫ਼ਤੇ ਗੌਂਡਰ ਅਤੇ ਗਗਨ ਨੂੰ ਰੋਪੜ ਜੇਲ੍ਹ ਤੋਂ ਨਾਭਾ ਜੇਲ੍ਹ ਟਰਾਂਸਫਰ ਕੀਤਾ ਗਿਆ। ਜੇਲ੍ਹ ਸੁਪਰਡੈਂਟ ਨੇ ਲਿਖਿਆ ਸੀ ਕਿ ਦੋਵੇਂ ਗਰੁੱਪਾਂ ਦਾ ਇਕ ਹੀ ਜੇਲ੍ਹ ਵਿਚ ਰਹਿਣ ਨਾਲ ਕੁਝ ਵੀ ਹੋ ਸਕਦਾ ਹੈ। ਉਸ ਤੋਂ ਬਾਅਦ 6 ਨਵੰਬਰ ਨੂੰ ਮੀਤ ਗੈਂਗ ਤੇ ਸੋਨੂ ਸ਼ਾਹ ਵਿਚਾਲੇ ਮੋਹਾਲੀ ਫੇਜ਼-8 ਦੇ ਦੁਸਹਿਰਾ ਗਰਾਊਂਡ ਵਿਚ ਫਾਇਰਿੰਗ ਵੀ ਹੋਈ। ਉਦੋਂ ਤੋਂ ਮੀਤ ਫਰਾਰ ਸੀ। ਐਤਵਾਰ ਨੂੰ ਜਿਵੇਂ ਹੀ ਗੌਂਡਰ ਭੱਜਿਆ, ਮੀਤ ਗੈਂਗ ਵਿਚ ਖਲਬਲੀ ਮੱਚ ਗਈ। ਦਰਅਸਲ, ਗੌਂਡਰ ਅਤੇ ਗਗਨ ਇਕ ਹੀ ਬੈਰਕ ਵਿਚ ਸਨ। ਦੇਰ ਰਾਤ ਮੀਤ ਨੇ ਅਚਾਨਕ ਮੋਹਾਲੀ ਸੀ.ਆਈ.ਏ. ਸਟਾਫ ਦੇ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਪੁਲੀਸ ਨੇ ਉਸ ਦੀ ਗ੍ਰਿਫ਼ਤਾਰੀ ਮਨੀਮਾਜਰਾ ਸਥਿਤ ਉਸ ਦੇ ਘਰ ਕੋਲੋਂ ਦਿਖਾਈ। ਦੂਸਰੇ ਪਾਸੇ ਨਾਭਾ ਜੇਲ੍ਹ ਵਿਚ ਕੈਦ ਗਗਨ ਤੋਂ ਪੁਛਗਿਛ ਜਾਰੀ ਹੈ। ਕੁਝ ਦਿਨ ਪਹਿਲਾਂ ਫੇਸਬੁੱਕ 'ਤੇ ਗਗਨ ਨੇ ਕਿਹਾ ਸੀ-ਜ਼ਮਾਨਤ ਕਰਵਾਓ, ਨਹੀਂ ਤਾਂ ਭੱਜ ਜਾਵਾਂਗਾ। ਜਵਾਲ ਮਿਲਿਆ ਜ਼ਮਾਨਤ ਹੋ ਜਾਵੇਗੀ। ਇਸਲਈ ਉਹ ਨਹੀਂ ਭੱਜਿਆ। ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਦਾ ਕਰੀਬੀ ਹੋਣ ਕਾਰਨ ਮੀਤ 'ਤੇ ਕੇਸ ਦਰਜ ਨਹੀਂ ਹੋ ਰਿਹਾ ਸੀ। ਪਰ ਜਦੋਂ ਰੋਜ਼ਾਨਾ ਹਿੰਦੀ ਅਖ਼ਬਾਰ ਨੇ ਇਸ ਦਾ ਖ਼ੁਲਾਸਾ ਕੀਤਾ ਤਾਂ ਪੁਲੀਸ ਨੇ ਕੇਸ ਦਰਜ ਕਰ ਲਿਆ।

# ਪੁਲੀਸ ਨੇ ਐਨਕਾਊਂਟਰ ਕਰਕੇ ਬੇਕਸੂਰ ਲੜਕੀ ਨੂੰ ਮਾਰਿਆ

**ਸਮਾਣਾ/ਬਿਊਰੋ ਨਿਊਜ਼** : ਕੈਦੀਆਂ ਦੇ ਭੱਜਣ ਦਾ ਖਮਿਆਜ਼ਾ ਬੇਕਸੂਰ ਕੁੜੀ ਨੇਹਾ ਨੂੰ ਭੁਗਤਣਾ ਪਿਆ। ਚੀਕਾ ਰੋਡ 'ਤੇ ਪੁਲੀਸ ਨੇ ਆਰਕੈਸਟਰਾ ਦੀ ਗੱਡੀ 'ਤੇ ਇਸ ਲਈ ਫਾਇਰਿੰਗ ਕਰ ਦਿੱਤੀ, ਕਿਉਂਕਿ ਗੱਡੀ ਚਾਲਕ ਨੇ ਉਨ੍ਹਾਂ ਦੇ ਰੁਕਣ ਦੇ ਇਸ਼ਾਰੇ 'ਤੇ ਗੱਡੀ ਥੋੜ੍ਹੀ ਅੱਗੇ ਰੋਕਣੀ ਚਾਹੀ। ਪੁਲੀਸ ਵਾਲਿਆਂ ਦਾ ਤਰਕ ਹੈ ਕਿ ਉਨ੍ਹਾਂ ਨੂੰ ਲੱਗਾ ਕਿ ਗੱਡੀ ਵਿਚ ਭੱਜੇ ਹੋਏ ਕੈਦੀ ਹਨ। ਜਦਕਿ ਗੱਡੀ ਚਾਲਕ ਤੇ ਆਰਕੈਸਟਰਾ ਗਰੁੱਪ ਦੇ ਮਾਲਕ ਸਰਬਜੀਤ ਸਿੰਘ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਗੱਡੀ ਭਜਾਈ ਨਹੀਂ। ਪੁਲੀਸ ਨੇ ਗੱਡੀ ਦੇ ਅੱਗਿਓਂ ਫਾਇਰਿੰਗ ਕਰ ਦਿੱਤੀ, ਜਿਸ ਕਾਰਨ ਫਰੰਟ ਸੀਟ 'ਤੇ ਬੈਠੀ ਨੇਹਾ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਕੋਲੋਂ ਲੰਘ ਰਹੇ ਦਿੜਬਾ ਦੇ ਬ੍ਰਿਜਮੋਹਨ ਦੀ ਲੱਤ 'ਤੇ ਗੋਲੀ ਲੱਗੀ, ਜਿਸ ਨੂੰ ਸਮਾਣਾ ਦੇ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।



### ਅਣਸੁਲਝੇ ਸਵਾਲ :

- ਘਟਨਾ ਦਿਨ ਦੀ ਹੈ। ਰਾਤ ਦਾ ਸਮਾਂ ਨਹੀਂ ਸੀ ਕਿ ਕਾਰ ਵਿਚ ਬੈਠੇ ਲੋਕ ਪੁਲੀਸ ਨੂੰ ਦਿਖਾਈ ਨਹੀਂ ਦਿੱਤੇ ਕਿ ਔਰਤਾਂ ਹਨ ਜਾਂ ਮਰਦ ?
- ਕਾਰ ਦੇ ਸ਼ੀਸ਼ੇ ਕਾਲੇ ਨਹੀਂ ਸਨ, ਸ਼ੱਕ ਕਿਵੇਂ ਹੋ ਗਿਆ ?
- ਕਾਰ ਰੁਕਣ ਤੋਂ ਪਹਿਲਾਂ ਹੀ ਕਾਰ ਦੇ ਫਰੰਟ ਤੋਂ ਫਾਇਰਿੰਗ ਕਿਉਂ ਕੀਤੀ ਗਈ ?
- ਸ਼ੱਕ ਸੀ ਤਾਂ ਪਹਿਲਾਂ ਟਾਇਰਾਂ ਵਿਚ ਗੋਲੀ ਕਿਉਂ ਨਹੀਂ ਮਾਰੀ ?

# ਘਟਨਾ ਪਿਛੇ ਪਾਕਿਸਤਾਨ ਦਾ ਹੱਥ : ਸੁਖਬੀਰ ਸਿੰਘ ਬਾਦਲ

**ਚੰਡੀਗੜ੍ਹ/ਬਿਊਰੋ ਨਿਊਜ਼** : ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਘਟਨਾ ਪਿਛੇ ਪਾਕਿਸਤਾਨ ਦਾ ਹੱਥ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਜ਼ਿਸ਼ ਦੇਸੀ ਹੋਵੇ ਜਾਂ ਵਿਦੇਸ਼ੀ, ਪੰਜਾਬ ਸਰਕਾਰ ਇਸ ਨੂੰ ਹਰ ਹਾਲ ਵਿਚ ਨਾਕਾਮ ਕਰੇਗੀ। ਉਧਰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਸ ਮਾਮਲੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਫ਼ੋਨ 'ਤੇ 15 ਮਿੰਟ ਗੱਲਬਾਤ ਕਰਕੇ ਜੇਲ੍ਹਾਂ ਦੀ ਸੁਰੱਖਿਆ ਵਧਾਉਣ ਲਈ ਕਿਹਾ।

***ਕੈਪਟਨ ਬੋਲੇ : ਗੈਂਗਸਟਰ ਦਾ ਇਸਤੇਮਾਲ ਕਰੇਗੀ ਸਰਕਾਰ***

*ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੈਦੀਆਂ ਦਾ ਇਸ ਤਰ੍ਹਾਂ ਭੱਜ ਜਾਣਾ ਸਰਕਾਰੀ ਰਜ਼ਾਮੰਦ ਦੇ ਬਿਨਾਂ ਸੰਭਵ ਨਹੀਂ ਹੋ ਸਕਦਾ। ਬਾਦਲ ਸਰਕਾਰ ਭਗੌੜੇ ਗੈਂਗਸਟਰਾਂ ਦਾ ਇਸਤੇਮਾਲ ਚੋਣਾਂ ਵਿਚ ਕਰ ਸਕਦੀ ਹੈ। ਆਮ ਆਦਮੀ ਪਾਰਟੀ ਦੇ ਸੰਜੇ ਸਿੰਘ ਨੇ ਸੁਖਬੀਰ ਬਾਦਲ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ।*



ਨਾਭਾ ਜੇਲ੍ਹ ਦੇ ਮੁੱਖ ਗੇਟ ਦੇ ਬਾਹਰ ਪਿਆ ਗੋਲੀ ਦਾ ਖੋਲ

# ਹਫ਼ਤਾ ਭਰ ਪਹਿਲਾਂ ਹੀ ਪਤਾ ਚੱਲ ਚੁੱਕਾ ਸੀ-ਇਹ ਲੋਕ ਹੋਣਗੇ ਫਰਾਰ

## ਨੀਟਾ ਤੇ ਗੌਂਡਰ ਗਿਰੋਹ ਨੇ ਵਾਇਸ ਕਾਲਿੰਗ ਨਾਲ ਰਚੀ ਸਾਜ਼ਿਸ਼

**ਬਠਿੰਡਾ/ਬਿਊਰੋ ਨਿਊਜ਼ :**
ਬਠਿੰਡਾ ਪੁਲੀਸ ਵਲੋਂ ਹਫ਼ਤਾ ਭਰ ਪਹਿਲਾਂ ਫੜੇ ਗਏ ਗੈਂਗਸਟਰ ਦੇ ਫ਼ੋਨ ਤੋਂ ਮਿਲੀ ਜਾਣਕਾਰੀ 'ਤੇ ਧਿਆਨ ਦਿੱਤਾ ਜਾਂਦਾ ਤਾਂ ਨਾਭਾ ਤੋਂ ਅਪਰਾਧੀ ਭੱਜ ਨਹੀਂ ਸਕਦੇ ਸਨ। ਇਸ ਦੀ ਸਾਜ਼ਿਸ਼ ਜੇਲ੍ਹ ਵਿਚ ਬੰਦ ਵਿੱਕੀ ਗੌਂਡਰ ਤੇ ਨੀਟਾ ਦਿਓ ਨੇ ਰਚੀ ਸੀ। ਬਠਿੰਡਾ ਪੁਲੀਸ ਨੂੰ ਪਤਾ ਸੀ ਕਿ ਗੌਂਡਰ ਤੇ ਨੀਟਾ ਜੇਲ੍ਹ ਵਿਚ ਬੈਠੇ ਗਿਰੋਹ ਦੇ ਮੈਂਬਰਾਂ ਨੂੰ ਵਾਇਸ ਕਾਲਿੰਗ ਅਤੇ ਵੱਟਸਐਪ ਕਾਲ ਕਰ ਰਹੇ ਹਨ। 20 ਨਵੰਬਰ ਨੂੰ ਸੀ.ਆਈ.ਏ. ਨੇ 3 ਗੈਂਗਸਟਰਾਂ ਨੂੰ ਫੜਿਆ। ਇਨ੍ਹਾਂ ਵਿਚੋਂ ਇਕ ਦੇ ਫ਼ੋਨ ਤੋਂ ਕੁਲਪ੍ਰੀਤ, ਨੀਟਾ ਦਿਓਲ ਦੇ ਨਾਲ ਵਾਟਸਐਪ 'ਤੇ ਗੱਲ ਹੋਈ। ਇਕ ਮਹੀਨਾ ਪਹਿਲਾਂ ਬਠਿੰਡਾ ਵਿਚ ਗ੍ਰਿਫ਼ਤਾਰ ਗੈਂਗਸਟਰ ਨਵਦੀਪ ਚੱਠਾ ਦੇ ਫ਼ੋਨ ਤੋਂ ਵੀ ਨਾਭਾ ਵਿਚ ਬੰਦ ਗੌਂਡਰ ਦਾ ਵਾਇਸ ਮੈਸੇਜ ਮਿਲਿਆ ਸੀ। ਸਿਰਫ਼ 7 ਦਿਨ ਬਾਅਦ ਗੈਂਗਸਟਰ ਏਨਾ ਵੱਡਾ ਕਰ ਦੇਣਗੇ, ਪੁਲੀਸ ਇਸ ਦਾ ਅੰਦਾਜ਼ਾ ਨਹੀਂ ਲਗਾ ਸਕੀ। ਪੁਲੀਸ ਗੌਂਡਰ ਤੇ ਨੀਟਾ ਦਾ ਮੋਬਾਈਲ ਬਰਾਮਦ ਕਰਕੇ ਜਾਂਚ ਕਰਦੀ ਤਾਂ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਵੱਡਾ ਜੇਲ੍ਹ ਬਰੇਕ ਨਾ ਹੁੰਦਾ।

# ਆਪਣੇ ਵਾਅਦਿਆਂ ਤੋਂ ਪਿਛੇ ਹਟ ਰਹੇ ਹਨ ਡੋਨਲਡ ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਣਕਿਆਸੇ ਢੰਗ ਨਾਲ ਅਮਰੀਕੀ ਸਦਰ ਦੀ ਚੋਣ ਜਿੱਤਣ ਤੋਂ ਦੋ ਹਫ਼ਤਿਆਂ ਬਾਅਦ ਹੀ ਰਿਪਬਲਿਕਨ ਆਗੂ ਡੋਨਲਡ ਟਰੰਪ ਆਪਣੇ ਮੁੱਖ ਚੋਣ ਵਾਅਦਿਆਂ ਤੇ ਵੱਡੇ-ਵੱਡੇ ਐਲਾਨਾਂ ਤੋਂ ਪੈਰ ਪਿਛਾਂਹ ਖਿੱਚਣ ਲੱਗ ਪਏ ਹਨ। ਇਨ੍ਹਾਂ ਵਿੱਚ ਵਾਤਾਵਰਣ ਤਬਦੀਲੀ ਦੇ ਮੁੱਦੇ ਉਤੇ ਅਪਣਾਇਆ ਗਿਆ ਸਖ਼ਤ ਰੁਖ਼, ਬੰਦੀਆਂ ਉਤੇ ਤਸ਼ੱਦਦ ਤੇ ਆਪਣੀ ਵਿਰੋਧੀ ਬੀਬੀ ਹਿਲੇਰੀ ਕਲਿੰਟਨ ਨੂੰ ਜੇਲ੍ਹ ਵਿੱਚ ਸੁੱਟਣ ਸਬੰਧੀ ਉਨ੍ਹਾਂ ਦੇ ਐਲਾਨ ਸ਼ਾਮਲ ਹਨ।



ਰੋਜ਼ਨਾਮਾ 'ਨਿਊਯਾਰਕ ਟਾਈਮਜ਼' ਦੇ ਰਿਪੋਰਟਰਾਂ ਤੇ ਸੰਪਾਦਕਾਂ ਨਾਲ ਇਕ ਇੰਟਰਵਿਊ ਦੌਰਾਨ ਉਨ੍ਹਾਂ ਇਸ ਗੱਲ ਦੇ ਭਰਵੇਂ ਸੰਕੇਤ ਦਿੱਤੇ ਕਿ ਆਪਣੇ ਕਾਰੋਬਾਰ ਤੋਂ ਲਾਂਭੇ ਹੋਣ, ਪਰਿਵਾਰਕ ਮੈਂਬਰਾਂ ਤੋਂ ਸਲਾਹ ਲੈਣ ਅਤੇ ਪ੍ਰੈੱਸ ਨਾਲ ਰਿਸ਼ਤਿਆਂ ਦੇ ਮਾਮਲੇ ਵਿੱਚ ਉਹ ਪਿਛਲੀਆਂ ਰਵਾਇਤਾਂ ਉਤੇ ਨਹੀਂ ਚੱਲਣਗੇ। ਉਨ੍ਹਾਂ ਇਸ ਮੌਕੇ ਬੀਬੀ ਹਿਲੇਰੀ ਦੇ ਈਮੇਲ ਮਾਮਲੇ ਦੀ ਜਾਂਚ ਵਿਸ਼ੇਸ਼ ਪ੍ਰਾਸੀਕਿਊਟਰ ਰਾਹੀਂ ਕਰਵਾਉਣ ਦੇ ਆਪਣੇ ਪਹਿਲੇ ਐਲਾਨ ਨੂੰ ਅਮਲਾ ਜਾਮਾ ਪਹਿਨਾਉਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ, "ਮੈਂ ਕਲਿੰਟਨਾਂ ਨੂੰ ਤੰਗ ਨਹੀਂ ਕਰਨਾ ਚਾਹੁੰਦਾ। ਉਹ (ਹਿਲੇਰੀ) ਪਹਿਲਾਂ ਹੀ ਕਈ ਤਰੀਕਿਆਂ ਨਾਲ ਕਾਫ਼ੀ ਕੁਝ ਭੁਗਤ ਚੁੱਕੀ ਹੈ।" ਗ਼ੌਰਤਲਬ ਹੈ ਕਿ ਚੋਣ ਮੁਹਿੰਮ ਦੌਰਾਨ ਉਨ੍ਹਾਂ ਐਲਾਨ ਕੀਤਾ ਸੀ ਕਿ ਜੇ ਉਹ ਰਾਸ਼ਟਰਪਤੀ ਚੁਣੇ ਗਏ ਤਾਂ ਬੀਬੀ ਹਿਲੇਰੀ ਨੂੰ ਜੇਲ੍ਹ ਵਿੱਚ ਸੁੱਟ ਦੇਣਗੇ। ਇਸੇ ਤਰ੍ਹਾਂ ਉਨ੍ਹਾਂ ਵਾਤਾਵਰਣ ਤਬਦੀਲੀ ਮੁੱਦੇ ਨੂੰ ਵੀ ਚੀਨ ਵੱਲੋਂ ਸਿਰਜਿਆ ਇਕ 'ਵਹਿਮ' ਕਰਾਰ ਦਿੰਦਿਆਂ ਐਲਾਨ ਕੀਤਾ ਸੀ ਕਿ ਉਹ ਬਹੁਤ ਔਖ ਨਾਲ ਸਿਰੇ ਚੜ੍ਹੇ ਪੈਰਿਸ ਸਮਝੌਤੇ ਨੂੰ 'ਰੱਦ' ਕਰ ਦੇਣਗੇ। ਗ਼ੌਰਤਲਬ ਹੈ ਕਿ ਇਸ ਸਮਝੌਤੇ ਰਾਹੀਂ ਕੌਮਾਂਤਰੀ ਪੱਧਰ 'ਤੇ ਆਲਮੀ ਤਪਸ਼ ਘੱਟ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸੇ ਤਰ੍ਹਾਂ ਤਸ਼ੱਦਦ ਦੇ ਮਾਮਲੇ ਉਤੇ ਵੀ ਉਨ੍ਹਾਂ ਕਿਹਾ ਕਿ ਉਨ੍ਹਾਂ ਰਿਟਾਇਰਡ ਜਨਰਲ ਜੇਮਜ਼ ਮੈਟਿਸ ਨਾਲ ਮੁਲਾਕਾਤ ਤੋਂ ਬਾਅਦ ਆਪਣਾ ਇਰਾਦਾ ਬਦਲ ਲਿਆ ਹੈ। ਗ਼ੌਰਤਲਬ ਹੈ ਕਿ ਜਨਰਲ ਮੈਟਿਸ ਨੂੰ ਉਹ ਆਪਣਾ ਰੱਖਿਆ ਮੰਤਰੀ ਬਣਾਉਣ ਲਈ ਵਿਚਾਰ ਕਰ ਰਹੇ ਹਨ।

# ਭਾਰਤੀ ਮੂਲ ਦੀ ਨਿੱਕੀ ਹੇਲੀ ਹੋਵੇਗੀ ਸੰਯੁਕਤ ਰਾਸ਼ਟਰ ਵਿੱਚ ਰਾਜਦੂਤ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਊਥ ਕੈਰੋਲਾਈਨਾ ਦੀ ਭਾਰਤੀ ਮੂਲ ਦੀ ਗਵਰਨਰ ਨਿੱਕੀ ਹੇਲੀ ਨੂੰ ਆਪਣੀ ਹਕੂਮਤ ਦੌਰਾਨ ਸੰਯੁਕਤ ਰਾਸ਼ਟਰ (ਯੂਐਨ) ਵਿੱਚ ਅਮਰੀਕਾ ਦੀ ਰਾਜਦੂਤ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਆਈਆਂ ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਕਿ ਰਿਪਬਲਿਕਨ ਪਾਰਟੀ ਨਾਲ ਸਬੰਧਤ 44 ਸਾਲਾ ਬੀਬੀ ਹੇਲੀ ਨੇ ਇਸ ਕੈਬਨਿਟ ਰੁਤਬੇ ਵਾਲੇ ਅਹੁਦੇ ਲਈ ਸ੍ਰੀ ਟਰੰਪ ਦੀ ਪੇਸ਼ਕਸ਼ ਮਨਜ਼ੂਰ ਕਰ ਲਈ ਸੀ। ਬੀਬੀ ਹੇਲੀ ਅਮਰੀਕਾ ਵਿੱਚ ਕੈਬਨਿਟ ਰੁਤਬਾ ਹਾਸਲ ਕਰਨ ਵਾਲੀ ਪਹਿਲੀ ਭਾਰਤੀ-ਅਮਰੀਕੀ ਆਗੂ ਹੋਵੇਗੀ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ ਇਹ ਕੈਬਨਿਟ ਰੈਂਕ ਵਾਲਾ ਅਹੁਦਾ ਮਿਲਣ ਨਾਲ ਉਸ ਦਾ ਸਿਆਸੀ ਰੁਤਬਾ ਹੋਰ ਉੱਚਾ ਹੋਵੇਗਾ, ਜਿਸ ਨੂੰ ਰਿਪਬਲਿਕਨ ਪਾਰਟੀ ਦੀ ਇਕ ਉਭਰਦੀ ਵੱਡੀ ਆਗੂ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਉਸ ਨੂੰ ਇਹ ਅਹੁਦਾ ਦੇਣ ਦੀ ਸ੍ਰੀ ਟਰੰਪ ਦੀ ਯੋਜਨਾ ਬਾਰੇ ਸਾਊਥ ਕੈਰੋਲਾਈਨਾ ਦੇ ਮੁੱਖ ਅਖ਼ਬਾਰ 'ਪੋਸਟ ਐਂਡ ਕੁਰੀਅਰ' ਨੇ ਵੀ ਰਿਪੋਰਟ ਛਾਪੀ ਸੀ। ਉਹ ਛੇ ਸਾਲ ਪਹਿਲਾਂ ਸਾਊਥ ਕੈਰੋਲਾਈਨਾ ਦੀ ਪਹਿਲੀ 'ਮਹਿਲਾ ਤੇ ਘੱਟ-ਗਿਣਤੀ ਨਾਲ ਸਬੰਧਤ' ਗਵਰਨਰ ਬਣੀ ਸੀ, ਜਿਸ ਨੇ ਗਵਰਨਰ ਵਜੋਂ ਵਪਾਰ ਤੇ ਕਿਰਤ ਮੁੱਦਿਆਂ ਉਤੇ ਕਾਫ਼ੀ ਕੰਮ ਕੀਤਾ ਹੈ, ਪਰ ਉਸ ਦਾ ਵਿਦੇਸ਼ ਨੀਤੀ ਸਬੰਧੀ ਬਹੁਤਾ ਤਜਰਬਾ ਨਹੀਂ ਹੈ। ਬੀਬੀ ਹੇਲੀ ਦੀ ਪਿਛਲੇ ਦਿਨੀਂ ਨਿਊਯਾਰਕ ਸਥਿਤ ਟਰੰਪ ਟਾਵਰ ਵਿੱਚ ਸ੍ਰੀ ਟਰੰਪ ਨਾਲ ਮੁਲਾਕਾਤ ਹੋਈ ਸੀ। ਇਹ ਅਮਰੀਕਾ ਦੇ ਚੁਣੇ ਗਏ ਰਾਸ਼ਟਰਪਤੀ ਵੱਲੋਂ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਦਾ ਹੀ ਹਿੱਸਾ ਸੀ। ਗ਼ੌਰਤਲਬ ਹੈ ਕਿ ਕੈਬਨਿਟ ਰੁਤਬੇ ਵਾਲੀਆਂ ਨਿਯੁਕਤੀਆਂ ਨੂੰ ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਦੀ ਮਨਜ਼ੂਰੀ ਮਿਲਣੀ ਲਾਜ਼ਮੀ ਹੁੰਦੀ ਹੈ।



# ਭਾਰਤੀ ਸੰਵਿਧਾਨ ਦੀ ਧਾਰਾ 25 ਬੀ ਖ਼ਿਲਾਫ਼ ਬਰਤਾਨੀਆ ਵਿਚ ਪਟੀਸ਼ਨ

ਲੰਡਨ/ਬਿਊਰੋ ਨਿਊਜ਼ : ਭਾਰਤ ਦੇ ਸੰਵਿਧਾਨ ਦੀ ਬਹੁ ਚਰਚਿਤ ਧਾਰਾ 25 ਬੀ ਖਿਲਾਫ ਬਰਤਾਨੀਆਂ ਦੀ ਸੰਸਦ ਵਿਚ ਮਤਾ ਲਿਆਉਣ ਲਈ ਪਟੀਸ਼ਨ ਪਾਈ ਹੈ। ਪਟੀਸ਼ਨ ਕਰਤਾ ਪਰਮਜੀਤ ਸਿੰਘ ਨੇ ਇਸ ਪਟੀਸ਼ਨ ਵਿਚ ਕਿਹਾ ਹੈ ਕਿ ਭਾਰਤ ਦੇ ਆਜ਼ਾਦੀ ਐਕਟ 1947 ਅਨੁਸਾਰ ਸਿੱਖ ਧਰਮ ਨੂੰ ਵੱਖ ਧਰਮ ਦੇ ਤੌਰ 'ਤੇ ਪਹਿਚਾਣ ਦਿੱਤੀ ਸੀ ਪਰ 26 ਜਨਵਰੀ 1950 ਨੂੰ ਲਾਗੂ ਕੀਤੇ ਗਏ ਭਾਰਤੀ ਸੰਵਿਧਾਨ ਵਿਚ ਸਿੱਖਾਂ ਦੀ ਵੱਖਰੀ ਪਹਿਚਾਣ ਨੂੰ ਖ਼ਤਮ ਕਰ ਦਿੱਤਾ ਗਿਆ। ਧਾਰਾ 25 ਬੀ ਅਨੁਸਾਰ ਸਿੱਖਾਂ ਨੂੰ ਹਿੰਦੂ ਧਰਮ ਦਾ ਇਕ ਹਿੱਸਾ ਦਰਸਾਇਆ ਗਿਆ ਹੈ, ਸਿੱਖਾਂ ਨੂੰ ਹਿੰਦੂ ਐਕਟ ਅਧੀਨ ਵਿਆਹ ਕਰਨੇ ਪੈ ਰਹੇ ਹਨ, ਉਤਰਾਅਧਿਕਾਰੀ ਐਕਟ, ਘੱਟ ਗਿਣਤੀ ਅਤੇ ਸਰਪ੍ਰਸਤੀ ਐਕਟ, ਗੋਦ ਲੈਣ ਅਤੇ ਦੇਖ ਭਾਲ ਐਕਟ ਦੀ ਵਰਤੋਂ ਜਬਰੀ ਹਿੰਦੂ ਐਕਟ ਰਾਹੀਂ ਕਰਨੇ ਪੈ ਰਹੇ ਹਨ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ 8 ਲੱਖ ਸਿੱਖ ਯੂ.ਕੇ. ਵੱਸਦੇ ਹਨ ਜਦਕਿ ਦਨੀਆ ਭਰ ਵਿਚ ਸਿੱਖਾਂ ਦੀ ਗਿਣਤੀ 300 ਲੱਖ ਤੋਂ ਜ਼ਿਆਦਾ ਹੈ। ਭਾਰਤ ਨੂੰ ਛੱਡ ਕੇ ਦੁਨੀਆ ਭਰ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮੰਨਿਆ ਜਾਂਦਾ ਹੈ। ਪਟੀਸ਼ਨ ਵਿੱਚ ਯੂ.ਕੇ. ਸਰਕਾਰ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25 ਬੀ ਖ਼ਿਲਾਫ਼ ਮਤਾ ਪਾਸ ਕਰਨ ਦੀ ਅਪੀਲ ਕੀਤੀ ਗਈ ਹੈ। ਬਰਤਾਨਵੀ ਕਾਨੂੰਨ ਅਨੁਸਾਰ ਜੇ ਇਸ ਪਟੀਸ਼ਨ 'ਤੇ 10 ਹਜ਼ਾਰ ਦਸਤਖ਼ਤ ਹੋ ਜਾਂਦੇ ਹਨ ਤਾਂ ਸਰਕਾਰ ਨੂੰ ਇਸ ਬਾਰੇ ਬਿਆਨ ਜਾਰੀ ਕਰਨਾ ਪਵੇਗਾ, ਪਰ ਜੇ ਇਸ ਮੁਹਿੰਮ ਨੂੰ 1 ਲੱਖ ਲੋਕ ਹੁੰਗਾਰਾ ਭਰਦੇ ਹਨ ਤਾਂ ਇਸ ਸਬੰਧੀ ਪਾਰਲੀਮੈਂਟ ਵਿਚ ਮਤਾ ਲਿਆ ਕੇ ਖਾਸ ਬਹਿਸ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਭਾਰਤ ਵਿੱਚੋਂ ਫਾਂਸੀ ਦੀ ਸਜ਼ਾ ਖ਼ਤਮ ਕਰਨ ਲਈ ਅਜਿਹੀ ਹੀ ਇਕ ਪਟੀਸ਼ਨ 'ਤੇ ਪਹਿਲਾਂ 1 ਲੱਖ ਤੋਂ ਵੱਧ ਲੋਕਾਂ ਨੇ ਦਸਤਖ਼ਤ ਕੀਤੇ ਸਨ, ਜਿਸ 'ਤੇ ਸੰਸਦ ਵਿਚ ਖਾਸ ਬਹਿਸ ਹੋਈ ਸੀ।

# ਮਹਿਲਾ ਅਧਿਆਪਕ ਵਲੋਂ ਪੰਜ ਸਾਲਾ ਮੁਸਲਿਮ ਬੱਚੇ ਨੂੰ ਗਰਦਨੋਂ ਫੜ ਕੇ ਸਾਹ ਘੁੱਟਣ ਦੀ ਕੋਸ਼ਿਸ਼

**ਵਾਸ਼ਿੰਗਟਨ/ਬਿਊਰੋ ਨਿਊਜ਼ :** ਇੱਥੇ ਇਕ ਮਹਿਲਾ ਅਧਿਆਪਕ ਵੱਲੋਂ ਬਾਲਵਾੜੀ ਵਿੱਚ ਪੰਜ ਸਾਲ ਦੇ ਮੁਸਲਿਮ ਬੱਚੇ ਉਤੇ ਹਮਲਾ ਕਰਨ ਅਤੇ ਉਸ ਨੂੰ ਗਰਦਨੋਂ ਫੜ ਕੇ ਸਾਹ ਘੁੱਟਣ ਦੀ ਕੋਸ਼ਿਸ਼ ਕੀਤੀ ਗਈ। ਡੋਨਲਡ ਟਰੰਪ ਦੀ ਜਿੱਤ ਮਗਰੋਂ ਅਮਰੀਕਾ ਵਿੱਚ ਵਾਪਰ ਰਹੀਆਂ ਨਸਲੀ ਹਮਲਿਆਂ ਦੀਆਂ ਘਟਨਾਵਾਂ ਵਿੱਚ ਇਹ ਸਭ ਤੋਂ ਤਾਜ਼ਾ ਘਟਨਾ ਹੈ। ਮੁਸਲਮਾਨਾਂ ਦੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਦੇਸ਼ ਦੀ ਸਭ ਤੋਂ ਵੱਡੀ ਜਥੇਬੰਦੀ ਅਮਰੀਕਨ-ਇਸਲਾਮਿਕ ਰਿਲੇਸ਼ਨਜ਼ ਕੌਂਸਲ (ਸੀਏਆਈਆਰ) ਨੇ ਉੱਤਰੀ ਕੈਰੋਲਾਈਨਾ ਦੇ ਸ਼ਾਰਲੈਟ-ਮੈਕਲਨਬਰਗ ਐਲੀਮੈਂਟਰੀ ਸਕੂਲ ਵਿੱਚ ਵਾਪਰੀ ਇਸ ਘਟਨਾ ਦੀ ਜਾਂਚ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਮਨੁੱਖੀ ਅਧਿਕਾਰਾਂ ਬਾਰੇ ਵਕੀਲ ਮਾਹਾ ਸਈਦ ਨੇ 'ਸ਼ਾਰਲੈਟ-ਮੈਕਲਨਬਰਗ ਬੋਰਡ ਆਫ ਐਜੂਕੇਸ਼ਨ' ਨੂੰ ਲਿਖਿਆ ਕਿ ਅਕਾਦਮਿਕ ਵਰ੍ਹੇ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਹੀ ਇਸ ਮੁਸਲਿਮ ਵਿਦਿਆਰਥੀ ਨੂੰ ਨਾ ਸਿਰਫ਼ ਸਾਥੀ ਵਿਦਿਆਰਥੀਆਂ, ਸਗੋਂ ਇਸ ਅਧਿਆਪਕ ਦੇ ਧੱਕੜਪੁਣੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਸਾਲ ਦੇ ਤੌਰ 'ਤੇ ਅਧਿਆਪਕ ਰੋਜ਼ਾਨਾ ਵਿਦਿਆਰਥੀ ਨੂੰ ਵੱਖ ਕੱਢ ਕੇ ਉਸ ਨੂੰ ਦਿਨ ਭਰ ਭਾਰੀ ਬਸਤਾ ਚੁੱਕ ਕੇ ਖੜ੍ਹਾਈ ਰੱਖਦੀ ਹੈ। 16 ਨਵੰਬਰ ਨੂੰ ਅਧਿਆਪਕ ਨੇ ਬੱਚੇ ਨੂੰ ਗਰਦਨ ਤੋਂ ਫੜ ਲਿਆ ਅਤੇ ਉਸ ਨੂੰ ਘੁੱਟਣਾ ਸ਼ੁਰੂ ਕਰ ਦਿੱਤਾ। ਇਸ ਮਗਰੋਂ ਇਕ ਹੋਰ ਅਧਿਆਪਕ ਨੇ ਰੋਂਦੇ ਬੱਚੇ ਨੂੰ ਛੁਡਾਇਆ ਅਤੇ ਉਸ ਨੂੰ ਚੁੱਪ ਕਰਾਇਆ।
'ਨਿਊਯਾਰਕ ਡੇਲੀ ਨਿਊਜ਼' ਨੇ ਵਿਤਕਰਾ ਕਰਨ ਵਾਲੀ ਅਧਿਆਪਕ ਦੀ ਪਛਾਣ ਅਲਮਾ ਸਿੰਪਸਨ ਵਜੋਂ ਕੀਤੀ। ਸਕੂਲ ਪ੍ਰਬੰਧਕ ਮਾਮਲੇ ਦੀ ਜਾਂਚ ਕਰ ਰਹੇ ਹਨ।



## ਮੁਸਲਮਾਨ ਸਮਝ ਕੇ ਭਾਰਤੀ 'ਤੇ ਹਮਲਾ :

ਸ਼ਿਕਾਗੋ : ਅਮਰੀਕਾ ਦੇ ਇਕ ਬਾਰ ਵਿਚ ਇਕ ਭਾਰਤੀ ਨੂੰ ਮੁਸਲਮਾਨ ਸਮਝ ਕੇ ਉਸ 'ਤੇ ਹਮਲਾ ਕੀਤਾ ਗਿਆ। ਉਸ ਦੇ ਸਿਰ ਅਤੇ ਚਿਹਰੇ 'ਤੇ ਕਈ ਘਸੁੰਨ ਮਾਰ ਕੇ ਜ਼ਖ਼ਮੀ ਕਰ ਦਿੱਤਾ। ਡੋਨਾਲਡ ਟਰੰਪ ਦੀ ਜਿੱਤ ਪਿੱਛੋਂ ਮੁਸਲਮਾਨ ਵਿਰੋਧੀ ਨਫਰਤ ਵਾਲੇ ਜ਼ੁਰਮਾਂ ਦੀ ਇਹ ਤਾਜ਼ਾ ਘਟਨਾ ਹੈ। ਪੈਨਸਲਵੇਨੀਆ ਵਿਚ ਰੈਡ ਰੋਬਿਨ ਰੈਸਟੋਰੈਂਟ ਵਿਚ ਅੰਕੁਰ ਮਹਿਤਾ ਨਾਂਅ ਦਾ ਭਾਰਤੀ ਜਦੋਂ ਆਪਣੇ ਟੈਬਲੇਟ 'ਤੇ ਕੰਮ ਕਰ ਰਿਹਾ ਸੀ ਤਾਂ ਇਕ ਹਮਲਾਵਰ ਨੇ ਉਸ 'ਤੇ ਹਮਲਾ ਬੋਲ ਦਿੱਤਾ। ਹਮਲਾਵਰ ਜਿਸ ਦੀ ਪਛਾਣ ਜੈਫਰੀ ਬਰਗਸ ਵਜੋਂ ਕੀਤੀ ਗਈ ਨੇ ਮਹਿਤਾ 'ਤੇ ਨਸਲੀ ਟਿੱਪਣੀਆਂ ਵੀ ਕੀਤੀਆਂ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

## ਡੋਨਲਡ ਟਰੰਪ ਵੱਲੋਂ ਅਮਰੀਕਨਾਂ ਨੂੰ ਆਪਣੇ ਵਿਚਾਲੇ ਦੀਆਂ ਵੰਡੀਆਂ ਭਰਨ ਦਾ ਸੱਦਾ :

ਅਮਰੀਕੀ ਰਾਸ਼ਟਰਪਤੀ ਚੁਣੇ ਡੋਨਲਡ ਟਰੰਪ ਨੇ ਅਮਰੀਕਨਾਂ ਨੂੰ ਆਪਣੇ ਵਿਚਾਲੇ ਦੀਆਂ ਵੰਡੀਆਂ ਭਰਨ ਅਤੇ ਇਕ ਦੇਸ਼ ਵਜੋਂ ਅੱਗੇ ਵਧਣ ਲਈ ਕਿਹਾ। ਇਹ ਉਨ੍ਹਾਂ ਦੀ ਵੰਡ ਪਾਊ ਚੋਣ ਪ੍ਰਚਾਰ ਮੁਹਿੰਮ ਤੋਂ ਬਿਲਕੁਲ ਉਲਟ ਰੁਖ਼ ਹੈ। ਆਪਣੇ ਧੰਨਵਾਦੀ ਵੀਡੀਓ ਸੰਦੇਸ਼ ਵਿੱਚ 70 ਸਾਲਾ ਟਰੰਪ ਨੇ ਕਿਹਾ ਕਿ ਇਹ ਇਤਿਹਾਸਕ ਸਿਆਸੀ ਮੁਹਿੰਮ ਹੁਣ ਪੂਰੀ ਹੋ ਗਈ। ਹੁਣ ਦੇਸ਼ ਦੀ ਮੁੜ ਉਸਾਰੀ ਅਤੇ ਆਪਣੇ ਸਾਰੇ ਲੋਕਾਂ ਲਈ ਅਮਰੀਕਾ ਵਿੱਚ ਭਰੋਸਾ ਬਹਾਲ ਕਰਨ ਵਾਸਤੇ ਵੱਡੀ ਕੌਮੀ ਮੁਹਿੰਮ ਚਲਾਉਣ ਦੀ ਲੋੜ ਹੈ। ਇਸ ਸੰਦੇਸ਼ ਵਿੱਚ ਉਨ੍ਹਾਂ ਹਰੇਕ ਨੂੰ ਆਪਣੇ ਮੱਤਭੇਦ ਪਾਸੇ ਰੱਖ ਕੇ 'ਮੇਕ ਅਮਰੀਕਾ ਗਰੇਟ ਅਗੇਨ' (ਅਮਰੀਕਾ ਨੂੰ ਮੁੜ ਮਹਾਨ ਬਣਾਉਣ) ਦੇ ਸਾਂਝੇ ਸੰਕਲਪ ਲਈ ਇਕਜੁੱਟ ਹੋਣ ਲਈ ਕਿਹਾ। ਉਨ੍ਹਾਂ ਕਿਹਾ ਕਿ "ਇਸ ਧੰਨਵਾਦੀ ਸੰਦੇਸ਼ ਵਿੱਚ ਮੇਰੀ ਅਰਦਾਸ ਹੈ ਕਿ ਅਸੀਂ ਆਪਣੀਆਂ ਵੰਡੀਆਂ ਨੂੰ ਭਰਨਾ ਸ਼ੁਰੂ ਕਰੀਏ ਅਤੇ ਇਕ ਰਾਸ਼ਟਰ ਵਜੋਂ ਅੱਗੇ ਵਧੀਏ, ਜਿਸ ਨੂੰ ਸਾਰੇ ਲੋਕਾਂ ਦਾ ਸਾਂਝਾ ਮੰਤਵ ਅਤੇ ਸਾਂਝਾ ਸੰਕਲਪ ਮਜ਼ਬੂਤੀ ਦੇਵੇ।" ਸ੍ਰੀ ਟਰੰਪ ਨੇ ਕਿਹਾ ਕਿ ਹਾਲ ਹੀ ਵਿੱਚ ਲੰਮੀ ਅਤੇ ਥਕਾਉਣ ਵਾਲੀ ਪ੍ਰਚਾਰ ਮੁਹਿੰਮ ਮੁਕੰਮਲ ਹੋਈ ਹੈ। ਭਾਵਨਾਵਾਂ ਭੜਕੀਆਂ ਹੋਈਆਂ ਹਨ ਅਤੇ ਤਣਾਅ ਰਾਤੋਂ ਰਾਤ ਦੂਰ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਇਹ ਤੇਜ਼ੀ ਨਾਲ ਨਹੀਂ ਹੋਵੇਗਾ ਪਰ ਸਾਡੇ ਕੋਲ ਮੌਕਾ ਹੈ ਜਦੋਂ ਵਾਸ਼ਿੰਗਟਨ ਵਿੱਚ ਅਸਲ ਤਬਦੀਲੀ, ਸਾਡੇ ਸ਼ਹਿਰਾਂ ਦੀ ਅਸਲ ਸੁਰੱਖਿਆ ਅਤੇ ਸਾਡੇ ਭਾਈਚਾਰਿਆਂ ਦੀ ਅਸਲ ਖ਼ੁਸ਼ਹਾਲੀ ਰਾਹੀਂ ਅਸੀਂ ਮਿਲ ਕੇ ਇਤਿਹਾਸ ਸਿਰਜ ਸਕਦੇ ਹਾਂ। ਇਹ ਉਨ੍ਹਾਂ (ਟਰੰਪ) ਲਈ ਸਭ ਤੋਂ ਅਹਿਮ ਹੈ ਪਰ ਇਸ ਵਿੱਚ ਕਾਮਯਾਬੀ ਲਈ ਸਾਰੇ ਰਾਸ਼ਟਰ ਨੂੰ ਜ਼ਰੂਰ ਕੋਸ਼ਿਸ਼ ਕਰਨੀ ਪਵੇਗੀ। ਸ੍ਰੀ ਟਰੰਪ ਨੇ ਕਿਹਾ "ਮੈਂ ਤੁਹਾਨੂੰ ਇਸ ਕੋਸ਼ਿਸ਼ ਵਿੱਚ ਸ਼ਾਮਲ ਹੋਣ ਲਈ ਕਹਿੰਦਾ ਹਾਂ। ਇਹ ਸਮਾਂ ਨਾਗਰਿਕਾਂ ਵਿਚਾਲੇ ਭਰੋਸੇ ਦੇ ਰਿਸ਼ਤੇ ਦੀ ਬਹਾਲੀ ਦਾ ਹੈ ਕਿਉਂਕਿ ਜਦੋਂ ਅਮਰੀਕਾ ਇਕਜੁੱਟ ਹੋਵੇਗਾ ਤਾਂ ਕੋਈ ਵੀ ਚੀਜ਼ ਸਾਡੀ ਪਹੁੰਚ ਤੋਂ ਦੂਰ ਨਹੀਂ ਹੋਵੇਗੀ।"

# ਦਾਦੇ ਨੂੰ ਜਰਮਨੀ ਤੋਂ ਕੱਢੇ ਜਾਣ ਮਗਰੋਂ ਟਰੰਪ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਆਏ

ਬਰਲਿਨ : ਡੋਨਲਡ ਟਰੰਪ ਦੇ ਦਾਦੇ ਨੂੰ ਲਾਜ਼ਮੀ ਫੌਜੀ ਸੇਵਾ ਨਾ ਕਰਨ ਉਤੇ 1900ਵਿਆਂ ਦੇ ਸ਼ੁਰੂ ਵਿੱਚ ਜਰਮਨੀ ਵਿੱਚੋਂ ਬਾਹਰ ਕੱਢਿਆ ਗਿਆ ਸੀ। ਇਕ ਜਰਮਨ ਇਤਿਹਾਸਕਾਰ ਨੇ ਇਹ ਦਾਅਵਾ ਅਜਿਹੇ ਸਮੇਂ ਕੀਤਾ ਹੈ ਕਿ ਜਦੋਂ ਅਮਰੀਕੀ ਰਾਸ਼ਟਰਪਤੀ ਦੀ ਚੋਣ ਜਿੱਤੇ ਟਰੰਪ ਵੱਲੋਂ ਪਰਵਾਸ ਵਿਰੁੱਧ ਬਿਆਨ ਦਾਗ਼ੇ ਜਾ ਰਹੇ ਹਨ। ਇਤਿਹਾਸਕਾਰ ਰੋਲੈਂਡ ਪੌਲ ਦੇ ਹਵਾਲੇ ਨਾਲ ਸੀਐਨਐਨ ਨੇ ਕਿਹਾ ਕਿ ਸਥਾਨਕ ਕੌਂਸਲ ਨੇ ਫਰੈਡਰਿਕ ਟਰੰਪ, ਜੋ ਅਮਰੀਕੀ ਨਾਗਰਿਕ ਬਣ ਗਿਆ ਸੀ, ਨੂੰ 1905 ਵਿੱਚ ਚਿੱਠੀ ਲਿਖੀ ਸੀ ਕਿ ਉਸ ਨੂੰ ਮੁੜ ਜਰਮਨ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ ਅਤੇ ਅੱਠ ਹਫ਼ਤਿਆਂ ਵਿੱਚ ਦੇਸ਼ ਛੱਡਣ ਜਾਂ ਹਵਾਲਗੀ ਲਈ ਕਿਹਾ ਗਿਆ ਸੀ। ਸਮਝਿਆ ਜਾ ਰਿਹਾ ਹੈ ਕਿ ਇਹ ਨੋਟਿਸ ਉਦੋਂ ਜਾਰੀ ਕੀਤਾ ਗਿਆ, ਜਦੋਂ ਜਰਮਨ ਅਧਿਕਾਰੀਆਂ ਨੂੰ ਪਤਾ ਚੱਲਿਆ ਕਿ ਫਰੈਡਰਿਕ ਨੇ ਅਮਰੀਕਾ ਪਰਵਾਸ ਤੋਂ ਪਹਿਲਾਂ ਕਦੇ ਵੀ ਫੌਜ ਦੀ ਸੇਵਾ ਨਹੀਂ ਕੀਤੀ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਫਰੈਡਰਿਕ ਨੇ ਗੈਰ ਕਾਨੂੰਨੀ ਤੌਰ 'ਤੇ ਜਰਮਨੀ ਛੱਡਿਆ। ਉਸ ਨੇ ਆਪਣੇ ਪਰਵਾਸ ਦੀ ਯੋਜਨਾ ਬਾਰੇ ਅਧਿਕਾਰੀਆਂ ਨੂੰ ਨਹੀਂ ਦੱਸਿਆ। ਕਾਲਸਟੈਟ ਦੇ ਬਾਵਰੀਅਨ ਸ਼ਹਿਰ ਵਿੱਚ ਜਨਮੇ ਫਰੈਡਰਿਕ ਨੇ ਪਰਵਾਸੀ ਵਜੋਂ ਅਮਰੀਕਾ ਆਉਣ ਮਗਰੋਂ ਰੇਸਤਰਾਂ ਤੇ ਘਰ ਕਿਰਾਏ ਉਤੇ ਦੇ ਕੇ ਚੰਗੀ ਦੌਲਤ ਕਮਾਈ। ਇਸ ਖੁਲਾਸੇ ਬਾਰੇ ਸਵਾਲਾਂ ਦਾ ਡੋਨਲਡ ਟਰੰਪ ਦੇ ਧੜੇ ਨੇ ਫੌਰੀ ਕੋਈ ਜਵਾਬ ਨਹੀਂ ਦਿੱਤਾ। ਇਸ ਖੋਜ ਨੇ ਅਮਰੀਕਾ ਵਿੱਚ ਵਿਵਾਦ ਛੇੜ ਦਿੱਤਾ ਹੈ ਕਿ ਕਿਉਂਕਿ ਡੋਨਲਡ ਟਰੰਪ ਨੇ ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਗੈਰ ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਕਾਰਵਾਈ ਦਾ ਅਹਿਦ ਲਿਆ। ਪੌਲ ਨੇ ਕਿਹਾ ਕਿ ਟਰੰਪ ਗ਼ੈਰ ਕਾਨੂੰਨੀ ਪਰਵਾਸ ਵਿਰੁੱਧ ਗੱਲਾਂ ਕਰਦਾ ਹੈ ਪਰ ਉਸ ਨੂੰ ਆਪਣੇ ਪਰਿਵਾਰ ਦੀ ਕਹਾਣੀ ਚੇਤੇ ਰੱਖਣੀ ਚਾਹੀਦੀ ਹੈ।

# ਸਰਬੱਤ ਖ਼ਾਲਸਾ ਨਾ ਹੋਣ ਦਿੱਤਾ ਤਾਂ ਪੰਜਾਬ ਜਾਮ ਕਰ ਦਿਆਂਗੇ : ਮੁਤਵਾਜ਼ੀ ਜਥੇਦਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ ਅਤੇ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਇੱਥੇ ਪੰਥਕ ਧਿਰਾਂ ਦੀ ਮੀਟਿੰਗ ਦੌਰਾਨ ਐਲਾਨ ਕੀਤਾ ਕਿ ਜੇਕਰ ਬਾਦਲ ਸਰਕਾਰ ਨੇ ਮੁੜ 8 ਦਸੰਬਰ ਨੂੰ ਸਰਬੱਤ ਖ਼ਾਲਸਾ ਨਾ ਹੋਣ ਦਿੱਤਾ ਤਾਂ ਪੰਜਾਬ ਨੂੰ ਜਾਮ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 8 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਵਿੱਚ ਹੋ ਰਹੀ ਰੈਲੀ ਤਾਂ ਮੁਲਤਵੀ ਹੋ ਸਕਦੀ ਹੈ ਪਰ ਇਸੇ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਰਬੱਤ ਖ਼ਾਲਸਾ ਹੋ ਕੇ ਹੀ ਰਹੇਗਾ। ਭਾਈ ਮੰਡ ਅਤੇ ਬਾਬਾ ਦਾਦੂਵਾਲ ਨੇ ਇੱਥੇ ਯੂਨਾਈਟਿਡ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਖੰਡ ਅਕਾਲੀ ਦਲ ਅਤੇ ਹੋਰ ਪੰਥਕ ਧਿਰਾਂ ਦੀ ਮੀਟਿੰਗ ਕਰਕੇ 8 ਦਸੰਬਰ ਨੂੰ ਕੀਤੇ ਜਾ ਰਹੇ ਸਰਬੱਤ ਖ਼ਾਲਸਾ ਨੂੰ ਅੰਤਿਮ ਰੂਪ ਦਿੱਤਾ। ਭਾਈ ਮੰਡ ਅਤੇ ਬਾਬਾ ਦਾਦੂਵਾਲ ਨੇ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਦੀ ਮੌਜੂਦਗੀ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਦਲ ਸਰਕਾਰ ਸਰਬੱਤ ਖ਼ਾਲਸਾ ਨੂੰ ਗਲਤ ਰੰਗਤ ਦੇ ਕੇ ਜਬਰ-ਜ਼ੁਲਮ ਦੇ ਰਾਹ ਪਈ ਹੈ। ਉਨ੍ਹਾਂ ਪਹਿਲਾਂ 10 ਨਵੰਬਰ ਨੂੰ ਸੱਦੇ ਸਰਬੱਤ ਖ਼ਾਲਸਾ ਨੂੰ ਸਰਕਾਰ ਵੱਲੋਂ ਪ੍ਰਵਾਨਗੀ ਨਾ ਦੇਣ ਕਾਰਨ ਸੂਬੇ ਦੀ ਸ਼ਾਂਤੀ ਲਈ ਮੁਲਤਵੀ ਕਰ ਦਿੱਤਾ ਸੀ ਪਰ ਇਸ ਵਾਰ ਸਰਬੱਤ ਖ਼ਾਲਸਾ ਹਰ ਹਾਲਤ ਵਿੱਚ ਹੋ ਕੇ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਵਿੱਚ ਸਰਬੱਤ ਖ਼ਾਲਸਾ ਲਈ ਭਾਰੀ ਜੋਸ਼ ਅਤੇ ਸਰਕਾਰ ਪ੍ਰਤੀ ਰੋਹ ਹੈ। ਇਸ ਲਈ ਜੇਕਰ ਬਾਦਲ ਸਰਕਾਰ ਨੇ ਮੁੜ ਸਰਬੱਤ ਖ਼ਾਲਸਾ ਰੋਕਣ ਦਾ ਯਤਨ ਕੀਤਾ ਤਾਂ ਸਿੱਖ ਸੰਗਤ ਸਾਰੇ ਪੰਜਾਬ ਨੂੰ ਜਾਮ ਕਰ ਦੇਵੇਗੀ ਅਤੇ ਹਾਲਾਤ ਖ਼ਰਾਬ ਹੋਣ ਦੀ ਸੂਰਤ ਵਿੱਚ ਖ਼ੁਦ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਕਿਹਾ ਕਿ ਸਰਬੱਤ ਖ਼ਾਲਸਾ ਸੱਦਣ ਵਾਲਿਆਂ ਨੂੰ ਦੇਸ਼ ਧ੍ਰੋਹ ਦੇ ਕੇਸਾਂ ਵਿੱਚ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਜਦਕਿ ਸਵਾ ਸਾਲ ਦੌਰਾਨ 87 ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਅਤੇ ਇਸ ਮੁੱਦੇ 'ਤੇ ਸ਼ਹੀਦ ਹੋਏ ਦੋ ਸਿੱਖਾਂ ਦੇ ਦੋਸ਼ੀਆਂ ਨੂੰ ਫੜਿਆ ਨਹੀਂ ਜਾ ਰਿਹਾ। ਸਰਕਾਰ ਕਮਿਸ਼ਨਾਂ ਦੀਆਂ ਰਿਪੋਰਟਾਂ ਆਉਣ ਦੇ ਬਾਵਜੂਦ ਇਹ ਪਤਾ ਲਾਉਣ ਤੋਂ ਫੇਲ੍ਹ ਰਹੀ ਹੈ ਕਿ ਕਿਹੜੀਆਂ ਤਾਕਤਾਂ ਸਿੱਖ ਕੌਮ ਦੇ ਹਿਰਦਿਆਂ ਨੂੰ ਠੇਸ ਪਹੁੰਚਾ ਰਹੀਆਂ ਹਨ। ਉਹ ਸਿੱਖ ਧਰਮ ਦੇ ਤਖ਼ਤਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਨੂੰ ਆਜ਼ਾਦ ਕਰਵਾਉਣ ਅਤੇ ਪੰਥਕ ਏਕਤਾ ਲਈ ਸਰਬੱਤ ਖ਼ਾਲਸਾ ਸੱਦ ਰਹੇ ਹਨ। ਉਨ੍ਹਾਂ ਸਪਸ਼ਟ ਸੰਕੇਤ ਦਿੱਤਾ ਕਿ 8 ਦਸੰਬਰ ਦੇ ਸਰਬੱਤ ਖ਼ਾਲਸਾ ਦੌਰਾਨ ਉਹ ਸਿੱਖ ਕੌਮ ਨੂੰ ਸਿਆਸੀ ਤੌਰ 'ਤੇ ਵੀ ਕੋਈ ਸੰਦੇਸ਼ ਦੇਣਗੇ।



ਚੰਡੀਗੜ੍ਹ ਵਿੱਚ ਬੈਠਕ ਕਰਦੇ ਹੋਏ ਪੰਥਕ ਆਗੂ

## ਸ਼੍ਰੋਮਣੀ ਕਮੇਟੀ ਦੇ ਸਕੂਲਾਂ-ਕਾਲਜਾਂ ਵਿਚ ਅੰਮ੍ਰਿਤਧਾਰੀ ਬੱਚਿਆਂ ਲਈ ਸਿੱਖਿਆ ਹੋਵੇਗੀ ਮੁਫ਼ਤ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿੱਚ ਅੰਤ੍ਰਿੰਗ ਕਮੇਟੀ ਦੀ ਹੋਈ ਬੈਠਕ ਵਿੱਚ ਕਮੇਟੀ ਦੇ ਪ੍ਰਬੰਧਾਂ ਅਧੀਨ ਆਉਂਦੇ ਸਾਰੇ ਸਕੂਲਾਂ ਤੇ ਕਾਲਜਾਂ ਵਿੱਚ ਪੜ੍ਹਨ ਵਾਲੇ ਅੰਮ੍ਰਿਤਧਾਰੀ ਬੱਚਿਆਂ ਦੀਆਂ ਟਿਊਸ਼ਨ ਫੀਸਾਂ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਹੈ।



ਇਕੱਤਰਤਾ ਦੀ ਸ਼ੁਰੂਆਤ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਗੁਰਮਤਿ ਫਲਸਫੇ ਅਨੁਸਾਰ ਕਾਰਜ ਨੇਪਰੇ ਚੜ੍ਹਨ ਦੀ ਅਰਦਾਸ ਕੀਤੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਸਮੁੱਚੀ ਅੰਤ੍ਰਿੰਗ ਕਮੇਟੀ ਮੈਂਬਰਾਂ ਵੱਲੋਂ 13 ਮਤਿਆਂ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਹੈ। ਮਤਿਆਂ ਬਾਰੇ ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਸਿੱਖੀ ਨੂੰ ਪ੍ਰਫੁੱਲਤ ਕਰਨ ਤੇ ਉਨ੍ਹਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ 31 ਮੈਂਬਰੀ ਸਲਾਹਕਾਰ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਵਿਦੇਸ਼ਾਂ ਵਿੱਚੋਂ ਸਿੱਖ ਸਖ਼ਸ਼ੀਅਤਾਂ ਨੂੰ ਸ਼ਾਮਲ ਕੀਤਾ ਜਾਵੇਗਾ। ਪੂਰੇ ਭਾਰਤ ਵਿੱਚ ਸਿੱਖੀ ਨੂੰ ਪ੍ਰਫੁੱਲਤ ਕਰਨ ਅਤੇ ਦੂਜੇ ਸੂਬਿਆਂ ਵਿੱਚ ਸਿੱਖ ਮਸਲਿਆਂ ਨੂੰ ਨਜਿੱਠਣ ਲਈ ਦੇਸ਼ ਭਰ ਦੇ ਹਰੇਕ ਰਾਜ ਵਿੱਚੋਂ ਇੱਕ-ਇੱਕ ਨੁਮਾਇੰਦਾ ਸ਼ਾਮਲ ਕਰਕੇ 31 ਮੈਂਬਰੀ ਸਲਾਹਕਾਰ ਕੌਂਸਲ ਵੀ ਕਾਇਮ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਕੈਨੇਡਾ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ ਸਬੰਧੀ ਸਬ-ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਬਲਦੇਵ ਸਿੰਘ ਕਿਆਮਪੁਰ, ਅਮਰਜੀਤ ਸਿੰਘ ਚਾਵਲਾ, ਹਰਚਰਨ ਸਿੰਘ ਤੇ ਭਾਈ ਰਾਮ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਅੰਤ੍ਰਿੰਗ ਕਮੇਟੀ ਮੈਂਬਰਾਂ ਨੇ ਇਹ ਮਤਾ ਵੀ ਪਾਸ ਕੀਤਾ ਕਿ ਜਿਸ ਦਿਨ ਭਾਈ ਜੈਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਆਏ ਸਨ, ਉਸ ਦਿਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਮਨਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਗਿਆਨੀ ਤਰਲੋਚਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਰਾਜ ਵਿਖੇ ਲੋਹਗੜ੍ਹ, ਜਿਥੇ ਬੈਠ ਕੇ ਕੌਮ ਦੇ ਪਹਿਲੇ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦਾ ਸਿੱਕਾ ਜਾਰੀ ਕੀਤਾ, ਵਿੱਚ ਵਿਲੱਖਣ ਯਾਦਗਾਰ ਕਾਇਮ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਦਾ ਮਾਰਗ ਦਰਸ਼ਨ ਕਰਨ ਲਈ ਬਣਾਏ ਗਏ ਸੂਚਨਾ ਕੇਂਦਰ ਨੂੰ ਹੋਰ ਚੁਸਤ ਦਰੁਸਤ ਕਰਨ ਲਈ ਕਾਬਲ ਵਿਅਕਤੀਆਂ ਦੀ ਯੋਗਤਾ ਅਨੁਸਾਰ ਚੋਣ ਕੀਤੀ ਜਾਵੇਗੀ। ਬਾਹਰਲੇ ਦੇਸ਼ਾਂ ਤੋਂ ਆਉਂਦੀਆਂ ਸੰਗਤਾਂ ਲਈ ਅਜਿਹੇ ਵਿਅਕਤੀਆਂ ਦੀ ਭਾਲ ਕੀਤੀ ਜਾਵੇਗੀ ਜੋ ਬਹੁ-ਭਾਸ਼ਾਈ ਹੋਣ ਤੇ ਜਿਨ੍ਹਾਂ ਨੂੰ ਸਿੱਖ ਇਤਿਹਾਸ ਦਾ ਪੂਰਾ ਗਿਆਨ ਹੋਵੇ।

## ਤਿਹਾੜ ਜੇਲ੍ਹ ਵਿਚ ਇਕੱਲਤਾ ਮਹਿਸੂਸ ਕਰ ਰਹੇ ਹਨ ਭਾਈ ਜਗਤਾਰ ਸਿੰਘ ਹਵਾਰਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਅਤੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਤਿਹਾੜ ਜੇਲ੍ਹ ਵਿੱਚ ਆਪਣੇ-ਆਪ ਨੂੰ ਅਲੱਗ-ਥਲੱਗ ਮਹਿਸੂਸ ਕਰਨ ਲੱਗ ਪਏ ਹਨ। ਜੇਲ੍ਹ ਦੇ ਦੂਜੇ ਕੈਦੀ ਉਨ੍ਹਾਂ ਨਾਲ ਦੁਆ ਸਲਾਮ ਕਰਨ ਤੋਂ ਟਾਲਾ ਵੱਟਣ ਲੱਗੇ ਹਨ। ਭਾਈ ਹਵਾਰਾ ਦਾ ਦੋਸ਼ ਹੈ ਕਿ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨਾਲ ਪੱਖਪਾਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇੱਥੋਂ ਤੱਕ ਕਿ ਉਨ੍ਹਾਂ ਵੱਲੋਂ ਇਲਾਜ ਕਰਾਉਣ ਲਈ ਦਿੱਤੀਆਂ ਜਾ ਰਹੀਆਂ ਅਰਜ਼ੀਆਂ 'ਤੇ ਵੀ ਗੌਰ ਨਹੀਂ ਕੀਤਾ ਜਾ ਰਿਹਾ ਹੈ। ਭਾਈ ਹਵਾਰਾ ਨੇ ਇਹ ਗੱਲ ਉਨ੍ਹਾਂ ਨਾਲ ਮੁਲਾਕਾਤ ਕਰਨ ਗਏ ਗਰਮਖ਼ਿਆਲੀ ਨੇਤਾ ਪ੍ਰੋ. ਐਮ. ਪੀ. ਸਿੰਘ ਨਾਲ ਸਾਂਝੀ ਕੀਤੀ ਹੈ। ਮੁਲਾਕਾਤ ਵੇਲੇ ਸ੍ਰੀ ਅਕਾਲ ਤਖ਼ਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਅਤੇ ਹਰਮਿੰਦਰ ਸਿੰਘ ਦਿੱਲੀ ਵੀ ਹਾਜ਼ਰ ਸਨ।

ਮੁਲਾਕਾਤ ਕਰਨ ਤੋਂ ਬਾਅਦ ਪ੍ਰੋ. ਐਮ.ਪੀ. ਸਿੰਘ ਨੇ ਦੱਸਿਆ ਕਿ ਭਾਈ ਹਵਾਰਾ ਭਾਵੇਂ ਚੜ੍ਹਦੀ ਕਲਾ ਵਿੱਚ ਹਨ ਪਰ ਉਹ ਅੰਦਰੋਂ ਜੇਲ੍ਹ ਪ੍ਰਸ਼ਾਸਨ ਦੇ ਰਵੱਈਏ ਤੋਂ



ਖ਼ਫ਼ਾ ਹਨ। ਜੇਲ੍ਹ ਵਿੱਚ ਉਨ੍ਹਾਂ ਨਾਲੋਂ ਦੂਜੇ ਕੈਦੀਆਂ ਨੂੰ ਤੋੜਿਆ ਜਾ ਰਿਹਾ ਹੈ। ਵਧੇਰੇ ਕੈਦੀਆਂ ਨੇ ਤਾਂ ਉਨ੍ਹਾਂ ਨਾਲ ਬੋਲਚਾਲ ਵੀ ਬੰਦ ਕਰ ਦਿੱਤੀ ਹੈ। ਉਨ੍ਹਾਂ ਨੇ ਮੁਲਾਕਾਤੀਆਂ ਕੋਲ ਗਿਲਾ ਕੀਤਾ ਹੈ ਕਿ ਜੇਲ੍ਹ ਪ੍ਰਸ਼ਾਸਨ ਨੇ ਇਸ ਸਾਲ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਦੀ ਤਰੀਕ ਵੀ ਜਾਣਬੁੱਝ ਕੇ ਵੀ ਵਾਰ-ਵਾਰ ਅੱਗੇ ਪਾ ਦਿੱਤੀ, ਜਿਸ ਕਾਰਨ ਉਹ ਗੁਰਪੁਰਬ ਨਹੀਂ ਮਨਾ ਸਕਿਆ।

ਮੁਲਾਕਾਤੀ ਪ੍ਰੋ. ਐਮ.ਪੀ. ਸਿੰਘ ਨੇ ਦੱਸਿਆ ਕਿ ਭਾਈ ਹਵਾਰਾ ਪਿੱਠ ਦੀ ਤਕਲੀਫ਼ ਕਰਕੇ ਮੁਲਾਕਾਤ ਵੇਲੇ ਖੜ੍ਹਨਾ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਦਾ ਇਲਾਜ ਕਰਨ ਵਾਲੇ ਡਾਕਟਰ ਨੇ ਫਿਜ਼ੀਓਥੈਰੇਪੀ ਦੀ ਸਲਾਹ ਦਿੱਤੀ ਸੀ। ਉਨ੍ਹਾਂ ਦੀਆਂ ਲੱਤਾਂ ਅਤੇ ਬਾਹਾਂ ਸੌਣ ਲੱਗ ਪਈਆਂ ਹਨ। ਭਾਈ ਹਵਾਰਾ ਨੇ ਦੱਸਿਆ ਕਿ ਉਹ ਜੇਲ੍ਹ ਅਧਿਕਾਰੀਆਂ ਨੂੰ ਇਲਾਜ ਲਈ ਦੋ ਵਾਰ ਅਰਜ਼ੀ ਦੇ ਚੁੱਕਿਆ ਹੈ ਪਰ ਦਰਦ ਨਿਵਾਰਣ ਦਵਾਈ ਦੇ ਕੇ ਸਮਾਂ ਲੰਘਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਦੀ ਅਦਾਲਤ ਨੇ ਇੱਕ ਹੁਕਮ ਰਾਹੀਂ ਜੇਲ੍ਹ ਅਧਿਕਾਰੀਆਂ ਨੂੰ ਉਸ ਨੂੰ ਸੌਣ ਲਈ ਗੱਦੇ ਅਤੇ ਬੈਠਣ ਲਈ ਕੁਰਸੀ ਮੁਹੱਈਆ ਕਰਾਉਣ ਲਈ ਕਿਹਾ ਸੀ ਪਰ ਉਹ ਸੀਮਿੰਟ ਦੇ ਥੜ੍ਹੇ 'ਤੇ ਦਰੀ ਵਿਛਾ ਕੇ ਰਾਤ ਨੂੰ ਸੌਂਦਾ ਹੈ।

ਪ੍ਰੋ. ਸਿੰਘ ਨੇ ਦੱਸਿਆ ਕਿ ਮੁਲਾਕਾਤ ਦੌਰਾਨ ਅੱਠ ਦਸੰਬਰ ਦੇ ਸਰਬੱਤ ਖ਼ਾਲਸਾ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ ਹੈ। ਅਗਲੀ ਮੁਲਾਕਾਤ ਵੇਲੇ ਭਾਈ ਹਵਾਰਾ ਨਾਲ ਸਰਬੱਤ ਖ਼ਾਲਸਾ ਵਿਚ ਪੜ੍ਹੇ ਜਾਣ ਵਾਲੇ ਮਤੇ ਫਾਈਨਲ ਕੀਤੇ ਜਾਣਗੇ।

## ਬਿਹਾਰ ਵਿਚ ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਖਸਤਾ

**ਪਟਿਆਲਾ/ਬਿਊਰੋ ਨਿਊਜ਼ :** ਬਿਹਾਰ ਵਿੱਚ ਪਟਨਾ ਦੇ ਨੇੜੇ-ਤੇੜੇ ਬਣੇ ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਬਹੁਤ ਖ਼ਸਤਾ ਹੈ। ਭਾਰਤ ਤੋਂ ਬਾਹਰ ਦੇ ਇਤਿਹਾਸਕ ਗੁਰਦੁਆਰਿਆਂ ਦੀ ਮਾੜੀ ਹਾਲਤ ਬਾਰੇ ਸਿੱਖ ਵਿਦਵਾਨਾਂ ਵੱਲੋਂ ਬੜਾ ਦੁੱਖ ਪ੍ਰਗਟ ਕੀਤਾ ਜਾਂਦਾ ਹੈ ਪ੍ਰੰਤੂ ਭਾਰਤ ਵਿੱਚ ਹੀ 1984 ਤੋਂ ਬਾਅਦ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਕਾਫ਼ੀ ਖਸਤਾ ਹੈ। ਇਹ ਜਾਣਕਾਰੀ ਪੰਜਾਬੀ ਯੂਨੀਵਰਸਿਟੀ ਦੇ ਸਿੱਖ ਇਨਸਾਈਕਲੋਪੀਡੀਆ ਵਿਭਾਗ ਦੇ ਮੁਖੀ ਡਾ. ਪਰਮਵੀਰ ਸਿੰਘ ਨੇ ਸਾਂਝੀ ਕੀਤੀ। ਉਨ੍ਹਾਂ ਵੱਲੋਂ ਇਨ੍ਹਾਂ ਗੁਰਦੁਆਰਿਆਂ ਦੀ ਹਾਲਤ ਨਿੱਜੀ ਤੌਰ 'ਤੇ ਵੇਖ ਕੇ ਪ੍ਰਾਜੈਕਟ ਕਿਤਾਬੀ ਰੂਪ ਵਿਚ ਤਿਆਰ ਕੀਤਾ ਜਾ ਰਿਹਾ ਹੈ। ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਦਾ ਵਰਨਣ ਸਬੂਤਾਂ ਸਮੇਤ ਕਰਦਿਆਂ ਡਾ. ਪਰਮਵੀਰ ਸਿੰਘ ਨੇ ਦੱਸਿਆ ਕਿ ਪਟਨਾ ਸਾਹਿਬ ਤੋਂ 70 ਕਿਲੋਮੀਟਰ ਦੂਰ ਪਿੰਡ ਬਾੜ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਇਤਿਹਾਸਕ ਗੁਰਦੁਆਰੇ ਹਨ। ਇੱਥੇ



ਪਿੰਡ ਬਾੜ ਦੇ ਇਤਿਹਾਸਕ ਗੁਰਦੁਆਰੇ ਵਿੱਚ ਸੇਵਾ ਕਰਦੀ ਬੀਬੀ ਕੁਲਵੰਤ ਕੌਰ ਡਾ. ਪਰਮਵੀਰ ਸਿੰਘ ਨਾਲ ਗੁਰਦੁਆਰੇ ਦੀ ਮਾੜੀ ਹਾਲਤ ਬਾਰੇ ਗੱਲ ਕਰਦੀ ਹੋਈ।

ਗੁਰੂ ਸਾਹਿਬ ਬਨਾਰਸ ਤੋਂ ਹੁੰਦੇ ਹੋਏ ਆਏ ਸਨ, ਉਸ ਸਥਾਨ 'ਤੇ ਚਾਚਾ ਫੱਗੂ ਮੱਲ ਗੁਰਦੁਆਰਾ, ਗੁਰਦੁਆਰਾ ਟਕਸਾਲ ਸੰਗਤ, ਗੁਰਦੁਆਰਾ ਗੁਰੂ ਕਾ ਬਾਗ਼ ਮੌਜੂਦ ਹਨ। ਗੁਰਦੁਆਰਾ ਗੁਰੂ ਕਾ ਬਾਗ਼ ਦੇ ਨਾਮ 'ਤੇ 52 ਵਿੱਘੇ ਜ਼ਮੀਨ ਹੈ, ਜਿਸ 'ਤੇ ਨਾਜਾਇਜ਼ ਕਬਜ਼ੇ ਹਨ ਤੇ ਅਦਾਲਤਾਂ ਵਿੱਚ ਕੇਸ ਚੱਲ ਰਹੇ ਹਨ। ਇੱਥੇ ਗ੍ਰੰਥੀ ਸਿੰਘ ਸੇਵਾ ਕਰਦਾ ਸੀ ਪਰ ਉਸ ਦੀ ਮੌਤ ਤੋਂ ਬਾਅਦ ਉਸ ਦੀ ਪਤਨੀ ਕੁਲਵੰਤ ਕੌਰ ਸੇਵਾ ਕਰਦੀ ਹੈ, ਜਿਸ ਨੂੰ ਪਹਿਲਾਂ ਪਟਨਾ ਸਾਹਿਬ ਕਮੇਟੀ ਵੱਲੋਂ 3000 ਰੁਪਏ ਮਹੀਨਾ ਮਿਲਦੇ ਸਨ ਪਰ ਹੁਣ ਘਟਾ ਕੇ 1000 ਰੁਪਏ ਮਹੀਨਾ ਕਰ ਦਿੱਤੇ ਗਏ ਹਨ। ਬੀਬੀ ਗੁਰਬਤ ਵਿੱਚ ਦਿਨ ਕੱਟ ਰਹੀ ਹੈ। ਇਸੇ ਤਰ੍ਹਾਂ ਗਯਾ ਵਿੱਚ ਫਲਗੂ ਨਦੀ ਦੇ ਕੰਢੇ 'ਤੇ ਗੁਰਦੁਆਰਾ ਸਥਿਤ ਹੈ। ਇੱਥੇ ਪੁਰਾਤਨ ਬੀੜ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਮੋਹਰ ਪਈ ਹੈ। ਪਟਨਾ ਸਾਹਿਬ ਤੋਂ 110 ਕਿਲੋਮੀਟਰ ਦੂਰਾ ਗੁਰੂ ਨਾਨਕ ਸ਼ੀਤਲ ਕੁੰਡ ਗੁਰਦੁਆਰਾ ਹੈ। ਇੱਥੇ ਇੱਕ ਸੇਵਾਮੁਕਤ ਫ਼ੌਜੀ ਸੇਵਾ ਕਰ ਰਿਹਾ ਹੈ। ਪਟਨਾ ਸਾਹਿਬ ਤੋਂ 180 ਕਿਲੋਮੀਟਰ ਦੂਰ ਮੁੰਗੇਰ ਪਿੰਡ ਵਿੱਚ ਗੁਰਦੁਆਰਾ ਪੱਕੀ ਸੰਗਤ ਬਣਿਆ ਹੋਇਆ ਹੈ, ਜਿੱਥੇ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ਼ ਬਹਾਦਰ ਜੀ ਆਏ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਉਦਾਸੀ ਮਹੰਤਾਂ ਕੋਲ ਹੈ।

1984 ਵਿੱਚ ਇੱਥੋਂ ਸਿੱਖ ਚਲੇ ਗਏ ਸਨ, ਹੁਣ ਸਿੱਖਾਂ ਦੀ ਅਬਾਦੀ ਬਹੁਤ ਘੱਟ ਹੈ। ਗੁਰੂ ਘਰ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਹਨ, ਜਿਸ ਦਾ ਕੇਸ ਅਦਾਲਤ ਵਿੱਚ ਚੱਲ ਰਿਹਾ ਹੈ। ਡਾ. ਪਰਮਵੀਰ ਨੇ ਦੱਸਿਆ ਕਿ ਇਨ੍ਹਾਂ ਗੁਰੂ ਘਰਾਂ ਦੀ ਹਾਲਤ ਬਹੁਤ ਖਸਤਾ ਹੈ, ਜਿੱਥੇ ਗੁਰੂ ਨਾਨਕ ਦੇਵ ਤੇ ਗੁਰੂ ਤੇਗ ਬਹਾਦਰ ਹੋਰਾਂ ਦੀਆਂ ਨਿਸ਼ਾਨੀਆਂ ਹਨ।

## ਸੁਰਜੀਤ ਸਿੰਘ ਬਣੇ ਨਨਕਾਣਾ ਸਾਹਿਬ ਤੋਂ ਕੌਂਸਲਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਤੋਂ ਸੁਰਜੀਤ ਸਿੰਘ ਕੰਵਲ ਨੂੰ ਬਿਨਾਂ ਮੁਕਾਬਲਾ ਕੌਂਸਲਰ ਨਿਯੁਕਤ ਕੀਤਾ ਗਿਆ ਹੈ। ਸਿੱਖ ਕੌਂਸਲ ਆਫ਼ ਪਾਕਿਸਤਾਨ ਦੇ ਜਨਰਲ ਸਕੱਤਰ ਸ੍ਰੀ ਕੰਵਲ ਦੀ ਇਹ ਨਿਯੁਕਤੀ ਪਾਕਿ ਪੰਜਾਬ ਦੀ ਸੱਤਾਧਾਰੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ ਵੱਲੋਂ ਕੀਤੀ ਗਈ ਹੈ। ਦਹਿਸ਼ਤਗਰਦ ਹਾਫ਼ਿਜ਼ ਸਈਦ ਦੇ ਨਜ਼ਦੀਕੀ ਸਮਝੇ ਜਾਂਦੇ ਗੋਪਾਲ ਸਿੰਘ ਚਾਵਲਾ ਨੂੰ ਤਹਿਰੀਕ-ਏ-ਇਨਸਾਫ਼ ਪਾਰਟੀ ਵੱਲੋਂ ਕੌਂਸਲਰ ਨਿਯੁਕਤ ਕੀਤਾ ਗਿਆ ਹੈ ਸ੍ਰੀ ਕੰਵਲ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਹੋਰਨਾਂ ਸ਼ਹਿਰਾਂ ਵਾਂਗ ਜ਼ਿਲ੍ਹਾ ਨਨਕਾਣਾ ਸਾਹਿਬ ਵਿੱਚ ਰਹਿ ਰਹੇ ਘੱਟ ਗਿਣਤੀ ਸਿੱਖਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਇਸ ਵੇਲੇ ਸ੍ਰੀ ਨਨਕਾਣਾ ਸਾਹਿਬ ਵਿੱਚ 300 ਤੋਂ ਵਧੇਰੇ ਸਿੱਖ ਪਰਿਵਾਰ ਪੱਕੇ ਤੌਰ 'ਤੇ ਰਹਿ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤੇ ਖ਼ੈਬਰ ਦੇ ਕਬਾਇਲੀ ਇਲਾਕਿਆਂ ਵਿੱਚ ਹਾਲਾਤ ਖ਼ਰਾਬ ਹੋਣ ਤੋਂ ਬਾਅਦ ਇੱਥੇ ਪੁੱਜੇ ਹਨ। ਸ੍ਰੀ ਕੰਵਲ ਨੇ ਭਰੋਸਾ ਦਿੱਤਾ ਕਿ ਉਹ ਪਾਕਿ ਦੇ ਸਿੱਖ ਨੌਜਵਾਨਾਂ ਨੂੰ ਨਸ਼ੇ ਅਤੇ ਹੋਰ ਬੁਰਾਈਆਂ ਵਿਚੋਂ ਕੱਢਣ ਲਈ ਜ਼ਿਲ੍ਹੇ ਵਿੱਚ ਧਾਰਮਿਕ ਸਕੂਲਾਂ ਸਮੇਤ ਖੇਡ ਮੈਦਾਨ ਬਣਵਾਉਣ ਲਈ ਸਰਕਾਰ ਕੋਲ ਸਿਫ਼ਾਰਸ਼ ਕਰਨਗੇ।

# ਨੋਟਬੰਦੀ ਸੋਚੀ ਸਮਝੀ ਸਰਕਾਰੀ ਲੁੱਟ : ਡਾ. ਮਨਮੋਹਨ ਸਿੰਘ

## ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ ਦਾ ਤਰਕ: 2% ਤੱਕ ਡਿੱਗੇਗੀ ਜੀ.ਡੀ.ਪੀ.

**ਨਵੀਂ ਦਿੱਲੀ/ਬਿਊਰੋ ਨਿਊਜ਼ :** ਨੋਟਬੰਦੀ 'ਤੇ ਸਰਕਾਰ ਨੂੰ ਘੇਰ ਰਹੀ ਵਿਰੋਧੀ ਧਿਰ ਦੇ ਤਰਕਾਂ ਨੂੰ ਉਸਲ ਵੇਲੇ ਹੋਰ ਮਜ਼ਬੂਤੀ ਮਿਲੀ ਜਦੋਂ ਸਾਬਕਾ ਪ੍ਰਧਾਨ ਮੰਤਰੀ ਅਤੇ ਉੱਘੇ ਅਰਥਸ਼ਾਸਤਰੀ ਮਨਮੋਹਨ ਸਿੰਘ ਨੇ ਨੋਟਬੰਦੀ ਦੇ ਫ਼ੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਰਾਜ ਸਭਾ ਵਿਚ ਬਹਿਸ ਦੌਰਾਨ ਕਿਹਾ ਕਿ ਇਹ ਸੋਚੀ ਸਮਝੀ ਅਤੇ ਕਾਨੂੰਨੀ ਲੁੱਟ ਦਾ ਮਾਮਲਾ ਹੈ ਅਤੇ ਪ੍ਰਬੰਧਨ ਦੀ ਵਿਰਾਟ ਨਾਕਾਮੀ ਹੈ। ਡਾ. ਮਨਮੋਹਨ ਸਿੰਘ ਨੇ ਮੋਦੀ ਸਰਕਾਰ ਦੇ ਬਖੀਏ ਉਧੇੜਦਿਆਂ ਕਿਹਾ ਕਿ ਨੋਟਬੰਦੀ ਦਾ ਅਸਰ ਅਰਥਚਾਰੇ 'ਤੇ ਪਏਗਾ ਅਤੇ ਕੁਲ ਘਰੇਲੂ ਉਤਪਾਦ (ਜੀਡੀਪੀ) ਦਰ ਵਿਚ ਘੱਟੋ ਘੱਟ 2 ਫ਼ੀਸਦੀ ਤਕ ਗਿਰਾਵਟ ਦਰਜ ਕੀਤੀ ਜਾ ਸਕਦੀ ਹੈ। ਸੰਸਦ ਵਿਚ ਸਰਕਾਰ ਅਤੇ ਵਿਰੋਧੀ ਧਿਰ ਵਿਚਕਾਰ ਬਣਿਆ ਅੜਿੱਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੁਝ ਸਮੇਂ ਲਈ ਰਾਜ ਸਭਾ ਵਿਚ ਆਉਣ 'ਤੇ ਟੁੱਟ ਗਿਆ। ਦੁਪਹਿਰ ਦੇ ਖਾਣੇ ਤੋਂ ਬਾਅਦ ਜਦੋਂ ਰਾਜ ਸਭਾ ਮੁੜ ਜੁੜੀ ਤਾਂ ਸਦਨ ਵਿਚ ਸ੍ਰੀ ਮੋਦੀ ਦੇ ਹਾਜ਼ਰ ਨਾ ਰਹਿਣ ਕਾਰਨ ਫਿਰ ਰੌਲਾ ਰੱਪਾ ਪੈਣਾ ਸ਼ੁਰੂ ਹੋ ਗਿਆ ਅਤੇ ਕਾਰਵਾਈ ਨੂੰ ਦਿਨ ਭਰ ਲਈ ਉਠਾ ਦਿੱਤਾ ਗਿਆ। ਪੰਜ ਦਿਨਾਂ ਦੇ ਟਕਰਾਅ ਤੋਂ ਬਾਅਦ ਵਿਰੋਧੀ ਅਤੇ ਹੁਕਮਰਾਨ ਧਿਰ ਵਿਚ ਕੁਝ ਸੁਲ੍ਹਾ ਸਫ਼ਾਈ ਮਗਰੋਂ ਪ੍ਰਧਾਨ ਮੰਤਰੀ ਦੀ ਹਾਜ਼ਰੀ ਨਾਲ ਉਪਰਲੇ ਸਦਨ ਦੀ ਕਾਰਵਾਈ ਸ਼ੁਰੂ ਹੋਈ ਅਤੇ ਪ੍ਰਸ਼ਨਕਾਲ ਦੀ ਥਾਂ 'ਤੇ ਸਿੱਧੇ ਬਹਿਸ ਸ਼ੁਰੂ ਕਰਾਉਣ ਨੂੰ ਤਰਜੀਹ ਦਿੱਤੀ। ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਹੇ ਮਨਮੋਹਨ ਸਿੰਘ ਜਦੋਂ ਭਾਸ਼ਨ ਦੇ ਰਹੇ ਸਨ ਤਾਂ ਉਨ੍ਹਾਂ ਨੂੰ ਪੂਰੇ ਸਦਨ ਨੇ ਧਿਆਨ ਨਾਲ ਸੁਣਿਆ ਅਤੇ ਸਖ਼ਤ ਟਿੱਪਣੀਆਂ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਮੇਜ਼ ਥਪਥਪਾਈ। ਉਨ੍ਹਾਂ ਕਿਹਾ ਕਿ ਪ੍ਰਧਾਨ



**ਰਾਜ ਸਭਾ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਧਿਆਨ ਪੂਰਬਕ ਸੁਣਦੇ ਹੋਏ ਮੋਦੀ ਅਤੇ ਅਰੁਣ ਜੇਤਲੀ।**

ਮੰਤਰੀ ਵੱਲੋਂ 500 ਅਤੇ 1000 ਰੁਪਏ ਦੇ ਨੋਟ ਬੰਦ ਕਰਨ ਦੀ ਯੋਜਨਾ ਦੇ ਉਦੇਸ਼ ਨਾਲ ਤਾਂ ਉਹ ਸਹਿਮਤ ਹਨ ਪਰ ਇਸ ਕਦਮ ਨਾਲ ਆਮ ਲੋਕਾਂ ਅਤੇ ਗ਼ਰੀਬਾਂ ਨੂੰ ਪਈ ਮਾਰ ਨੂੰ ਉਜਾਗਰ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ, "ਮੇਰਾ ਇਰਾਦਾ ਇਧਰ-ਉਧਰ ਦੀਆਂ ਖਾਮੀਆਂ ਲੱਭਣ ਦਾ ਨਹੀਂ ਹੈ ਪਰ ਮੈਂ ਆਸ ਕਰਦਾ ਹਾਂ ਕਿ ਪ੍ਰਧਾਨ ਮੰਤਰੀ ਬਿਨਾਂ ਸਮਾਂ ਗੁਆਇਆਂ ਵਿਹਾਰਕ ਰਾਹ ਲੱਭ ਕੇ ਲੋਕਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣਗੇ।"

ਜਦੋਂ ਘੰਟੇ ਮਗਰੋਂ ਦੁਪਹਿਰ ਦੋ ਵਜੇ ਸਦਨ ਮੁੜ ਜੁੜਿਆ ਤਾਂ ਪ੍ਰਧਾਨ ਮੰਤਰੀ ਹਾਜ਼ਰ ਨਹੀਂ ਹੋਏ। ਇਸ 'ਤੇ ਵਿਰੋਧੀ ਪਾਰਟੀਆਂ ਨੇ ਉਨ੍ਹਾਂ ਦੀ ਹਾਜ਼ਰੀ ਯਕੀਨੀ ਬਣਾਉਣ ਦੀ ਮੰਗ ਕਰਦਿਆਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਪ ਸਭਾਪਤੀ ਪੀ.ਜੇ. ਕੁਰੀਅਨ ਨੇ ਕਿਹਾ ਕਿ ਬਹਿਸ ਅੱਗੇ ਵਧਾਉਣੀ ਚਾਹੀਦੀ ਹੈ ਕਿਉਂਕਿ ਸਦਨ ਦੇ ਆਗੂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਜ਼ਰੂਰ ਆਉਣਗੇ। ਵਿਰੋਧੀ ਧਿਰ ਦੇ ਮੈਂਬਰ ਸਦਨ ਦੇ ਵਿਚਕਾਰ ਆ ਗਏ ਅਤੇ 'ਕਾਲਾ ਧਨ ਵਾਪਸ ਲਿਆਉ, ਝੂਠੇ ਵਾਅਦੇ ਕਰਨੇ ਬੰਦ ਕਰੋ' ਜਿਹੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਉਧਰ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਕੋਈ ਕੰਮਕਾਰ ਨਹੀਂ ਹੋ ਸਕਿਆ। ਨੋਟਬੰਦੀ ਦੇ ਮੁੱਦੇ 'ਤੇ ਕੰਮ ਰੋਕੂ ਮਤੇ ਤਹਿਤ ਬਹਿਸ ਕਰਾਉਣ ਨੂੰ ਲੈ ਕੇ ਵਿਰੋਧੀ ਧਿਰ ਨੇ ਹੰਗਾਮਾ ਕੀਤਾ ਅਤੇ ਕੁਝ ਮੈਂਬਰਾਂ ਨੇ ਸਪੀਕਰ ਵਲ ਕਾਗ਼ਜ਼ ਵੀ ਸੁੱਟੇ ਜਿਸ ਤੋਂ ਬਾਅਦ ਸਪੀਕਰ ਨੇ ਸਦਨ ਨੂੰ ਦਿਨ ਭਰ ਲਈ ਉਠਾ ਦਿੱਤਾ। ਇਸੇ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਨੋਟਬੰਦੀ 'ਤੇ ਕੀਤੀ ਗਈ ਆਲੋਚਨਾ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਉਹ ਸਰਕਾਰ ਦੇ ਫ਼ੈਸਲੇ ਤੋਂ ਨਾਖੁਸ਼ ਹਨ ਕਿਉਂਕਿ ਸਭ ਤੋਂ ਵੱਧ ਕਾਲਾ ਧਨ ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਹੀ ਪੈਦਾ ਹੋਇਆ। ਉਨ੍ਹਾਂ ਕਿਹਾ ਕਿ ਜਿਹੜੇ ਆਪਣੀ ਸਰਕਾਰ ਵੇਲੇ ਕਾਲਾ ਧਨ ਅਤੇ ਘੁਟਾਲੇ ਹੋਣ ਨੂੰ ਵੱਡੀ ਗ਼ਲਤੀ ਨਹੀਂ ਮੰਨਦੇ, ਹੁਣ ਉਹ ਕਾਲੇ ਧਨ ਖ਼ਿਲਾਫ਼ ਮੁਹਿੰਮ ਨੂੰ ਗ਼ਲਤੀ ਕਰਾਰ ਦੇ ਰਹੇ ਹਨ। ਜੀਡੀਪੀ ਦੋ ਫ਼ੀਸਦੀ ਤਕ ਡਿੱਗਣ ਦੇ ਅੰਦੇਸ਼ੇ ਬਾਰੇ ਸ੍ਰੀ ਜੇਤਲੀ ਨੇ ਕਿਹਾ ਕਿ ਕਾਲੇ ਧਨ ਵਾਲਾ ਪੈਸਾ ਹੁਣ ਮੁੱਖ ਧਾਰਾ ਵਿਚ ਆਏਗਾ ਜਿਸ ਨਾਲ ਅਰਥਚਾਰੇ 'ਤੇ ਸਾਰਥਿਕ ਪ੍ਰਭਾਵ ਪਏਗਾ।

### ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਸੰਸਦੀ ਤੌਹੀਨ ਦਾ ਨੋਟਿਸ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਦਨ ਵਿਚ ਨਾ ਆਉਣ 'ਤੇ ਸੀਪੀਐਮ ਨੇ ਉਨ੍ਹਾਂ ਖ਼ਿਲਾਫ਼ ਰਾਜ ਸਭਾ ਵਿਚ ਸੰਸਦ ਦੀ ਤੌਹੀਨ ਦਾ ਨੋਟਿਸ ਪੇਸ਼ ਕਰ ਦਿੱਤਾ ਹੈ। ਪਾਰਟੀ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਦੱਸਿਆ ਕਿ ਉਨ੍ਹਾਂ ਨਿਯਮਾਂ ਮੁਤਾਬਕ ਰਾਜ ਸਭਾ ਦੇ ਸਕੱਤਰ ਜਨਰਲ ਅਤੇ ਚੇਅਰਮੈਨ ਨੂੰ ਨੋਟਿਸ ਦਿੱਤੇ ਹਨ। ਉਨ੍ਹਾਂ ਆਸ ਜਤਾਈ ਕਿ ਇਹ ਨੋਟਿਸ ਸਵੀਕਾਰ ਹੋਣਗੇ ਪਰ ਜੇਕਰ ਇੰਜ ਨਾ ਹੋਇਆ ਤਾਂ ਉਹ ਇਸ ਦਾ ਕਾਰਨ ਜਾਨਣਾ ਚਾਹੁਣਗੇ।

# ਅਸੀਂ ਸਰਜੀਕਲ ਸਟਰਾਈਕ ਕੀਤਾ ਤਾਂ ਭਾਰਤ ਦੀਆਂ ਪੁਸ਼ਤਾਂ ਵੀ ਨਹੀਂ ਭੁੱਲਣਗੀਆਂ : ਪਾਕਿਸਤਾਨ

**ਇਸਲਾਮਾਬਾਦ/ਬਿਊਰੋ ਨਿਊਜ਼ :** ਅਸਲ ਕੰਟਰੋਲ ਲਕੀਰ ਉਤੇ ਤਣਾਅ ਤੇ ਦੁਵੱਲੀ ਗੋਲਾਬਾਰੀ ਸਬੰਧੀ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਪਾਕਿਸਤਾਨ ਨੇ ਚਿਤਾਵਨੀ ਦਿੱਤੀ ਕਿ ਇਸ ਦੀ 'ਜੰਗ ਲਈ ਤਿਆਰ' ਫ਼ੌਜ ਕਿਸੇ ਵੀ ਹਮਲੇ ਦਾ ਜਵਾਬ ਦੇਣ ਦੇ ਸਮਰੱਥ ਹੈ। ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਰਹੀਲ ਸ਼ਰੀਫ਼ ਨੇ ਧਮਕੀ ਦਿੱਤੀ ਕਿ ਜੇ ਪਾਕਿਸਤਾਨ ਨੇ ਸਰਜੀਕਲ ਸਟਰਾਈਕ ਕੀਤੀ ਤਾਂ ਭਾਰਤ ਪੁਸ਼ਤਾਂ ਤੱਕ ਇਸ ਨੂੰ ਭੁੱਲ ਨਹੀਂ ਸਕੇਗਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਵੀ ਚਿਤਾਵਨੀ ਦਿੱਤੀ ਕਿ ਭਾਰਤੀ ਫ਼ੌਜ ਵੱਲੋਂ 'ਜਾਣ-ਬੁੱਝ' ਕੇ ਆਮ ਸ਼ਹਿਰੀਆਂ ਨੂੰ ਨਿਸ਼ਾਨਾ ਬਣਾਏ ਜਾਣ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 29 ਨਵੰਬਰ ਨੂੰ ਅਹੁਦੇ ਤੋਂ ਰਿਟਾਇਰ ਹੋਣ ਜਾ ਰਹੇ ਜਨਰਲ ਸ਼ਰੀਫ਼ ਨੇ ਭਾਰਤ ਵੱਲੋਂ ਪਾਕਿਸਤਾਨ ਵਿਚ ਸਰਜੀਕਲ ਸਟਰਾਈਕ ਕੀਤੇ ਜਾਣ ਦੇ ਦਾਅਵਿਆਂ ਨੂੰ ਵੀ ਖ਼ਾਰਜ ਕਰ ਦਿੱਤਾ ਤੇ ਫਿਰ ਧਮਕੀ ਦਿੱਤੀ ਕਿ ਪਾਕਿਸਤਾਨੀ ਫ਼ੌਜ ਭਾਰਤੀ ਫ਼ੌਜ ਨੂੰ ਸਬਕ ਸਿਖਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਉਹ ਖ਼ੈਬਰ ਕਬਾਇਲੀ ਖਿੱਤੇ ਵਿੱਚ ਕ੍ਰਿਕਟ ਖਿਡਾਰੀ ਸ਼ਾਹਿਦ ਅਫ਼ਰੀਦੀ ਦੇ ਨਾਂ ਉਤੇ ਉਸਾਰੇ ਗਏ ਸਟੇਡੀਅਮ ਦਾ ਉਦਘਾਟਨ ਕਰਨ ਆਏ ਸਨ। ਪ੍ਰਧਾਨ ਮੰਤਰੀ ਸ੍ਰੀ ਸ਼ਰੀਫ਼ ਨੇ ਕਿਹਾ ਕਿ ਪਾਕਿਸਤਾਨ ਆਪਣੇ ਸ਼ਹਿਰੀਆਂ ਨੂੰ ਭਾਰਤ ਵੱਲੋਂ 'ਜਾਣ-ਬੁੱਝ ਕੇ' ਨਿਸ਼ਾਨਾ ਬਣਾਏ ਜਾਣ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ, "ਭਾਰਤੀ ਸਲਾਮਤੀ ਦਸਤਿਆਂ ਵੱਲੋਂ ਵਾਰ-ਵਾਰ ਗੋਲੀਬੰਦੀ ਦਾ ਉਲੰਘਣਾ ਕੀਤੇ ਜਾਣ ਦੇ ਬਾਵਜੂਦ ਪਾਕਿਸਤਾਨ ਨੇ ਹੁਣ ਤੱਕ ਬਹੁਤ ਜ਼ਬਤ ਤੋਂ ਕੰਮ ਲਿਆ ਹੈ।" ਉਹ ਐਲਓਸੀ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਵਿੱਚ ਬੋਲ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਵੱਲੋਂ ਜਾਣ-



ਬੁੱਝ ਕੇ ਬੱਚਿਆਂ, ਔਰਤਾਂ, ਐਂਬੂਲੈਂਸਾਂ ਤੇ ਸਿਵਲ ਵਾਹਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਉਧਰ ਹਵਾਈ ਫ਼ੌਜ ਦੇ ਮੁਖੀ ਏਅਰ ਚੀਫ਼ ਮਾਰਸ਼ਲ ਸੋਹੇਲ ਅਮਾਨ ਨੇ ਕਿਹਾ ਕਿ ਭਾਰਤ ਦੀਆਂ ਧਮਕੀਆਂ ਦੀ ਪਾਕਿਸਤਾਨ ਨੂੰ ਕੋਈ ਪਰਵਾਹ ਨਹੀਂ ਹੈ ਅਤੇ 'ਜੰਗ ਲਈ ਤਿਆਰ' ਪਾਕਿਸਤਾਨੀ ਫ਼ੌਜ ਕਿਸੇ ਵੀ ਹਮਲੇ ਦਾ ਜਵਾਬ ਦੇਣ ਦੇ ਕਾਬਿਲ ਹੈ। ਇਸੇ ਤਰ੍ਹਾਂ ਸਮੁੰਦਰੀ ਫ਼ੌਜ ਦੇ ਮੁਖੀ ਐਡਮਿਰਲ ਮੁਹੰਮਦ ਜ਼ਕਾਉੱਲਾ ਨੇ ਬੀਤੇ ਹਫ਼ਤੇ ਇਕ ਭਾਰਤੀ ਪਣਡੁੱਬੀ ਉਤੇ ਪਾਕਿਸਤਾਨੀ ਪਾਣੀਆਂ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੇ ਜਾਣ ਦੇ ਦੋਸ਼ ਲਾਉਂਦਿਆਂ ਧਮਕੀ ਦਿੱਤੀ ਕਿ ਦੁਬਾਰਾ ਅਜਿਹੀ ਘਟਨਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਨਿਊਯਾਰਕ: ਇਸੇ ਦੌਰਾਨ ਪਾਕਿਸਤਾਨ ਨੇ ਇਹ ਮਾਮਲਾ ਸੰਯੁਕਤ ਰਾਸ਼ਟਰ (ਯੂਐਨ) ਕੋਲ ਵੀ ਉਠਾਇਆ ਤੇ ਮੰਗ ਕੀਤੀ ਕਿ ਹਾਲਾਤ ਨੂੰ 'ਮੁਕੰਮਲ ਸੰਕਟ' ਵਿੱਚ ਬਦਲਣ ਤੋਂ ਪਹਿਲਾਂ ਕਾਬੂ ਕੀਤਾ ਜਾਵੇ। ਯੂਐਨ ਵਿੱਚ ਪਾਕਿਸਤਾਨੀ ਸਫ਼ੀਰ ਮਲੀਹਾ ਲੋਧੀ ਨੇ ਸਕੱਤਰ ਜਨਰਲ ਜਾਨ ਐਲਿਆਸਨ ਤੇ ਉਨ੍ਹਾਂ ਦੇ ਕੈਬਨਿਟ ਮੁਖੀ ਐਡਮੰਡ ਮੁਲੇਟ ਨਾਲ ਮੁਲਾਕਾਤ ਕਰ ਕੇ ਕਿਹਾ ਕਿ ਐਲਓਸੀ ਉਤੇ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ, ਜੋ 'ਕੌਮਾਂਤਰੀ ਅਮਨ ਤੇ ਸਲਾਮਤੀ ਲਈ ਭਾਰੀ ਖ਼ਤਰਾ' ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਵੱਲੋਂ 'ਜਾਣ-ਬੁੱਝ ਕੇ ਤਣਾਅ ਵਧਾਇਆ' ਜਾ ਰਿਹਾ ਹੈ, ਤਾਂ ਕਿ ਕਸ਼ਮੀਰ ਵਿੱਚ ਮਨੁੱਖੀ ਹੱਕਾਂ ਦੇ 'ਕੀਤੇ ਜਾ ਰਹੇ ਭਾਰੀ ਘਾਣ' ਤੋਂ ਆਲਮੀ ਭਾਈਚਾਰੇ ਦਾ ਧਿਆਨ ਹਟਾਇਆ ਜਾ ਸਕੇ। ਉਨ੍ਹਾਂ ਯੂਐਨ ਦੇ ਅਮਨ ਬਹਾਲੀ ਵਿਭਾਗ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਭਾਰਤ ਤੇ ਪਾਕਿਸਤਾਨ ਵਿੱਚ ਯੂਐਨ ਮਿਲਟਰੀ ਅਬਜ਼ਰਵਰ ਗਰੁੱਪ ਨੂੰ ਸਰਗਰਮ ਕਰੇ।

### ਭਾਰਤ ਨੇ ਕਿਹਾ-ਪਾਕਿਸਤਾਨ ਪਹਿਲਾਂ ਦਹਿਸ਼ਤਗਰਦੀ ਖ਼ਤਮ ਕਰੇ

ਨਵੀਂ ਦਿੱਲੀ : ਭਾਰਤ ਵੱਲੋਂ ਕਸ਼ਮੀਰ ਵਿੱਚ ਕੀਤੇ ਜਾ ਰਹੇ ਕਥਿਤ ਤਸ਼ੱਦਦ ਦਾ 'ਪਰਦਾਫ਼ਾਸ਼' ਕਰਨ ਲਈ ਪਾਕਿਸਤਾਨ ਵੱਲੋਂ ਵਿਸ਼ੇਸ਼ ਗਰੁੱਪ ਕਾਇਮ ਕੀਤੇ ਜਾਣ ਦੀਆਂ ਰਿਪੋਰਟਾਂ ਬਾਰੇ ਸਖ਼ਤ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਭਾਰਤ ਨੇ ਗੁਆਂਢੀ ਮੁਲਕ ਨੂੰ ਕਿਹਾ ਕਿ ਉਹ ਪਹਿਲਾਂ ਆਪਣੇ ਧਰਤੀ 'ਤੇ ਪਲ ਰਹੀ 'ਦਹਿਸ਼ਤ ਦੀ ਬਦਬੂ' ਨੂੰ ਖ਼ਤਮ ਕਰੇ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਿਕਾਸ ਸਵਰੂਪ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਸਲਾਹਕਾਰ ਸਰਤਾਜ ਅਜ਼ੀਜ਼ ਦੇ ਇਸ ਬਿਆਨ ਦੀ ਵੀ ਸਖ਼ਤ ਨਿਖੇਧੀ ਕੀਤੀ, ਜਿਸ ਵਿੱਚ ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਵਿਦੇਸ਼ ਨੀਤੀਆਂ ਦੇ ਵਿਰੋਧੀ ਭਾਰਤੀਆਂ ਤੱਕ ਪਹੁੰਚ ਕੀਤੀ ਜਾਵੇਗੀ। ਉਨ੍ਹਾਂ ਪਾਕਿਸਤਾਨੀ ਫ਼ੌਜ ਨੂੰ ਵੀ ਦਹਿਸ਼ਤਗਰਦਾਂ ਦੀ ਮੱਦਦ ਤੋਂ ਬਾਜ਼ ਆਉਣ ਲਈ ਆਖਿਆ।

## ਹੁਣ ਖਾਤਿਆਂ ਵਿਚ ਜਮ੍ਹਾ ਬੇਹਿਸਾਬੀ ਰਕਮ 'ਤੇ ਲੱਗੇਗਾ 60 ਫ਼ੀਸਦੀ ਟੈਕਸ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਨੋਟਬੰਦੀ ਤੋਂ ਬਾਅਦ ਬੈਂਕ ਖ਼ਾਤਿਆਂ ਵਿਚ 500 ਅਤੇ 1000 ਰੁਪਏ ਦੇ ਪੁਰਾਣੇ ਨੋਟ ਜਮ੍ਹਾਂ ਹੋਣ ਤੋਂ ਬਾਅਦ ਕੈਬਨਿਟ ਨੇ ਇਨ੍ਹਾਂ ਖ਼ਾਤਿਆਂ ਵਿਚ ਜਮ੍ਹਾਂ ਕਰਵਾਏ ਗਏ ਬੇਹਿਸਾਬੇ ਧਨ ਉਪਰ 60 ਫ਼ੀਸਦੀ ਆਮਦਨ ਕਰ ਲਾਉਣ ਬਾਰੇ ਕਾਨੂੰਨ ਵਿਚ ਸੋਧ ਕਰਨ ਦੀਆਂ ਵਿਚਾਰਾਂ ਕੀਤੀਆਂ ਹਨ। ਇਹ ਕਦਮ ਉਸ ਸਮੇਂ ਵਿਚਾਰਿਆ ਗਿਆ ਹੈ ਜਦੋਂ ਬੈਂਕਾਂ ਵਿਚ ਜ਼ੀਰੋ ਬੈਲੰਸ ਵਾਲੇ ਜਨ-ਧਨ ਖ਼ਾਤਿਆਂ ਵਿਚ ਦੋ ਹਫ਼ਤਿਆਂ ਅੰਦਰ 21 ਹਜ਼ਾਰ ਕਰੋੜ ਰੁਪਏ ਜਮ੍ਹਾਂ ਹੋਣ ਦੀਆਂ ਰਿਪੋਰਟਾਂ ਹਨ। ਅਧਿਕਾਰੀਆਂ ਨੂੰ ਖ਼ਦਸ਼ਾ ਹੈ ਕਿ ਇਹ ਕਾਲਾ ਧਨ ਵਾਲਾ ਪੈਸਾ ਹੋ ਸਕਦਾ ਹੈ। ਕੈਬਨਿਟ ਬੈਠਕ ਵਿਚ ਹੋਈ ਚਰਚਾ ਬਾਰੇ ਕੋਈ ਸਰਕਾਰੀ ਤੌਰ 'ਤੇ ਜਾਣਕਾਰੀ ਨਹੀਂ ਦਿੱਤੀ ਗਈ ਹੈ। ਅਸਲ ਵਿਚ ਰਵਾਇਤ ਹੈ ਕਿ ਜਦੋਂ ਸੰਸਦ ਦਾ ਇਜਲਾਸ ਚਲ ਰਿਹਾ ਹੋਵੇ ਤਾਂ ਜਨਤਕ ਤੌਰ 'ਤੇ ਕਿਸੇ ਨੀਤੀ ਵਾਲੇ ਫ਼ੈਸਲੇ ਦਾ ਐਲਾਨ ਨਹੀਂ ਕੀਤਾ ਜਾਂਦਾ। ਸੂਤਰਾਂ ਨੇ ਕਿਹਾ ਕਿ ਸਰਕਾਰ 10 ਨਵੰਬਰ ਤੋਂ 30 ਦਸੰਬਰ ਦੌਰਾਨ ਇਨ੍ਹਾਂ ਖ਼ਾਤਿਆਂ ਵਿਚ ਜਮ੍ਹਾਂ ਹੋਈ ਰਕਮ 'ਤੇ ਟੈਕਸ ਲਾਉਣ ਬਾਰੇ ਵਿਚਾਰਾਂ ਕਰ ਰਹੀ ਹੈ। ਇਸ ਤੋਂ ਪਹਿਲਾਂ ਅਧਿਕਾਰੀਆਂ ਵੱਲੋਂ ਅਜਿਹੀ ਰਕਮ 'ਤੇ 30 ਫ਼ੀਸਦੀ ਟੈਕਸ ਅਤੇ 200 ਫ਼ੀਸਦੀ ਜੁਰਮਾਨਾ ਲਾਉਣ ਦਾ ਸੁਝਾਅ ਦਿੱਤਾ ਗਿਆ ਸੀ। ਸੂਤਰਾਂ ਨੇ ਕਿਹਾ ਕਿ ਸਰਕਾਰ ਸੰਸਦ ਦੇ ਮੌਜੂਦਾ ਸਰਦ ਰੁੱਤ ਇਜਲਾਸ ਦੌਰਾਨ ਹੀ ਆਮਦਨ ਕਰ ਟੈਕਸ ਐਕਟ ਵਿਚ ਸੋਧ ਕਰਨ ਦੀ ਯੋਜਨਾ ਬਣਾ ਰਹੀ ਹੈ ਤਾਂ ਜੋ 45 ਫ਼ੀਸਦੀ ਤੋਂ ਵੱਧ ਟੈਕਸ ਲਾਇਆ ਅਤੇ ਜੁਰਮਾਨਾ ਲਾਇਆ ਜਾ ਸਕੇ।

# ਨਿਰਮਲ ਸਿੰਘ ਲਾਲੀ : ਇਨਸਾਨੀਅਤ ਦਾ ਫਿਕਰਮੰਦ

**ਗੁਰੂਮੇਲ ਸਿੰਘ ਸਿੱਧੂ**

ਮਾਸਟਰ ਨਿਰਮਲ ਸਿੰਘ ਲਾਲੀ ਇਨਸਾਨੀਅਤ ਬਾਰੇ ਫਿਕਰਮੰਦ ਹੈ। ਇਸ ਤੱਥ ਦੀ ਤਸਦੀਕ ਉਸ ਦੀਆਂ ਢੇਰ ਸਾਰੀਆਂ ਪੁਸਤਕਾਂ ਵਿਚੋਂ ਹੁੰਦੀ ਹੈ। ਨਵੀਂ ਪੁਸਤਕ, "ਸਫ਼ਲ ਜ਼ਿੰਦਗੀ" ਵੀ ਇਸੇ ਲੜੀ ਦੀ ਕੜੀ ਹੈ। ਪੁਸਤਕਾਂ ਦੀ ਸਮਗਰੀ ਤੋਂ ਪ੍ਰਤੀਤ ਹੁੰਦਾ ਹੈ ਕਿ ਲਾਲੀ ਆਪਣੇ ਵਿਚਾਰਾਂ ਪ੍ਰਤੀ ਸੁਹਿਰਦ ਹੈ। ਜੀਵਨ ਪ੍ਰਤੀ ਆਪਣੇ ਵਿਚਾਰਾਂ ਨੂੰ ਨੇਕਨੀਤੀ ਅਤੇ ਸੁਹਿਰਦਤਾ ਨਾਲ ਪ੍ਰਸਤੁਤ ਕਰਦਾ ਹੈ। ਜੀਵਨ ਇਕ ਗੋਰਖ ਧੰਦਾ ਹੈ ਇਸ ਦੀਆਂ ਗੁੰਝਲਾਂ ਅਤੇ ਘੁੰਡੀਆਂ ਦੇ ਤੋੜ ਤਕ ਪਹੁੰਚਣਾ ਅਸੰਭਵ ਹੈ। ਇਸ ਦੇ ਰਹੱਸ ਨੂੰ ਸਮਝਣ ਖਾਤਰ ਅਨੇਕ ਸਾਹਿਤਕਾਰ/ਦਾਰਸ਼ਨਿਕ ਹੋ ਬੀਤੇ ਹਨ, ਪਰ ਜੀਵਨ ਦੀ ਤਾਣੀ ਉਵੇਂ ਦੀ ਤੁਵੇਂ ਉਲਝੀ ਰਹੀ। ਤਾਣੀ ਦੇ ਉਲਝਣ ਦਾ ਕਾਰਨ ਆਪਣੇ ਆਪ ਨੂੰ ਸਮਝਣ ਦੀ ਬਜਾਏ ਦੂਜਿਆਂ ਨੂੰ ਸਮਝਣ-ਸਮਝਾਉਣਾ 'ਤੇ ਜ਼ੋਰ ਦੇਣਾ ਹੈ। ਮਾਸਟਰ ਲਾਲੀ ਵੀ ਦੂਜਿਆਂ ਨੂੰ ਸਮਝਣ/ਸਮਝਾਉਣ ਦਾ ਯਤਨ ਕਰਦਾ ਹੈ। ਇਸ ਯਤਨ ਨੂੰ ਸਫਲ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਆਸਰਾ ਲੈਂਦਾ ਹੈ। ਗੁਰਬਾਣੀ 'ਚੋਂ ਉਸ ਨੂੰ ਰਾਹਤ ਜਾਂ ਸੁੱਖ ਮਿਲਦਾ ਹੈ, ਇਹ ਇਕ ਸ਼ੁੱਭਕਰਮ ਹੈ, ਪਰ ਸ਼ੁਭਚਿੰਤਨ ਨਹੀਂ। ਸ਼ੁਭਕਰਮ ਤੋਂ ਭਾਵ ਹੈ ਅੱਛੇ ਕਰਮ ਕਮਾ ਕੇ ਆਪਣੇ ਆਪ ਵਿਚ ਪ੍ਰਵਾਨ ਚੜ੍ਹਨਾ। ਸ਼ੁਭਚਿੰਤਨ ਦਾ ਅਰਥ ਹੈ ਜੀਵਨ ਦੀ ਦਾਰਸ਼ਨਿਕਤਾ ਨੂੰ ਸਮਝ ਵਿਚਾਰ ਕੇ ਸਮਾਜ ਵਿਚ



ਪਰਵਾਨ ਹੋਣਾ ਹੈ। ਪਹਿਲੀ ਕਿਰਿਆ ਆਪਣੇ ਲਈ ਅਤੇ ਦੂਜੀ ਦੂਜਿਆਂ ਲਈ ਹੈ। ਮਾਸਟਰ ਲਾਲੀ ਸ਼ੁਭਚਿੰਤਨ ਤੱਕ ਨਹੀਂ ਪਹੁੰਚਦਾ। ਇਸ ਲਈ ਉਸ ਦੀਆਂ ਲਿਖਤਾਂ ਜੀਵਨ ਪ੍ਰਤੀ ਨਿਰਾਸ਼ਾ ਅਤੇ ਭੈਅ ਦਾ ਆਲਮ ਪੈਦਾ ਕਰਦੀਆਂ ਹਨ। ਉਸ ਨੂੰ ਜੀਵਨ ਵਿਚ ਉਦਾਸੀ ਤੇ ਗ਼ਮਗੀਨੀ ਤੋਂ ਸਿਵਾਏ ਹੋਰ ਕੁਝ ਸਾਰਥਕ ਨਹੀਂ ਭਾਸਦਾ। ਜੇ ਲਾਲੀ ਨੂੰ ਜੀਵਨ ਕੇਵਲ ਦੁੱਖਾਂ ਦਾ ਘਰ ਲਗਦਾ ਹੈ ਤਾਂ ਉਸ ਦੀ ਘਾਲਣਾ ਸਫਲ ਹੈ।

ਜੀਵਨ ਨੂੰ ਦੁੱਖਾਂ ਦਾ ਘਰ ਕਿਆਸ ਕਰਕੇ ਜਿਉਣਾ, ਭਾਂਜਵਾਦ ਹੈ। ਸਾਨੂੰ ਲਾ ਪਾ ਕੇ ਇਕ ਜੀਵਨ ਹੀ ਮਿਲਿਆ ਹੈ, ਇਸ ਨੂੰ ਅਕਾਰਥ ਗੁਆਉਣ ਦੀ ਥਾਂ ਸੁਆਰਥ ਤੇ ਪੁਰਉਮੀਦ ਬਣਾਉਣਾ ਚਾਹੀਦਾ ਹੈ। ਇਸ ਕਸਬ ਲਈ ਜੀਵਨ ਨੂੰ ਸੁਜੀਵੀ ਵਿਕਾਸ (Organic evoluton) ਦੇ ਕੋਨ ਤੋਂ ਸਮਝਣਾ ਚਾਹੀਦਾ ਹੈ। ਬੰਦਾ ਡੀ.ਐਨ.ਏ./ਜੀਨਜ਼ (DNA/Genes) ਅਤੇ ਭੌਤਕ ਵਾਤਾਵਰਣ (Physical Environment) ਦੇ ਪ੍ਰਸਪਰ ਟਕਰਾਉ ਦੀ ਭੌਤਕ ਇਕਾਈ ਹੈ। ਇਸ ਇਕਾਈ ਦਾ ਪ੍ਰਤਿਬਿੰਬ ਸਮਾਜਿਕ ਵਾਤਾਵਰਣ ਦੇ ਸਨਮੁੱਖ ਹੋਣ ਉਪਰੰਤ ਸਾਕਾਰ ਹੁੰਦਾ ਹੈ। ਜੀਨਜ਼ ਅਤੇ ਵਾਤਾਵਰਣ ਬੰਦੇ ਦੇ ਵਸ ਵਿਚ ਨਹੀਂ, ਲੇਕਿਨ ਸਮਾਜਿਕ ਵਾਤਾਵਰਣ (Social Millieu) ਉਸ ਦੇ ਅਧਿਕਾਰ ਵਿਚ ਹੈ। ਸਮਾਜਿਕ ਵਾਤਾਵਰਣ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਇਹ ਬੰਦਾ ਖੁਦ ਤਹਿ ਕਰਦਾ ਹੈ। ਫਲਸਰੂਪ, ਇਸ ਨੂੰ ਚੰਗਾ ਜਾਂ ਮੰਦਾ ਬਣਾਉਣ ਦਾ ਜ਼ਿੰਮਾ ਬੰਦੇ ਸਿਰ ਆਉਂਦਾ ਹੈ। ਚੰਗਿਆਈ ਤੇ ਬੁਰਾਈ,

**ਬਾਕੀ ਸਫ਼ਾ 32 'ਤੇ**

# ਬਾਦਲ ਵਿਰੋਧੀਆਂ 'ਤੇ ਵਰ੍ਹਦੇ ਰਹੇ, ਮੋਦੀ ਨੇ ਨਾਂ ਤਕ ਨਹੀਂ ਲਿਆ

## ਪਾਕਿ ਨੂੰ ਵੀ ਨਸੀਹਤ, ਲੜਨਾ ਹੈ ਤਾਂ ਕਾਲੇ ਧਨ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਲੜੋ

**ਬਠਿੰਡਾ/ਬਿਊਰੋ ਨਿਊਜ਼ :** ਚੋਣ ਮਾਹੌਲ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਵਿਚ ਸਨ। ਬਠਿੰਡਾ ਵਿਚ ਏਮਜ਼ ਦਾ ਨੀਂਹ ਪੱਥਰ ਰੱਖਣ ਅਤੇ ਆਨੰਦਪੁਰ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਵਿਚ ਜਿੱਥੇ ਬਾਕੀ ਨੇਤਾ ਕਾਂਗਰਸ ਤੇ ਆਮ ਆਦਮੀ ਪਾਰਟੀ 'ਤੇ ਹਮਲੇ ਬੋਲਦੇ ਰਹੇ, ਉੱਥੇ ਮੋਦੀ ਨੇ ਉਨ੍ਹਾਂ ਦਾ ਨਾਂ ਤਕ ਨਹੀਂ ਲਿਆ। ਉਹ ਧਰਮ ਤੇ ਵਿਕਾਸ ਦੀ ਗੱਲ ਕਰਦੇ ਰਹੇ। ਮੋਦੀ ਨੇ ਬਠਿੰਡਾ ਵਿਚ 177 ਏਕੜ ਵਿਚ 925 ਕਰੋੜ ਨਾਲ ਬਣਨ ਵਾਲੇ ਏਮਜ਼ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਨੋਟਬੰਦੀ 'ਤੇ ਗੱਲ ਕਰਦਿਆਂ ਕਿਹਾ, "ਦੇਸ਼ ਵਿਚ ਕਾਲੇ ਧਨ ਨੇ ਮੱਧ ਵਰਗ ਨੂੰ ਕਮਜ਼ੋਰ ਤੇ ਗ਼ਰੀਬਾਂ ਨੂੰ ਹੱਕ ਤੋਂ ਵਾਂਝੇ ਕਰ ਦਿੱਤਾ ਹੈ। ਅਜਿਹੇ ਹਾਲਾਤ ਵਿਚੋਂ ਉਨ੍ਹਾਂ ਨੂੰ ਕੱਢਣ ਲਈ ਹੀ ਨੋਟਬੰਦੀ ਕੀਤੀ ਗਈ ਹੈ। ਇਸ ਸੁਧਾਰ ਵਿਚ ਜਿਨ੍ਹਾਂ ਦੇਸ਼ ਵਾਸੀਆਂ ਨੂੰ ਤਕਲੀਫ਼ ਝਲਣੀ ਪਈ, ਉਨ੍ਹਾਂ ਦਾ ਧੰਨਵਾਦ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ।"

ਉਨ੍ਹਾਂ ਕਿਹਾ ਕਿ ਮੋਬਾਈਲ ਵਿਚ ਐਪ ਡਾਊਨਲੋਡ ਕਰ ਕੇ ਬੈਂਕ ਬਣਾਉਣਾ ਚਾਹੀਦਾ ਹੈ ਤੇ ਆਪਣੀ ਹਰ ਅਦਾਇਗੀ ਉਸੇ ਨਾਲ ਕਰੋ। ਇਸ ਨਾਲ ਕਾਲਾ ਧਨ ਰੁਕੇਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨੋਟਬੰਦੀ ਦਾ ਸਮਰਥਨ ਕਰਦਿਆਂ ਕਿਹਾ, "ਇਸ ਨਾਲ ਭ੍ਰਿਸ਼ਟਾਚਾਰ 'ਤੇ ਰੋਕ ਲੱਗੇਗੀ। ਉਹ ਮੋਦੀ ਦੇ ਹਰ ਕੰਮ ਵਿਚ ਉਨ੍ਹਾਂ ਦੇ ਨਾਲ ਹਨ, ਬੱਸ ਉਹ ਸਾਨੂੰ ਥਾਪੀ ਦਿੰਦੇ ਰਹਿਣ।" ਉਧਰ ਕੇਂਦਰ ਵਲੋਂ ਪੰਜਾਬ ਨੂੰ ਦਿੱਤੀ ਜਾ ਰਹੀ ਮਦਦ 'ਤੇ ਬੋਲੇ, "ਬਿਨਾਂ ਮੰਗੇ ਮੋਤੀ ਮਿਲੇ, ਮੰਗੇ ਮਿਲੇ ਨਾ ਭੀਖ।" ਮੋਦੀ ਨੇ ਕਿਹਾ, "ਮੈਂ ਅੱਜ ਪਾਕਿਸਤਾਨ ਦੇ ਗਵਾਂਢ ਵਿਚ ਖੜ੍ਹਾ ਹਾਂ ਤੇ ਪਾਕਿਸਤਾਨੀ ਆਵਾਮ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਪੇਸ਼ਾਵਰ ਵਿਚ ਬੱਚਿਆਂ ਨੂੰ ਮਾਰ ਦਿੱਤਾ ਜਾਂਦਾ ਹੈ ਤਾਂ ਸਵਾ ਸੌ ਕਰੋੜ ਭਾਰਤੀਆਂ ਦੀਆਂ ਅੱਖਾਂ ਵਿਚ ਹੰਝੂ ਹੁੰਦੇ ਹਨ। ਪਾਕਿਸਤਾਨ ਦੀ ਆਵਾਮ ਆਪਣੇ ਹੁਕਮਰਾਨਾਂ ਤੋਂ ਜਵਾਬ ਮੰਗੇ। ਲੜਨਾ ਹੈ ਤਾਂ ਭ੍ਰਿਸ਼ਟਾਚਾਰ ਨਾਲ ਲੜੋ, ਕਾਲੇ ਧਨ ਖ਼ਿਲਾਫ਼ ਲੜੋ।"

## ਮੋਦੀ ਦੇ ਭਾਸ਼ਣ ਦੌਰਾਨ ਨੋਟਬੰਦੀ 'ਤੇ ਉਠੀ ਆਵਾਜ਼ ਇੰਜ ਦਬਾਈ

### ਬਜ਼ੁਰਗ ਔਰਤ ਨੂੰ ਸਿਰ 'ਤੇ ਲਾਠੀ ਮਾਰੀ, ਫੇਰ ਕੁੱਟਿਆ ਤੇ ਘੜੀਸ ਕੇ ਪੰਡਾਲ ਤੋਂ ਬਾਹਰ ਕੱਢਿਆ...

ਬਠਿੰਡਾ : ਏਮਜ਼ ਦਾ ਨੀਂਹ ਪੱਥਰ ਰੱਖਣ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਸ਼ਣ ਦਿੰਦੇ ਹੋਏ ਜਦੋਂ ਨੋਟਬੰਦੀ 'ਤੇ ਬੋਲਣ ਲੱਗੇ ਤਾਂ ਇਕ ਬਜ਼ੁਰਗ ਔਰਤ ਨੇ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲ ਸਕਦੀ, ਪੁਲੀਸਵਾਲੇ ਉਸ 'ਤੇ ਟੁੱਟ ਪਏ ਤੇ ਮੂੰਹ ਬੰਦ ਕਰਕੇ ਕੁੱਟਣ ਲੱਗੇ। ਸਿਰ 'ਤੇ ਸੋਟੀ



ਮਾਰੀ, ਖੂਨ ਵਹਿਣ ਲੱਗਾ। ਇਸ ਘਟਨਾਕ੍ਰਮ ਨੂੰ ਮੋਦੀ ਨਾ ਦੇਖ ਸਕਣ, ਇਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ 'ਪੰਜਾਬ ਸਰਕਾਰ ਜ਼ਿੰਦਾਬਾਦ' ਦੇ ਬੈਨਰ ਅੱਗੇ ਤਾਣ ਦਿੱਤੇ ਤੇ ਪੁਲੀਸ ਔਰਤ ਨੂੰ ਘੜੀਸਦੇ ਹੋਏ ਲੈ ਗਈ। ਬਾਅਦ ਵਿਚ ਪਤਾ ਚੱਲਿਆ ਕਿ ਔਰਤ ਦਾ ਨਾਮ ਬਲਵਿੰਦਰ ਕੌਰ ਹੈ। ਬਲਵਿੰਦਰ ਨੇ ਪਰਲ ਗਰੁੱਪ ਵਿਚ ਪੈਸੇ ਨਿਵੇਸ਼ ਕੀਤੇ ਸਨ। ਇਸ ਗਰੁੱਪ 'ਤੇ 6 ਕਰੋੜ ਲੋਕਾਂ ਦੇ 49 ਹਜ਼ਾਰ ਕਰੋੜ ਰੁਪਏ ਹੜੱਪਣ ਦਾ ਦੋਸ਼ ਹੈ। ਪਰਲ ਗਰੁੱਪ ਹੀ ਸੁਖਬੀਰ ਬਾਦਲ ਦੇ ਡਰੀਮ ਪ੍ਰੋਜੈਕਟ ਕਬੱਡੀ ਵਰਲਡ ਕੱਪ ਨੂੰ ਪੰਜ ਸਾਲ ਤਕ ਫੰਡਿੰਗ ਕਰਦਾ ਰਿਹਾ ਹੈ। ਭਾਸ਼ਣ ਲਈ 35 ਮਿੰਟ ਤੈਅ ਸਨ, ਪਰ ਮੋਦੀ ਆਪਣੀ ਆਦਤ ਦੇ ਉਲਟ 23 ਮਿੰਟ ਹੀ ਬੋਲੇ...।

## ਮਾਹਰਾਂ ਦਾ ਨਜ਼ਰੀਆ...

### ਮੋਦੀ ਦੀਆਂ ਦੋਵੇਂ ਗੱਲਾਂ ਕਿੰਨੀਆਂ ਗ਼ੈਰ-ਤਜਰਬੇਕਾਰ!

ਪੰਜਾਬ ਸਿੰਜਾਈ ਵਿਭਾਗ ਦੇ ਸਾਬਕਾ ਚੀਫ਼ ਇੰਜਨੀਅਰ ਅਤੇ ਜਲ ਮਾਹਰ ਏ.ਐਸ. ਦੁਲਟ ਦਾ ਕਹਿਣਾ ਹੈ, "ਪ੍ਰੈਕਟੀਕਲੀ ਇਹ ਸੰਭਵ ਨਹੀਂ ਹੈ। ਇਹ ਹੋ ਵੀ ਜਾਵੇ ਤਾਂ ਪਾਕਿਸਤਾਨ ਇਸ ਮੁੱਦੇ ਨੂੰ ਕੌਮਾਂਤਰੀ ਅਦਾਲਤ ਸੰਧੀ ਵਿਚ ਲੈ ਕੇ ਜਾਵੇਗਾ। ਪਹਿਲਾਂ ਵੀ ਭਾਰਤ ਨੇ ਜਿਹਲਮ 'ਤੇ ਪਾਵਰ ਜੈਨਰੇਸ਼ਨ ਲਈ ਕੰਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਪਾਕਿਸਤਾਨ ਨੇ ਵਿਰੋਧ ਕੀਤਾ ਤੇ ਇਸ ਲਈ ਮਨਜ਼ੂਰੀ ਨਹੀਂ ਮਿਲੀ ਸੀ।

**ਪਾਕਿਸਤਾਨ ਜਾ ਰਹੇ ਪਾਣੀ 'ਤੇ...**

ਕੋਸ਼ਿਸ਼ 1947 ਵਿਚ ਵੀ ਹੋਈ, ਫਿਰ ਸੰਧੀ ਕਰਨੀ ਪਈ, ਮੰਨ ਲਓ ਅਜਿਹਾ ਹੋ ਵੀ ਜਾਵੇ ਤਾਂ ਪਾਣੀ ਆਉਣ ਵਿਚ 20-25 ਸਾਲ ਲੱਗਣਗੇ।

50 ਸਾਲ ਤੋਂ ਪਾਣੀ ਦੇ ਮਾਮਲਿਆਂ 'ਤੇ ਕੰਮ ਕਰ ਰਹੇ ਪ੍ਰੀਤਮ ਸਿੰਘ ਕੁਮੇਦਾਨ ਨੇ ਕਿਹਾ, "ਪਾਕਿਸਤਾਨ ਜਾ ਰਿਹਾ ਪਾਣੀ ਸੰਧੀ ਰੱਦ ਕਰਕੇ ਹੀ ਰੋਕਿਆ ਜਾ ਸਕਦਾ ਹੈ। ਪਰ ਇਹ ਸੰਭਵ ਨਹੀਂ। 1947 ਵਿਚ ਵੀ ਚਨਾਬ ਦਾ ਪਾਣੀ ਮੋੜਨ ਤੋਂ ਸੁਰੰਗ ਬਣਾ ਕੇ ਰਾਵੀ ਵਿਚ ਪਾਉਣ ਦੀ ਕੋਸ਼ਿਸ਼ ਹੋਈ ਸੀ। ਉਦੋਂ ਮਾਮਲਾ ਕੌਮਾਂਤਰੀ ਪੱਧਰ 'ਤੇ ਉਠਿਆ ਤੇ 1960 ਵਿਚ ਭਾਰਤੀ ਜਲ ਸੰਧੀ ਹੋਈ।" ਜਲ ਮਾਹਰ ਕਿਰਪਾਲ ਸਿੰਘ ਦਰਦੀ ਨੇ ਕਿਹਾ, "ਸੰਧੀ ਅਨੁਸਾਰ ਨਦੀਆਂ ਦੇ ਰਸਤੇ ਬਦਲੇ ਨਹੀਂ ਜਾ ਸਕਦੇ। ਜੇਕਰ ਭਾਰਤ ਅਜਿਹਾ ਕਰੇ ਵੀ ਤਾਂ ਪਾਣੀ ਪੰਜਾਬ ਵਿਚ ਪਹੁੰਚਣ ਵਿਚ 20-25 ਸਾਲ ਲੱਗ ਜਾਣਗੇ। ਸਿੰਧੂ ਨੂੰ ਪਹਿਲਾਂ ਜਿਹਲਮ, ਫਿਰ ਜਿਹਲਮ ਨੂੰ ਚਨਾਬ ਤੇ ਚਨਾਬ ਨੂੰ ਰਾਵੀ ਤੇ ਹੋਰਨਾਂ ਨਦੀਆਂ ਨਾਲ ਜੋੜਨਾ ਪਏਗਾ। ਖ਼ਰਬਾਂ ਰੁਪਏ ਖ਼ਰਚ ਹੋਣਗੇ।

**ਪਰਾਲੀ ਜ਼ਮੀਨ 'ਚ ਹੀ ਪਾਉਣ ਨਾਲ...**

ਅਜਿਹਾ ਕਰਾਂਗੇ ਤਾਂ 4000 ਏਕੜ ਖ਼ਰਚ ਵਧੇਗਾ, ਸਰਕਾਰ ਇਨਸੈਂਟਿਵ ਦੇਵੇ ਤਾਂ ਠੀਕ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਡਾਇਰੈਕਟਰ ਰਕੇਸ਼ ਕੁਮਾਰ ਗੁੰਬਰ, ਬਠਿੰਡਾ ਦੇ ਖੇਤੀਬਾੜੀ ਅਫ਼ਸਰ ਨਛੱਤਰ ਸਿੰਘ ਤੇ ਹੋਰਨਾਂ ਮਾਹਰਾਂ ਨੇ ਕਿਹਾ- "ਪਰਾਲੀ ਦੀ ਵਰਤੋਂ ਦੀ ਤਕਨੀਕ ਉਪਲਬਧ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ। ਮਿੱਤਰ ਕੀਟ ਬਚੇ ਰਹਿੰਦੇ ਹਨ। ਦੂਸਰੇ ਕੀਟਾਂ ਦੇ ਹਮਲੇ ਤੋਂ ਬਚਾਅ ਰਹਿੰਦਾ ਹੈ। ਪਰ ਛੋਟੇ ਕਿਸਾਨ ਇਸ ਤਕਨੀਕ ਦਾ ਇਸਤੇਮਾਲ ਨਹੀਂ ਕਰ ਪਾ ਰਹੇ। ਇਸ ਲਈ ਚਾਰ ਹਜ਼ਾਰ ਰੁਪਏ ਪ੍ਰਤੀ ਏਕੜ ਖ਼ਰਚ ਕਰਨੇ ਪੈਣਗੇ। ਸਰਕਾਰ ਮਦਦ ਕਰੇ ਤਾਂ ਕਿਸਾਨ ਇਸ ਨੂੰ ਅਪਨਾ ਸਕਦਾ ਹੈ।

## 350 ਸਾਲਾ ਸਮਾਗਮ ਲਈ ਸੰਗਤ ਨੂੰ ਮਿਲੇਗੀ ਵਿਸ਼ੇਸ਼ ਟਰੇਨ

ਆਨੰਦਪੁਰ ਸਾਹਿਬ : "ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਬੀਰਤਾ ਤੇ ਦ੍ਰਿੜਤਾ ਦਾ ਸੰਦੇਸ਼ ਦਿੱਤਾ ਹੈ। ਅਸੀਂ ਇਸ ਸੰਦੇਸ਼ ਨੂੰ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ 350ਵੇਂ ਪ੍ਰਕਾਸ਼ ਦਿਹਾੜੇ ਮੌਕੇ ਇਕ ਲਾਮਿਸਾਲ ਧਾਰਮਿਕ ਸਮਾਗਮ ਕਰਾ ਰਹੇ ਹਾਂ ਤਾਂ ਕਿ ਉਨ੍ਹਾਂ ਵਲੋਂ ਸਾਰੇ ਪਰਿਵਾਰ ਦੀ ਦਿੱਤੀ ਕੁਰਬਾਨੀ ਨੂੰ ਸਾਰੇ ਲੋਕ ਜਾਣ ਸਕਣ।" ਇਹ ਪ੍ਰਗਟਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਸਮ ਪਾਤਸ਼ਾਹ ਨੂੰ ਆਪਣੇ ਅਕੀਦਤ ਦੇ ਫੁੱਲ ਭੇਟ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਨੇ ਕਿਹਾ, "ਸਿੱਖ ਕੌਮ ਨਾਲ ਮੇਰਾ ਖੂਨ ਦਾ ਰਿਸ਼ਤਾ ਹੈ ਕਿਉਂਕਿ ਜਦੋਂ ਦਸਮ ਪਾਤਸ਼ਾਹ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ ਤਾਂ ਪੰਜ ਪਿਆਰਿਆਂ ਵਿਚੋਂ ਇਕ ਪਿਆਰਾ ਗੁਜਰਾਤ ਜੋ ਕਿ ਮੇਰੀ ਧਰਤੀ ਹੈ, ਉੱਥੋਂ ਦੇ ਇਕ ਸ਼ਹਿਰ ਦੁਆਰਕਾ ਦਾ ਵਾਸੀ ਸੀ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਸੀ ਸਦਭਾਵਨਾ, ਤਿਆਗ, ਜਾਤ-ਪਾਤ ਦੇ ਵਿਰੁੱਧ, ਸੇਵਾ ਮਹਾਨ ਕੁਰਬਾਨੀ ਦੇ ਪ੍ਰਤੀਕ ਸਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਸੰਦੇਸ਼ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦੇ ਮਕਸਦ ਨਾਲ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸਮੁੱਚੇ ਭਾਰਤ ਵਿਚ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ਅਤੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਵਿਖੇ ਕਰਵਾਏ ਜਾ ਰਹੇ ਰਾਸ਼ਟਰੀ ਪੱਧਰ ਦੇ ਸਮਾਗਮਾਂ ਮੌਕੇ ਦੇਸ਼ ਦੇ ਕੋਨੇ-ਕੋਨੇ ਤੋਂ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੇ ਭਾਸ਼ਣ ਤੋਂ ਪਹਿਲਾਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਸ੍ਰੀ ਨਰਿੰਦਰ ਮੋਦੀ ਨੂੰ ਸਿਰੋਪਾਓ ਦੁਸ਼ਾਲਾ ਤੇ ਸ੍ਰੀ ਦਰਬਾਰ ਸਾਹਿਬ ਦੀ ਫੋਟੋ ਭੇਟ ਕਰਕੇ ਸਨਮਾਨਿਤ ਕੀਤਾ। ਮੁੱਖ ਮੰਤਰੀ ਸ. ਬਾਦਲ ਨੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਕੁਰਬਾਨੀ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸ਼ਹਾਦਤ ਉਨ੍ਹਾਂ ਤਾਕਤਾਂ ਵਿਰੁੱਧ ਸੀ ਜਿਹੜੇ ਜਬਰੀ ਲੋਕਾਂ ਦੇ ਧਰਮ ਨੂੰ ਬਦਲਵਾ ਕੇ ਆਪਣੇ ਧਰਮ ਵਿਚ ਸ਼ਾਮਲ ਕਰਾਉਂਦੇ ਸਨ, ਦਸਮ ਪਾਤਸ਼ਾਹ ਨੇ ਇਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਤੇ ਆਪਣੇ ਸ਼ਰਧਾਲੂਆਂ ਨੂੰ ਕਿਹਾ ਕਿ ਨਾ ਤਾਂ ਜ਼ੁਲਮ ਕਰਨਾ ਚਾਹੀਦਾ ਹੈ ਤੇ ਨਾ ਹੀ ਸਹਿਣਾ ਚਾਹੀਦਾ ਹੈ। ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੇ ਬਹੁਤ ਸਾਰੀਆਂ ਯਾਦਾਂ ਸਥਾਪਤ ਕਰਕੇ ਵਿਰਸੇ ਨਾਲ ਜੋੜਿਆ ਹੈ। ਵਿਰਾਸਤ-ਏ-ਖਾਲਸਾ ਦੇ ਦੂਜੇ ਫੇਜ਼ ਨੂੰ ਸੰਗਤ ਦੇ ਸਮਰਪਿਤ ਕੀਤਾ ਗਿਆ ਹੈ ਤਾਂ ਕਿ ਅਸੀਂ ਆਪਣੇ ਅਮੀਰ ਵਿਰਸੇ ਨਾਲ ਨੌਜਵਾਨੀ ਨੂੰ ਜੋੜੀ ਰੱਖੀਏ। ਇਸ ਮੌਕੇ ਕੇਂਦਰ ਦੇ ਰਾਜ ਮੰਤਰੀ ਤੇ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਵਿਜੇ ਸਾਂਪਲਾ ਨੇ ਕਿਹਾ ਕਿ ਦਸਮ ਪਾਤਸ਼ਾਹ ਦੇ ਅਸੂਲਾਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਲਿਜਾਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪ੍ਰਧਾਨ ਮੰਤਰੀ ਨੂੰ ਇਸ ਪਵਿੱਤਰ ਅਸਥਾਨ 'ਤੇ ਆਉਣ ਨੂੰ ਇਕ ਪ੍ਰਸ਼ੰਸਾਯੋਗ ਉਪਰਾਲਾ ਦੱਸਿਆ। ਉਨ੍ਹਾਂ ਨੇ ਇਸ ਮੌਕੇ ਆਈਆਂ ਸਾਰੀਆਂ ਸ਼ਖ਼ਸੀਅਤਾਂ ਤੇ ਸੰਗਤਾਂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਸਿੱਖਿਆ ਮੰਤਰੀ ਪੰਜਾਬ ਡਾ. ਦਲਜੀਤ ਸਿੰਘ ਚੀਮਾ ਨੇ ਨਿਭਾਇਆ।

## ਭੂਤਰੇ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕੇ ਨੇ ਹੌਲਦਾਰ ਨੂੰ ਗਾਲ੍ਹਾਂ ਕੱਢੀਆਂ





ਬਠਿੰਡਾ ਸਮਾਗਮ ਵਿਚ ਪਹੁੰਚੇ ਪੇਂਡੂ ਵਿਕਾਸ ਮੰਤਰੀ ਸਿਕੰਦਰ ਸਿਘ ਮਲੂਕਾ ਦੀ ਵੀ.ਆਈ. ਪੀ. ਗੇਟ 'ਤੇ ਤੈਨਾਤ ਮੋਗਾ ਪੁਲੀਸ ਦੇ ਹੈੱਡਕਾਂਸਟੇਬਲ ਕਮਲਜੀਤ ਸਿੰਘ ਨਾਲ ਝੜਪ ਹੋ ਗਈ। ਕਾਂਸਟੇਬਲ ਨੇ ਕਿਹਾ, "ਮਲੂਕਾ ਦੀ ਗੱਡੀ ਨੋ ਐਂਟਰੀ ਜੋਨ ਵਿਚ ਜਾ ਰਹੀ ਸੀ। ਜਦੋਂ ਉਨ੍ਹਾਂ ਨੇ ਰੋਕਣਾ ਚਾਹਿਆ ਤਾਂ ਗੱਡੀ ਵਿਚ ਮੌਜੂਦ ਮੰਤਰੀ ਨੇ ਉਸ ਨੂੰ ਗਾਲ੍ਹਾਂ ਕੱਢੀਆਂ। ਉਨ੍ਹਾਂ ਦੇ ਸਮਰਥਕਾਂ ਨੇ ਹੱਥੋ-ਪਾਈ ਕੀਤੀ ਤੇ ਉਸ ਦੀ ਬੈਲਟ ਫੜ ਕੇ ਧੱਕੇ ਮਾਰੇ। ਮੌਕੇ 'ਤੇ ਲੋਕਾਂ ਦੇ ਜਮ੍ਹਾ ਹੋਣ ਤੇ ਹੋਰਨਾਂ ਪੁਲੀਸ ਵਾਲਿਆਂ ਦੇ ਆਉਣ ਨਾਲ ਮਲੂਕਾ ਦੇ ਡਰਾਈਵਰ ਨੂੰ ਗੱਡੀ ਵਾਪਸ ਲਿਜਾਣੀ ਪਈ। ਉਧਰ ਮਲੂਕਾ ਨੇ ਕਿਹਾ, "ਉਨ੍ਹਾਂ ਦਾ ਕਿਸੇ ਪੁਲੀਸਵਾਲੇ ਨਾਲ ਝਗੜਾ ਨਹੀਂ ਹੋਇਆ ਤੇ ਨਾ ਹੀ ਉਨ੍ਹਾਂ ਨੇ ਕਿਸੇ ਨੂੰ ਗਾਲ੍ਹਾਂ ਕੱਢੀਆਂ ਹਨ।" ਸਮਾਗਮ ਖ਼ਤਮ ਹੋਣ ਮਗਰੋਂ ਹੈੱਡਕਾਂਸਟੇਬਲ ਨੂੰ ਅਧਿਕਾਰੀਆਂ ਵਲੋਂ ਪੁੱਛਗਿਛ ਲਈ ਸੱਦਿਆ ਗਿਆ।

## ਸੁਖਬੀਰ ਬਾਦਲ ਨੇ ਮੋਗਾ ਰੈਲੀ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਮੋਗਾ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਵਲੋਂ 'ਪਾਣੀ ਬਚਾਓ ਪੰਜਾਬ ਬਚਾਓ' ਦੇ ਬੈਨਰ ਹੇਠ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਮੌਕੇ 8 ਦਸੰਬਰ ਨੂੰ ਮੋਗਾ ਵਿਖੇ ਕਰਵਾਈ ਜਾ ਰਹੀ ਇਤਿਹਾਸਕ ਰੈਲੀ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਉਚੇਚੇ ਤੌਰ 'ਤੇ ਪਹੁੰਚੇ। ਇਸ ਦੌਰਾਨ ਉਨ੍ਹਾਂ 10 ਜ਼ਿਲ੍ਹਿਆਂ ਤੋਂ ਆਏ ਅਕਾਲੀ ਆਗੂਆਂ ਅਤੇ ਅਹੁਦੇਦਾਰਾਂ ਨਾਲ ਮੀਟਿੰਗ ਵੀ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਆਪਣੀ ਪਾਰਟੀ ਦੀ ਐਲਾਨੇ ਉਮੀਦਵਾਰਾਂ ਨੂੰ ਕਿਹਾ ਕਿ ਤੁਹਾਨੂੰ ਟਿਕਟਾਂ ਤਾਂ ਦੇ ਦਿੱਤੀਆਂ ਹਨ ਪਰ ਚੋਣ ਨਿਸ਼ਾਨ ਨੂੰ ਪੱਕਾ ਨਾ ਸਮਝੋ ਕਿਉਂਕਿ ਜੇਕਰ ਤੁਹਾਡੀ ਕਾਰਗੁਜ਼ਾਰੀ ਆਪਣੇ ਇਲਾਕੇ ਵਿਚ ਵਧੀਆ ਨਾ ਹੋਈ ਤਾਂ ਤੁਹਾਡੀ ਟਿਕਟ ਬਾਰੇ ਵਿਚ ਮੁੜ ਸੋਚਿਆ ਜਾ ਸਕਦਾ ਹੈ। ਪਾਰਟੀ ਤੋਂ ਅਸਤੀਫ਼ਾ ਦੇਣ ਵਾਲੇ ਬਾਘਾਪੁਰਾਣਾ ਤੋਂ ਵਿਧਾਇਕ ਮਹੇਸ਼ਇੰਦਰ ਸਿੰਘ ਅਤੇ ਨਿਹਾਲ ਸਿੰਘ ਵਾਲਾ ਤੋਂ ਵਿਧਾਇਕ ਬਾਕੀ ਸਫ਼ਾ 30 'ਤੇ

## ਸੰਤ ਦਾਦੂਵਾਲ ਨੇ ਕਿਹਾ : ਵਿਘਨ ਪਾਇਆ ਤਾਂ ਨਹੀਂ ਹੋਣ ਦਿਆਂਗੇ ਮੋਗਾ ਰੈਲੀ

**ਬਠਿੰਡਾ :** ਸਰਬੱਤ ਖਾਲਸਾ ਪ੍ਰਬੰਧਕ ਧਿਰਾਂ ਦੀ ਅਹਿਮ ਇਕੱਤਰਤਾ ਗੁਰਦੁਆਰਾ ਹਾਜੀਰਤਨ ਸਾਹਿਬ ਵਿਖੇ ਸਰਬੱਤ ਖਾਲਸਾ ਚੱਬਾ ਵਿਚ ਥਾਪੇ ਗਏ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਹੇਠ ਹੋਈ। ਇਕੱਤਰਤਾ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਯੂਨਾਈਟਿਡ ਅਕਾਲੀ ਦਲ, ਪੰਥਕ ਸੇਵਾ ਲਹਿਰ ਤੇ ਹੋਰ ਪੰਥਕ ਧਿਰਾਂ ਦੇ ਜ਼ਿਲ੍ਹਾ ਮਾਨਸਾ, ਬਰਨਾਲਾ ਦੇ ਬਾਕੀ ਸਫ਼ਾ 30 'ਤੇ

## ਗਰਮ ਖਿਆਲੀ ਆਗੂਆਂ ਨੇ ਦਿੱਤੀ ਚਿਤਾਵਨੀ :

ਫਿਰੋਜ਼ਪੁਰ : ਇਸ ਵਾਰ ਸਰਬੱਤ ਖਾਲਸਾ ਹੋ ਕੇ ਰਹੇਗਾ, ਇਸ ਨੂੰ ਕੋਈ ਨਹੀਂ ਰੋਕ ਸਕਦਾ। ਇਹ ਕਹਿਣਾ ਹੈ ਅੰਮ੍ਰਿਤਸਰ ਦੇ ਪਿੰਡ ਚੱਬਾ ਵਿਚ ਹੋਏ ਸਰਬੱਤ ਖਾਲਸਾ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਥਾਪੇ ਗਏ ਜਥੇਦਾਰ ਭਾਈ ਧਿਆਨ ਸਿੰਘ ਮੰਡ ਦਾ। ਫਿਰੋਜ਼ਪੁਰ ਵਿਚ ਹਮਖਿਆਲੀਆਂ ਨਾਲ ਮੀਟਿੰਗ ਕਰਦਿਆਂ ਭਾਈ ਮੰਡ ਨੇ ਕਿਹਾ ਕਿ ਪਿਛਲੀ ਵਾਰ ਤਾਂ ਸਰਕਾਰ ਨੇ ਬਲਪੂਰਵਕ ਉਨ੍ਹਾਂ ਨੂੰ ਰੋਕ ਲਿਆ ਸੀ ਪਰ ਜੇ ਸਰਕਾਰ ਨੇ ਹੁਣ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਦਾ ਮਾਹੌਲ ਖ਼ਰਾਬ ਹੋ ਜਾਵੇਗਾ। ਉਧਰ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਸਰਬੱਤ ਖਾਲਸਾ ਦੇ ਕੰਮ ਵਿਚ ਟੰਗ ਅੜਾਈ ਤਾਂ ਉਹ ਬਾਦਲ ਦਾ ਜਨਮ ਦਿਨ ਨਹੀਂ ਮਨਾਉਣ ਦੇਣਗੇ। ਦੱਸ ਦਈਏ ਕਿ ਇਸ ਤੋਂ ਪਹਿਲਾਂ ਸਰਬੱਤ ਖਾਲਸਾ ਲਈ ਪਹਿਲਾਂ 10 ਨਵੰਬਰ ਦੀ ਤਾਰੀਕ ਮੁਕੱਰਰ ਕੀਤੀ ਗਈ ਸੀ, ਜੋ ਸਰਕਾਰ ਨੇ ਅਮਨ ਸ਼ਾਂਤੀ ਦਾ ਹਵਾਲਾ ਦੇ ਕੇ ਰੱਦ ਕਰਵਾ ਦਿੱਤੀ। ਹੁਣ 8 ਦਸੰਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਤਲਵੰਡੀ ਸਾਬੋ ਵਿਖੇ ਸਰਬੱਤ ਖਾਲਸਾ ਹੋਣ ਜਾ ਰਿਹਾ ਹੈ।

# ਤੰਦਾਂ ਮੋਹ ਦੀਆਂ : ਗੱਲ ਏਧਰਲੇ ਪੰਜਾਬ ਦੀ ਤੇ ਓਧਰਲੇ ਪੰਜਾਬ ਦੀ

**ਮੈਂ ਇਸ ਗੱਲ ਦੇ ਸਖ਼ਤ ਖ਼ਿਲਾਫ਼ ਹਾਂ ਕਿ ਰੋਟੀ ਰੋਜ਼ੀ ਲਈ ਫ਼ੌਜ 'ਚ ਭਰਤੀ ਹੋਏ ਬੇਲੋੜੀ ਮੌਤ ਮਰੇ ਨੂੰ ਸ਼ਹੀਦ ਆਖ ਕੇ ਹੋਰ ਲੋਕਾਂ ਨੂੰ ਵੀ ਇਸ ਰਾਹ ਉੱਤੇ ਤੁਰਨ ਲਈ ਉਕਸਾਇਆ ਜਾਂਦਾ ਹੈ। ਇਸ ਤਰ੍ਹਾਂ ਪਾਕਿਸਤਾਨ ਵਿੱਚ ਵੀ ਜੰਗਾਂ-ਯੁੱਧਾਂ ਵਿੱਚ ਮਾਰੇ ਗਏ ਲੋਕਾਂ ਨੂੰ ਜੰਨਤ ਦੇ ਲਾਰੇ ਲਾ ਕੇ ਇਸ ਜੀਵਨ ਨੂੰ ਭੁੱਲ ਕੇ ਹਕੂਮਤਾਂ ਦੇ ਮੋਹਰੇ ਬਣ ਕੇ ਜਾਨਾਂ ਗੁਆਉਣ ਲਈ ਪ੍ਰੇਰਿਆ ਜਾਂਦਾ ਹੈ।**

**ਇਹ ਸਾਰਾ ਕੁਝ ਸਾਡੀਆਂ ਅੱਖਾਂ ਅੱਗੇ ਵਾਪਰ ਰਿਹਾ ਹੈ। ਫਿਰ ਵੀ ਅਸੀਂ ਅਸਲੀਅਤ ਨੂੰ ਨਹੀਂ ਸਮਝਦੇ। ਸ਼ਹੀਦ ਉਹ ਹੁੰਦਾ ਹੈ ਜਿਹੜਾ ਕਿਸੇ ਰੱਬੀ ਕੰਮ ਲਈ ਰੱਬ ਦੇ ਬੰਦਿਆਂ ਦੇ ਹਿਤ ਲਈ ਸਭ ਕੁਝ ਜਾਣਦਿਆਂ ਬੁੱਝਦਿਆਂ ਖ਼ਤਰੇ ਵਾਲਾ ਰਾਹ ਚੁਣਦਾ ਹੈ ਤੇ ਫੇਰ ਮਾਰਿਆ ਜਾਂਦਾ ਹੈ। ਫ਼ੌਜ ਅਤੇ ਪੁਲੀਸ ਦਾ ਬੰਦਾ ਕਿਸੇ ਨੂੰ ਮਾਰਦਾ ਹੈ ਜਾਂ ਕਿਸੇ ਤੋਂ ਮਾਰਿਆ ਜਾਂਦਾ ਹੈ, ਇਹ ਉਸੇ ਤਰ੍ਹਾਂ ਹੈ ਜਿਵੇਂ ਦੋ ਭਰਾ ਲੜ ਪੈਣ; ਤੇ ਲੜਾਈ ਦਾ ਕਾਰਨ ਜ਼ਰ, ਜੋਰੂ ਤੇ ਜ਼ਮੀਨ ਕੁਝ ਵੀ ਹੋ ਸਕਦਾ ਹੈ; ਲੜਦਿਆਂ ਜਿਹੜਾ ਮਰ ਜਾਂਦਾ ਹੈ ਉਸ ਨੂੰ ਅਸੀਂ ਸ਼ਹੀਦ ਨਹੀਂ ਆਖ ਸਕਦੇ। ਠੀਕ ਹੈ, ਉਸ ਦੀ ਮੌਤ ਘਰਦਿਆਂ, ਮਿੱਤਰਾਂ, ਦੇਸ਼ ਲਈ ਘਾਟਾ ਜ਼ਰੂਰ ਹੁੰਦਾ ਹੈ, ਪਰ ਉਸ ਨੂੰ ਈਦ 'ਤੇ ਵੱਢੇ ਜਾਂਦੇ ਬੱਕਰੇ ਵਾਂਗ ਅਸੀਂ ਸ਼ਹੀਦ ਹੋਇਆ ਨਹੀਂ ਆਖ ਸਕਦੇ।''**

**ਡਾ. ਦਲੀਪ ਕੌਰ ਟਿਵਾਣਾ**



ਕਈ ਸਾਲ ਹੋਏ ਪਾਕਿਸਤਾਨੀ ਲੇਖਿਕਾ ਅਫ਼ਜ਼ਲ ਤੌਸੀਫ਼ ਦਿੱਲੀ ਅੰਮ੍ਰਿਤਾ ਨੂੰ ਮਿਲਣ ਆਈ। ਉਸ ਕੋਲ ਭਾਵੇਂ ਪਟਿਆਲੇ ਦਾ ਵੀਜ਼ਾ ਨਹੀਂ ਸੀ। ਉਹ ਟੈਕਸੀ ਵਿੱਚ ਪਟਿਆਲੇ, ਪੰਜਾਬੀ ਯੂਨੀਵਰਸਿਟੀ ਵਿੱਚ ਸਾਡੇ ਘਰ ਆ ਗਈ। "ਮੇਰੇ ਕਿਹੜਾ ਮੱਥੇ 'ਤੇ ਲਿਖਿਆ ਹੋਇਆ ਕਿ ਮੈਂ ਪਾਕਿਸਤਾਨੀ ਹਾਂ। ਮੈਂ ਵੀ ਤਾਂ ਤੁਹਾਡੇ ਲੋਕਾਂ ਵਰਗੀ ਹੀ ਹਾਂ। ਨਾਲੇ ਜੇ ਕੋਈ ਪੁੱਛ ਵੀ ਲੈਂਦਾ ਤਾਂ ਮੈਂ ਆਖਣਾ ਸੀ ਕਿ ਮੈਂ ਟਿਵਾਣਾ ਦੇ ਘਰ ਚੱਲੀ ਹਾਂ। ਫੇਰ ਮੈਨੂੰ ਕੀਹਨੇ ਰੋਕਣਾ ਸੀ। ਸੁਣਿਐ ਇਧਰਲੇ ਪੰਜਾਬ ਵਿੱਚ ਲੋਕ ਤੇਰੀ ਬੜੀ ਇੱਜ਼ਤ ਕਰਦੇ ਨੇ।" ਉਸ ਨੇ ਚਾਹ ਪੀਂਦੀ ਨੇ ਹੱਸ ਕੇ ਦੱਸਿਆ। ਫੇਰ ਅੱਗੋਂ ਆਖਣ ਲੱਗੀ, "ਜਲੰਧਰ ਕੋਲ ਸਾਡਾ ਪਿੰਡ ਹੈ। ਉੱਥੇ ਹੁਣ ਸਾਡਾ ਕੋਈ ਨਹੀਂ। ਹੱਲਿਆਂ ਵੇਲੇ ਮੇਰੇ ਸਾਰੇ ਘਰਦਿਆਂ ਨੂੰ ਵੱਢ ਕੇ ਖੂਹ 'ਚ ਸੁੱਟ ਦਿੱਤਾ ਸੀ। ਉਸ ਵੇਲੇ ਮੈਂ ਕਿਧਰੇ ਗਈ ਹੋਈ ਸੀ ਤਾਂ ਬਚ ਗਈ। ਬੜਾ ਜੀਅ ਕਰਦਾ ਸੀ ਕਿ ਆਪਣੇ ਪੇਕਿਆਂ ਦੀ ਧਰਤੀ ਨੂੰ ਦੇਖਣ ਦਾ। ਤੂੰ ਸੁਣਾ, ਤੇਰਾ ਕੀ ਹਾਲ ਐ। ਅੰਮ੍ਰਿਤਾ ਤੈਨੂੰ ਬੜਾ ਯਾਦ ਕਰਦੀ ਸੀ। ਉਸੇ ਨੂੰ ਮੈਂ ਪੁੱਛਿਆ ਸੀ ਕਿ ਹੋਰ ਮੈਂ ਕੀਹਨੂੰ ਮਿਲਣ ਜਾਵਾਂ। ਉਸ ਨੇ ਤੇਰਾ ਨਾਂ ਲਿਆ ਸੀ।"

"ਚੰਗਾ ਕੀਤਾ। ਹੁਣ ਸਾਡੇ ਕੋਲ ਰਹਿਣਾ ਦੋ ਚਾਰ ਦਿਨ," ਮੈਂ ਕਿਹਾ।

"ਟੈਕਸੀ ਵਾਲੇ ਨੂੰ ਮੈਂ ਮੋੜ ਦਿੱਤਾ। ਇੱਕ ਅੱਧ ਦਿਨ ਤਾਂ ਰਹਾਂਗੀ ਨਾ। ਤੇਰਾ ਸਰਦਾਰ ਜੀ ਤਾਂ ਨਹੀਂ ਗੁੱਸੇ ਹੋ ਸੀ?" ਉਸ ਨੇ ਪੁੱਛਿਆ। ਫੇਰ ਕਹਿਣ ਲੱਗੀ, "ਉਂਜ ਮੈਂ ਆਪੇ ਸੋਚ ਲਿਆ ਸੀ ਕਿ ਤੇਰਾ ਘਰਵਾਲਾ ਕੋਈ ਆਮ ਬੰਦਾ ਤਾਂ ਹੋਵੇਗਾ ਨਹੀਂ ਜਿਹੜਾ ਤੈਨੂੰ ਨਾਰਾਜ਼ ਹੋਵੇ ਬਈ ਇੱਕ ਮੁਸਲਮਾਨ ਔਰਤ ਨੂੰ ਘਰ ਰੱਖ ਲਿਐ। ਤੇਰਾ ਬਸ ਇੱਕੋ ਬੇਟਾ ਐ ਨਾ?"

"ਹਾਂ। ਬਹੁਤ ਸਾਊ ਹੈ," ਮੈਂ ਕਿਹਾ।

ਉਹ ਹੱਸ ਪਈ ਤੇ ਕਹਿਣ ਲੱਗੀ, "ਮੇਰਾ ਵੀ ਇੱਕੋ ਬੇਟਾ ਐ। ਬਹੁਤ ਸ਼ਰੀਫ। ਉਸ ਦਾ ਮੈਂ ਬੜੇ ਚਾਵਾਂ ਨਾਲ ਵਿਆਹ ਕੀਤਾ, ਪਰ ਵਹੁਟੀ ਲੈ ਕੇ ਅੱਡ ਹੋ ਗਈ। ਹੁਣ ਮੈਨੂੰ ਸਮਝ ਆਉਂਦੀ ਹੈ ਕਿ ਕਿਸੇ ਨੇ ਸੱਚ ਆਖਿਆ ਹੈ 'ਨੋਟ ਤੁੜਵਾਇਆ ਤੇ ਗਿਆ, ਮੁੰਡਾ ਵਿਆਹਿਆ ਤੇ ਗਿਆ।' ਹੁਣ ਮੁੰਡਾ ਮੇਰਾ ਬੜਾ ਦੁਖੀ ਹੈ। ਵਹੁਟੀ ਉਸ ਦੀ ਨੂੰ ਆਪਣੇ ਆਪ ਤੋਂ ਬਿਨਾਂ ਕਿਸੇ ਦਾ ਖ਼ਿਆਲ ਹੀ ਨਹੀਂ। ਕੁੜੀਆਂ ਵਿਆਹ ਤੋਂ ਪਹਿਲਾਂ ਕੁਝ ਹੋਰ ਹੁੰਦੀਆਂ ਨੇ, ਵਿਆਹ ਤੋਂ ਮਗਰੋਂ ਹੋਰ ਹੋ ਜਾਂਦੀਆਂ ਨੇ। ਹਾਂ ਸੱਚ, ਤੂੰ ਮੇਰਾ ਕੁਝ ਪੜ੍ਹਿਆ ਵੀ ਹੈ ਕਿ ਨਹੀਂ।"

"ਮੈਂ ਕਹਾਣੀਆਂ ਦੀਆਂ ਤੁਹਾਡੀਆਂ ਤਿੰਨ ਕਿਤਾਬਾਂ ਪੜ੍ਹੀਆਂ ਨੇ," ਮੈਂ ਕਿਹਾ।

"ਮੈਨੂੰ ਪਤਾ ਐ ਮੈਂ ਚੰਗਾ ਲਿਖਦੀ ਹਾਂ। ਉਂਜ ਤਾਂ ਰੱਬ ਦਾ ਦਿੱਤਾ ਸਭ ਕੁਝ ਐ, ਪਰ ਫੇਰ ਵੀ ਇੱਕ ਖੋਹ ਜਿਹੀ ਪੈਂਦੀ ਰਹਿੰਦੀ ਐ। ਜੀਅ ਕਰਦੈ ਸਮਾਂ ਪੁੱਠਾ ਗਿੜ ਜਾਵੇ, ਮੁੜ ਕੇ ਉਹੀ ਆਪਣਾ ਗਰਾਂ, ਉਹੀ ਸਾਰੇ ਲੋਕ ਤੇ ਸਭ ਕੁਝ ਪਹਿਲਾਂ ਵਰਗਾ ਹੋ ਜਾਵੇ। ਇਸ ਵਾਰੀ ਤਾਂ ਨਹੀਂ, ਅਗਲੀ ਵਾਰੀ ਵੀਜ਼ਾ ਲੈ ਕੇ ਮੈਂ ਆਪਣੇ ਪਿੰਡ ਜਾਵਾਂਗੀ ਤੇ ਉਹ ਖੂਹ ਵੀ ਦੇਖ ਕੇ ਆਵਾਂਗੀ ਜਿਸ ਵਿੱਚ ਮੇਰੇ ਸਾਰੇ ਘਰ ਦੇ ਵੱਢ ਕੇ ਸੁੱਟੇ ਸਨ। ਮੈਂ ਦੇਖਣਾ ਚਾਹਾਂਗੀ ਕਿ ਉੱਥੋਂ ਦੇ ਲੋਕ ਕਿਵੇਂ ਜਿਉਂਦੇ ਨੇ। ਸਾਨੂੰ ਯਾਦ ਕਰਦੇ ਨੇ ਕਿ ਨਹੀਂ। ਖਵਰਾ ਅਜੇ ਵੀ ਮੇਰੇ ਘਰਦਿਆਂ ਦੀਆਂ ਹੱਡੀਆਂ ਉਸੇ ਖੂਹ 'ਚ ਪਈਆਂ ਹੋਣ," ਤੌਸੀਫ਼ ਨੇ ਕਿਹਾ।

"ਤੌਸੀਫ਼, ਸੋਚ ਕੇ ਇਹ ਬਹੁਤ ਅਜੀਬ ਲੱਗਦੈ। ਪਤਾ ਨਹੀਂ ਲੋਕਾਂ ਨੂੰ ਕੀ ਹੋ ਗਿਆ ਸੀ," ਮੈਂ ਆਖਿਆ।

ਤੌਸੀਫ਼ ਨੇ ਕਿਹਾ, "ਦਿਨੇ ਤਾਂ ਕੰਮਾਂ-ਧੰਦਿਆਂ ਵਿੱਚ ਭੁੱਲ ਜਾਂਦੈ। ਰਾਤ ਨੂੰ ਜਦੋਂ ਕਦੇ ਅੱਖ ਖੁੱਲ੍ਹ ਜਾਵੇ ਤਾਂ ਮੈਂ ਇਧਰ ਆਪਣੇ ਪਿੰਡ ਤੁਰੀ ਫਿਰਦੀ ਰਹਿੰਦੀ ਹਾਂ। ਕਦੇ ਕਦੇ ਇਹ ਵੀ ਸੋਚੀਦੈ ਉਹ ਤਾਂ ਇੱਕ ਡਰਾਉਣਾ ਸੁਪਨਾ ਸੀ।"

ਮੇਰੇ ਕੋਲ ਤੌਸੀਫ਼ ਦੀਆਂ ਗੱਲਾਂ ਦਾ ਕੋਈ ਜੁਆਬ ਨਹੀਂ ਸੀ। ਉਹ ਫਿਰ ਪੁੱਛਣ ਲੱਗੀ, "ਟਿਵਾਣਾ, ਜਦੋਂ ਬੰਦਿਆਂ ਦੀਆਂ ਆਪਸੀ ਲੜਾਈਆਂ ਹੁੰਦੀਆਂ ਨੇ ਤਾਂ ਗਾਲ੍ਹਾਂ ਔਰਤਾਂ ਨੂੰ ਕੱਢਦੇ ਨੇ, ਉਨ੍ਹਾਂ ਦਾ ਸਾਰਾ ਵਹਿਸ਼ੀਪਣ ਵੀ ਔਰਤਾਂ ਉਪਰ ਹੀ ਕਿਉਂ ਨਿਕਲਦੈ?"

"ਇਸ ਲਈ ਕਿ ਆਦਮੀਆਂ ਦੇ ਮੁਕਾਬਲੇ 'ਚ ਔਰਤਾਂ ਕਮਜ਼ੋਰ ਹੁੰਦੀਆਂ ਨੇ, ਸੰਕਟ ਦੀ ਘੜੀ ਬਹੁਤ ਡਰ ਜਾਂਦੀਆਂ ਨੇ," ਮੈਂ ਉੱਤਰ ਦਿੱਤਾ।

"ਤੁਹਾਡੇ ਗੁਰੂ ਨੇ ਔਰਤਾਂ ਨੂੰ ਵੀ ਛੋਟੀ ਕਿਰਪਾਨ ਪਾ ਕੇ ਰੱਖਣ ਲਈ ਸ਼ਾਇਦ ਇਸੇ ਲਈ ਆਖਿਆ ਸੀ ਕਿ ਸੰਕਟ ਦੀ ਘੜੀ ਉਹ ਜ਼ਾਲਮ ਦਾ ਟਾਕਰਾ ਕਰ ਸਕਣ," ਤੌਸੀਫ਼ ਬੋਲੀ।

ਉਸ ਰਾਤ ਤੌਸੀਫ਼ ਮੇਰੇ ਨਾਲ ਬੜੀ ਰਾਤ ਤਕ ਇਧਰ-ਓਧਰ ਦੀਆਂ ਗੱਲਾਂ ਕਰਦੀ ਰਹੀ। ਉਸ ਨੇ ਇਹ ਵੀ ਆਖਿਆ ਕਿ ਦੇਸ਼ ਦੀ ਵੰਡ ਕਰਕੇ ਅੰਗਰੇਜ਼ ਸਾਨੂੰ ਕਿੱਡਾ ਬੇਵਕੂਫ਼ ਬਣਾ ਗਏ ਨੇ ਬਈ ਆਪਸ 'ਚ ਲੜੀ ਜਾਓ, ਮਰੀ ਜਾਓ।

ਇਉਂ ਤੌਸੀਫ਼ ਸਾਡੇ ਕੋਲ ਦੋ ਦਿਨ ਰਹੀ। ਜਾਣ ਤੋਂ ਪਹਿਲਾਂ ਉਸ ਨੇ ਆਖਿਆ, "ਕਿੱਡੀ ਸ਼ਾਂਤੀ ਹੈ ਤੇਰੀ ਯੂਨੀਵਰਸਿਟੀ 'ਚ ਤੇ ਤੇਰੇ ਘਰ ਵਿੱਚ। ਤੂੰ ਮੈਨੂੰ ਹਮੇਸ਼ਾਂ ਲਈ ਇੱਥੇ ਰੱਖ ਲੈ," ਉਸ ਨੇ ਜਿਵੇਂ ਤਰਲੇ ਵਾਂਗ ਆਖਿਆ।

"ਮੇਰੇ ਜੇ ਵੱਸ ਹੋਵੇ ਮੈਂ ਪਾਰਟੀਸ਼ਨ ਵਾਲੀ ਲਕੀਰ ਨੂੰ ਹੀ ਮਿਟਾ ਦਿਆਂ," ਮੈਂ ਕਿਹਾ।

"ਹੋ ਸਕਦੈ ਸੌ ਦੋ ਸੌ ਸਾਲਾਂ ਨੂੰ ਸਾਡੇ ਨਾਲੋਂ ਵੱਧ ਸਿਆਣੇ ਤੇ ਸਾਡੇ ਨਾਲੋਂ ਵੱਧ ਚੰਗੇ ਲੋਕ ਇਸ ਧਰਤੀ 'ਤੇ ਵਸਦੇ ਹੋਣ। ਫੇਰ ਉਹ ਪਾਰਟੀਸ਼ਨ ਨੂੰ ਬੇਵਕੂਫ਼ੀ ਸਮਝ ਪਾਰਟੀਸ਼ਨ ਵਾਲੀ ਲਕੀਰ ਨੂੰ ਮੇਟ ਦੇਣ," ਮੈਂ ਆਖਿਆ।

ਤੀਜੇ ਦਿਨ ਜਦ ਉਹ ਜਾਣ ਲੱਗੀ ਤਾਂ ਮੈਂ ਉਸ ਨੂੰ ਦੋ ਸਿਲਕ ਦੇ ਸੂਟ, ਇੱਕ ਲੱਡੂਆਂ ਦਾ ਡੱਬਾ ਦਿੱਤਾ।

"ਇਹ ਕੀ?" ਉਸ ਨੇ ਪੁੱਛਿਆ।

"ਪਰਲੇ ਪਾਰ ਜੇ ਤੇਰੇ ਸਹੁਰੇ ਨੇ ਤਾਂ ਉਰਲੇ ਪਾਰ ਤੇਰੇ ਪੇਕੇ ਨੇ। ਪੇਕਿਆਂ ਦੇ ਘਰੋਂ ਧੀ ਖਾਲੀ ਨਹੀਂ ਜਾਂਦੀ ਹੁੰਦੀ," ਇਹ ਸੁਣ ਕੇ ਉਸ ਦੀਆਂ ਅੱਖਾਂ ਛਲਕ ਪਈਆਂ ਤੇ ਕਿਹਾ, "ਤੂੰ ਵੀ ਕਦੇ ਉਧਰ ਮੇਰੇ ਘਰ ਆ।"

"ਠੀਕ ਹੈ, ਮੈਂ ਵੀ ਆਵਾਂਗੀ," ਮੈਂ ਇਹ ਕਹਿ ਕੇ ਉਸ ਨੂੰ ਆਪਣੀ ਕਾਰ 'ਚ ਦਿੱਲੀ ਭੇਜ ਦਿੱਤਾ ਕਿਉਂਕਿ ਉਸ ਨੇ ਦਿੱਲੀ ਤੋਂ ਹੀ ਵਾਪਸ ਜਾਣਾ ਸੀ।

ਕੁਝ ਸਾਲਾਂ ਮਗਰੋਂ ਮੇਰਾ ਉਧਰ ਪਾਕਿਸਤਾਨ ਜਾਣ ਦਾ ਸਬੱਬ ਬਣ ਗਿਆ। ਆਲਮੀ ਪੰਜਾਬੀ ਕਾਨਫਰੰਸ ਉਦੋਂ ਲਾਹੌਰ ਵਿੱਚ ਹੋਣੀ ਸੀ। ਇਸ ਦਾ ਪ੍ਰਬੰਧ ਫ਼ਖ਼ਰ ਜ਼ਮਾਨ ਨੇ ਕੀਤਾ ਸੀ। ਬਹੁਤ ਸਾਰੇ ਹੋਰ ਲੋਕਾਂ ਦੇ ਨਾਲ ਮੈਨੂੰ ਵੀ ਉਸ ਕਾਨਫਰੰਸ 'ਚ ਸੱਦਿਆ ਗਿਆ ਸੀ। ਅੰਗਰੇਜ਼ਾਂ ਵੇਲੇ ਦੇ ਇੱਕ ਆਲੀਸ਼ਾਨ ਮਹਿੰਗੇ ਹੋਟਲ ਵਿੱਚ ਸਾਨੂੰ ਠਹਿਰਾਇਆ ਗਿਆ। ਉੱਥੇ ਰਹਿਣ, ਖਾਣ-ਪੀਣ ਦਾ ਪ੍ਰਬੰਧ ਕਾਨਫਰੰਸ ਵਾਲਿਆਂ ਦਾ ਸੀ, ਸਿਰਫ਼ ਬੈੱਡ ਟੀ ਅਸੀਂ ਪੱਲਿਓਂ ਪੀਣੀ ਸੀ। ਮੈਨੂੰ ਤੇ ਹਰਜਿੰਦਰ ਕੌਰ ਨੂੰ ਇੱਕ ਕਮਰੇ ਵਿੱਚ ਠਹਿਰਾਇਆ ਗਿਆ ਸੀ। ਸਵੇਰੇ ਸਵੇਰੇ ਬੈਰਾ ਦੋ ਕੱਪ ਚਾਹ ਦੇ ਲੈ ਆਇਆ। ਕੱਪ ਲੈਣ ਆਏ ਬੈਰੇ ਦੀ ਟਰੇਅ ਵਿੱਚ ਮੈਂ ਸੌ ਦਾ ਨੋਟ ਰੱਖ ਦਿੱਤਾ ਤੇ ਉਹ ਸਲਾਮ ਕਰਕੇ ਚਲਿਆ ਗਿਆ। ਹਰਜਿੰਦਰ ਕੌਰ ਮੈਨੂੰ ਪੁੱਛਣ ਲੱਗੀ ਕਿ ਇਹ ਬਾਕੀ ਦੇ ਪੈਸੇ ਦੇਣ ਨਹੀਂ ਆਊਗਾ। ਮੈਂ ਆਖਿਆ ਕਿ ਪਤਾ ਨਹੀਂ। ਉਸ ਨੇ ਟੈਲੀਫੋਨ ਕਰਕੇ ਇੱਕ ਡੈਲੀਗੇਟ ਤੋਂ ਪੁੱਛਿਆ ਕਿ ਬੈੱਡ ਟੀ ਦਾ ਕੱਪ ਕਿੰਨੇ ਦਾ ਹੈ। ਪਤਾ ਲੱਗਣ 'ਤੇ ਉਸ ਨੇ ਮੈਨੂੰ ਹੈਰਾਨ ਹੋ ਕੇ ਦੱਸਿਆ ਕਿ ਇੱਥੇ ਇੱਕ ਚਾਹ ਦਾ ਕੱਪ ਚਾਲੀ ਰੁਪਏ ਦਾ ਹੈ। ਮੈਂ ਹੱਸ ਕੇ ਕਿਹਾ ਕਿ ਤਾਂ ਹੀ ਸਵੇਰੇ ਬੈਰਾ ਅੱਸੀ ਰੁਪਏ ਦੇ ਚਾਹ ਦੇ ਦੋ ਕੱਪ ਤੇ ਵੀਹ ਰੁਪਏ ਟਿੱਪ ਦੇ ਸਮਝ ਕੇ ਲੈ ਕੇ ਸਲਾਮ ਕਰਕੇ ਚਲਿਆ ਗਿਆ।



ਅਫ਼ਜ਼ਲ ਤੌਸੀਫ਼

"ਮੈਂ ਤਾਂ ਸੋਚਿਆ ਸੀ ਕਿ ਕੱਲ੍ਹ ਨੂੰ ਬੈੱਡ ਟੀ ਦੇ ਪੈਸੇ ਮੈਂ ਦੇ ਦਿਆਂਗੀ। ਪਰ ਨਾ ਬਾਬਾ ਨਾ ਕੱਲ੍ਹ ਆਪਾਂ ਬੈੱਡ ਟੀ ਮੰਗਵਾਉਣੀ ਹੀ ਨਹੀਂ। ਕਿਹੜਾ ਸੌ ਰੁਪਏ ਵਿੱਚ ਚਾਹ ਦੇ ਦੋ ਕੱਪ ਮੰਗਵਾਏ," ਹਰਜਿੰਦਰ ਕੌਰ ਨੇ ਦਲੀਲ ਦਿੱਤੀ।

"ਇਸ ਹਿਸਾਬ ਨਾਲ ਸਾਡੀ ਰਿਹਾਇਸ਼ ਤੇ ਰੋਟੀ-ਪਾਣੀ 'ਤੇ ਕਿੰਨਾ ਖ਼ਰਚ ਕਰਦੇ ਹੋਣਗੇ ਤੇ ਸੌ ਰੁਪਏ ਬਚਾਉਣ ਲਈ ਬੈੱਡ ਟੀ ਨਾ ਪੀਈਏ, ਇਹ ਚੰਗਾ ਨਹੀਂ ਲੱਗਣਾ," ਮੈਂ ਕਿਹਾ।

ਕਾਨਫਰੰਸ ਦਾ ਪਹਿਲਾ ਸੈਸ਼ਨ ਖ਼ਤਮ ਹੋਣ ਨੂੰ ਸੀ। ਮੈਨੂੰ ਦੱਸਿਆ ਗਿਆ ਕਿ ਅਖ਼ਬਾਰ ਵਿੱਚ ਡੈਲੀਗੇਟਾਂ ਦੀ ਲਿਸਟ ਵਿੱਚ ਤੁਹਾਡਾ ਨਾਂ ਪੜ੍ਹ ਕੇ ਇਧਰਲੇ ਕੁਝ ਟਿਵਾਣੇ ਤੁਹਾਨੂੰ ਮਿਲਣ ਆਏ ਨੇ।

"ਅਸੀਂ ਤੇ ਬੜੇ ਖੁਸ਼ ਹੋਏ ਜਦ ਪਤਾ ਲੱਗਿਐ ਸਾਡੀ ਆਪਾ ਆਈ ਐ। ਇਸੇ ਲਈ ਮਿਲਣ ਆ ਗਏ ਹਾਂ।" ਦਾਨੇ ਸਿਆਣੇ ਤੇ ਕਈ ਨੌਜਵਾਨ ਇੱਕ ਵੱਡਾ ਸਾਰਾ ਗੁਲਾਬ ਦੀਆਂ ਡੋਡੀਆਂ ਦਾ ਗੁਲਦਸਤਾ ਤੇ ਇੱਕ ਵੱਡਾ ਸਾਰਾ ਕੇਕ ਲੈ ਕੇ ਆਏ ਸਨ।

ਇੱਕ ਨੇ ਕਿਹਾ, "ਕੋਈ ਅਜਿਹਾ ਸਿਲਸਿਲਾ ਬਣਾਓ ਕਿ ਆਪਾਂ ਇਧਰ-ਓਧਰ ਆਉਂਦੇ ਜਾਂਦੇ ਰਹੀਏ ਤੇ ਮਿਲਦੇ ਜੁਲਦੇ ਰਹੀਏ।"

ਮੈਂ ਦੱਸਿਆ, "ਉਧਰ ਟਿਵਾਣਾ ਬ੍ਰਦਰਹੁੱਡ ਨਾਂ ਦੀ ਇੱਕ ਸੰਸਥਾ ਬਣੀ ਹੋਈ ਹੈ। ਤੁਸੀਂ ਉਸ ਦੇ ਮੈਂਬਰ ਬਣ ਜਾਓ। ਫੇਰ ਆਉਣਾ-ਜਾਣਾ ਸੌਖਾ ਹੋ ਜਾਵੇਗਾ।"

"ਠੀਕ ਹੈ ਫਾਰਮ ਸਾਨੂੰ ਭਿਜਵਾ ਦਿਓ," ਇੱਕ ਬੋਲਿਆ। ਫੇਰ ਕਾਫ਼ੀ ਚਿਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ।

ਮੈਂ ਕਿਹਾ, "ਇਹ ਕੇਕ ਹੁਣੇ ਕੱਟ ਲੈਂਦੇ ਹਾਂ। ਮੈਂ ਲੈ ਕੇ ਨਹੀਂ ਜਾ ਸਕਣਾ।" "ਤੁਸੀਂ ਹੇਠਾਂ ਦੇ ਦੇਣਾ। ਉਹ ਸਾਰੇ ਡੈਲੀਗੇਟਸ ਨੂੰ ਦੇ ਦੇਣਗੇ," ਇੱਕ ਬੋਲਿਆ।

ਫੇਰ ਉਨ੍ਹਾਂ ਵਿੱਚੋਂ ਇੱਕ ਨੇ ਕਿਹਾ, "ਆਪਾ, ਕੱਲ੍ਹ ਸਰਗੋਧੇ ਚਲਦੇ ਹਾਂ ਮੇਰੇ ਪਿੰਡ।"

"ਮੇਰੇ ਕੋਲ ਤਾਂ ਵੀਜ਼ਾ ਸਿਰਫ਼ ਲਾਹੌਰ ਦਾ ਹੈ," ਮੈਂ ਦੱਸਿਆ। "ਜਦ ਇਹ ਤੁਹਾਡੇ ਨਾਲ ਹੋਣਗੇ ਵੀਜ਼ਾ ਪੁੱਛਣ ਦੀ ਕਿਸ ਦੀ ਮਜ਼ਾਲ ਐ। ਪੁਲੀਸ ਵਾਲੇ ਤੁਹਾਨੂੰ ਆਪ ਐਸਕੋਰਟ ਕਰਕੇ ਲੈ ਕੇ ਜਾਣਗੇ," ਉਸ ਨੇ ਕਿਹਾ।

ਉਹ ਸ਼ਾਇਦ ਆਪਣੇ ਇਲਾਕੇ ਦਾ ਕੋਈ ਵੱਡਾ ਬੰਦਾ ਸੀ। ਮੈਂ ਆਖਿਆ, "ਅਗਲੀ ਵਾਰੀ ਆਵਾਂਗੀ ਸਰਗੋਧੇ।"

ਜਾਣ ਲੱਗਿਆਂ ਉਨ੍ਹਾਂ ਵਿੱਚੋਂ ਇੱਕ ਤਕੜੇ ਜਿਹੇ ਚਾਲੀਆਂ ਤੋਂ ਉਪਰ ਟੱਪੇ ਬੰਦੇ ਵੱਲ ਹੱਥ ਕਰਕੇ ਇੱਕ ਨੇ ਕਿਹਾ, "ਇਨ੍ਹਾਂ ਦੀ ਗੱਡੀ ਹਰ ਵੇਲੇ ਤੁਹਾਡੇ ਲਈ ਏਥੇ ਰਹੇਗੀ। ਫੰਕਸ਼ਨ ਤੋਂ ਮਗਰੋਂ ਜਿੱਥੇ ਜਿੱਥੇ ਆਖਿਆ ਕਰੋਗੇ ਲੈ ਜਾਇਆ ਕਰੇਗੀ।"

ਮੈਂ ਧੰਨਵਾਦ ਕੀਤਾ ਤੇ ਉਹ ਬੜੇ ਆਦਰ ਨਾਲ ਸਲਾਮ ਆਖ ਕੇ ਚਲੇ ਗਏ।

ਅਗਲੇ ਦਿਨ ਦੇ ਸੈਸ਼ਨ ਮਗਰੋਂ ਉਹ ਬੰਦਾ ਵੱਡੀ ਸਾਰੀ ਕਾਰ ਲਈ ਉਸ ਹੋਟਲ ਦੇ ਸਾਹਮਣੇ ਮੈਨੂੰ ਤੇ ਹਰਜਿੰਦਰ ਕੌਰ ਨੂੰ ਮਿਲਿਆ ਤੇ ਪੁੱਛਿਆ, "ਆਪਾ, ਕਿੱਥੇ ਜਾਣਾ ਚਾਹੋਗੇ? ਉਂਜ ਮਲਿਕ ਸਾਬ੍ਹ ਨੇ ਵੀ ਤੁਹਾਨੂੰ ਆਪਣੇ ਘਰ ਸੱਦਿਆ ਹੋਇਆ ਹੈ। ਪਹਿਲਾਂ ਕੁਝ ਥਾਵਾਂ ਦੇਖ ਲਓ। ਫੇਰ ਉਧਰ ਚਲੇ ਚਲਾਂਗੇ।"

ਉਸ ਨੇ ਸਾਨੂੰ ਲਾਹੌਰ ਦਾ ਮਿਊਜ਼ੀਅਮ ਦਿਖਾਇਆ। ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਕੁੜੀਆਂ ਦੇ ਕਾਲਜ ਲੈ ਕੇ ਗਿਆ, ਫੇਰ ਕਿਸੇ ਦੇ ਘਰ ਲੈ ਗਿਆ ਜਿੱਥੇ ਉਸ ਪਰਿਵਾਰ ਨੇ ਕੁਝ ਇਤਿਹਾਸਕ ਚੀਜ਼ਾਂ ਸਾਂਭੀਆਂ ਹੋਈਆਂ ਸਨ। ਇਸ ਮਗਰੋਂ ਉਹ ਮਲਿਕ ਸਾਬ੍ਹ ਦੇ ਘਰ ਲੈ ਗਿਆ। ਘਰ ਕੀ ਸੀ, ਪੂਰਾ ਮਹਿਲ ਸੀ। ਮਹਿਲ ਵਾਂਗ ਹੀ ਪਹਿਰੇਦਾਰ-ਗਾਰਡ, ਮਹਿਲ ਵਰਗੀ ਹੀ ਘਰ ਦੀ ਸਜਾਵਟ ਤੇ ਫਰਨੀਚਰ। ਡਰਾਇੰਗ ਰੂਮ 'ਚ ਤਿੰਨ ਚਾਰ ਬੰਦੇ ਸਨ ਜੋ ਤਪਾਕ ਨਾਲ ਮਿਲੇ- "ਵੂਈ ਆਰ ਪਰਾਊਡ ਆਫ ਆਪਾ।" ਚਾਂਦੀ ਦੇ ਬਰਤਨਾਂ ਵਿੱਚ ਚਾਹ ਆ ਗਈ। ਮੈਂ ਇਧਰ ਓਧਰ ਝਾਕੀ ਤਾਂ ਘਰ ਦਾ ਮਾਲਕ ਸਮਝ ਗਿਆ ਤੇ ਆਖਣ ਲੱਗਿਆ; "ਆਪਾ, ਭਾਬੀ ਨੂੰ ਜ਼ਨਾਨਖਾਨੇ ਵਿੱਚ ਜਾ ਕੇ ਮਿਲਣਾ ਪਵੇਗਾ।" ਚਾਹ ਪੀਣ ਮਗਰੋਂ ਬੈਰਾਨੁਮਾ ਬੰਦਾ ਮੈਨੂੰ ਅੰਦਰ ਲੈ ਗਿਆ। ਅਤਿ ਸੁੰਦਰ ਬੇਗਮ ਨੇ ਸਲਾਮ ਅਰਜ਼ ਕੀਤੀ। ਬੇਗਮ ਨੇ ਛੋਟੇ-ਛੋਟੇ ਦੋ ਬੱਚਿਆਂ ਨੂੰ ਆਖਿਆ, "ਆਪਕੀ ਬੂਆ ਇੰਡੀਆ ਸੇ ਆਈ ਹੈ।" ਉਸ ਤੋਂ ਮੈਨੂੰ ਪਤਾ ਲੱਗਿਆ ਕਿ ਵੱਡੇ ਘਰਾਂ ਦੀਆਂ ਔਰਤਾਂ ਖੁੱਲ੍ਹੇਆਮ ਨਹੀਂ ਵਿਚਰਦੀਆਂ।

"ਆਪ ਕੁਛ ਦਿਨ ਹਮਾਰੇ ਪਾਸ ਹੀ ਰਹੀਏ," ਉਸ ਨੇ ਮੇਰਾ ਹੱਥ ਫੜਦਿਆਂ ਆਖਿਆ।

"ਹੁਣ ਤਾਂ ਵੀਜ਼ਾ ਮੇਰਾ ਕਾਨਫਰੰਸ ਤਕ ਦਾ ਹੀ ਹੈ। ਤੁਹਾਡੇ ਕੋਲ ਰਹਿਣ ਲਈ ਫੇਰ ਆਵਾਂਗੀ," ਮੈਂ ਕਿਹਾ।

"ਤੁਸੀਂ ਵੀ ਕਦੇ ਆਓ," ਮੈਂ ਫੇਰ ਕਿਹਾ।

"ਹਮ ਗਏ ਹੈਂ ਦੋ ਬਾਰ। ਮਗਰ ਦੇਹਲੀ ਸੇ ਹੀ ਘੂਮ ਫਿਰ ਕੇ ਵਾਪਸ ਆ ਜਾਤੇ ਹੈਂ। ਹਮਾਰਾ ਉਧਰ ਕੋਈ ਹੈ ਹੀ ਨਹੀਂ। ਹਮ ਤੋ ਸ਼ੁਰੂ ਸੇ ਹੀ ਇਧਰ ਹੈਂ," ਬੇਗਮ ਬੋਲੀ।

ਫੇਰ ਉਸ ਨੇ ਖਾਨਸਾਮੇ ਨੂੰ ਆਖਿਆ ਕਿ ਆਪਾ ਕੋ ਕੁਛ ਖਿਲਾਓ। ਮੂੰਹ ਮੀਠਾ ਕਰਾਓ।

ਖਾਨਸਾਮਾ ਇੱਕ ਪਲੇਟ ਵਿੱਚ ਪਿਸਤੇ ਕਾਜੂ ਦੀ ਵਰਕਾਂ ਵਾਲੀ ਬਰਫੀ ਲੈ ਆਇਆ। ਫਿਰ ਬੇਗਮ ਉੱਠ ਕੇ ਅੰਦਰੋਂ ਮੇਰੇ ਲਈ ਸਿਲਕ ਦਾ ਜ਼ਰੀ ਨਾਲ ਕੱਢਿਆ ਸੂਟ ਲੈ ਆਈ ਤੇ ਕਿਹਾ, "ਯੇ ਹਮਾਰੀ ਤਰਫ਼ ਸੇ। ਆਪ ਕਾ ਸ਼ੁਕਰੀਆ ਆਪ ਹਮਾਰੇ ਘਰ ਮੇਂ ਆਈ।"

ਮੈਂ ਉਸ ਔਰਤ ਨੂੰ ਦੇਖਦੀ ਰਹਿ ਗਈ।

ਅਗਲੇ ਦਿਨ ਸੈਸ਼ਨ ਮਗਰੋਂ ਉਹੀ ਵੱਡੀ ਸਾਰੀ ਕਾਰ ਵਾਲਾ ਭਾਈ ਮੈਨੂੰ ਤੇ ਹਰਜਿੰਦਰ ਕੌਰ ਨੂੰ ਪੁੱਛਣ ਲੱਗਿਆ, "ਅੱਜ ਕਿਥੇ ਚਲਨਾ ਜੇ।"

ਹਰਜਿੰਦਰ ਨੇ ਕਿਹਾ, "ਕੱਪੜੇ ਦੀਆਂ ਦੁਕਾਨਾਂ ਵੱਲ ਲੈ ਚਲੋ। ਉੱਥੋਂ ਅਸੀਂ ਚਿਕਨ ਦੇ ਸੂਟ ਖ਼ਰੀਦਣੇ ਨੇ।"

ਸਾਨੂੰ ਉਹ ਕੱਪੜੇ ਦੀਆਂ ਦੁਕਾਨਾਂ ਵੱਲ ਲੈ ਗਿਆ। ਉਸ ਨੇ ਕਿਹਾ, "ਅੱਗੇ ਸੜਕ ਭੀੜੀ ਹੈ, ਕਾਰ ਅੱਗੇ ਨਹੀਂ ਜਾ ਸਕਣੀ। ਮੈਂ ਇੱਥੇ ਵੇਟ ਕਰਾਂਗਾ। ਤੁਸੀਂ ਅੱਗੇ ਜਾ ਕੇ ਸੂਟ ਲੈ ਆਓ।"

ਉਸ ਭੀੜੀ ਸੜਕ ਦੇ ਦੋਵੇਂ ਪਾਸੇ ਕੱਪੜੇ ਦੀਆਂ ਦੁਕਾਨਾਂ ਸਨ। ਅਸੀਂ ਦੋ ਤਿੰਨ ਦੁਕਾਨਾਂ 'ਤੇ ਚਿਕਨ ਦੇਖੀ, ਚੰਗੀ ਸੀ ਪਰ ਮਹਿੰਗੀ ਬਹੁਤ ਸੀ। ਹਰਜਿੰਦਰ ਨੇ ਆਖਿਆ, "ਏਡੀ ਮਹਿੰਗੀ ਚਿਕਨ ਕੀ ਕਰਨੀ ਐ।" ਅਸੀਂ ਵਾਪਸ ਆ ਗਈਆਂ। ਸਾਨੂੰ ਖਾਲੀ ਮੁੜੀਆਂ ਆਉਂਦੀਆਂ ਨੂੰ ਦੇਖ ਕਾਰ ਵਾਲੇ ਭਾਈ ਨੇ ਆਖਿਆ, "ਤੁਸੀਂ ਪੰਜ ਮਿੰਟ ਬੈਠੋ। ਮੈਂ ਹੁਣੇ ਆਇਆ।"

ਸਾਨੂੰ ਉੱਥੇ ਬਿਠਾ ਕੇ ਉਹ ਬਾਜ਼ਾਰ ਵੱਲ ਗਿਆ।

"ਆਪਾਂ ਅੱਜ ਸ਼ਾਮ ਨੂੰ ਤੁਹਾਡੇ ਉਸ ਕਰਨਲ ਟਿਵਾਣੇ ਵੱਲ ਡਿਨਰ 'ਤੇ ਵੀ ਜਾਣਾ, ਭੁੱਲ ਨਾ ਜਾਇਓ," ਹਰਜਿੰਦਰ ਕੌਰ ਨੇ ਮੈਨੂੰ ਆਖਿਆ।

"ਭੁੱਲਣਾ ਕੀ ਐ। ਉਹ ਕਾਰ ਵਾਲੇ ਭਾਈ ਨੂੰ ਪੱਕਾ ਕਰ ਕੇ ਗਿਆ ਕਿ ਸੱਤ ਵਜੇ ਸਾਨੂੰ ਉਸ ਦੇ ਘਰ ਲੈ ਜਾਵੇ।"

"ਵੈਸੇ ਕਿੰਨਾ ਚੰਗਾ ਹੈ ਇਹ ਭਾਈ," ਮੈਂ ਕਿਹਾ।

"ਇੱਥੋਂ ਦੇ ਲੋਕਾਂ ਦਾ ਮੋਹ-ਪਿਆਰ ਦੇਖ ਕੇ ਇੱਥੇ ਰਹਿਣ ਨੂੰ ਜੀ ਕਰ ਰਿਹਾ ਹੈ," ਹਰਜਿੰਦਰ ਨੇ ਕਿਹਾ।

"ਫੇਰ ਤਾਂ ਮੈਨੂੰ ਤੇਰੀ ਰਾਖੀ ਕਰਨੀ ਪੈਣੀ ਐ ਕਿਸੇ ਨਾਲ ਭੱਜ ਹੀ ਨਾ ਜਾਵੇਂ," ਮੈਂ ਹੱਸ ਕੇ ਕਿਹਾ।

ਏਨੇ ਨੂੰ ਕਾਰ ਵਾਲਾ ਭਾਈ ਵਾਪਸ ਆ ਗਿਆ। ਉਸ ਦੇ ਹੱਥ ਵਿੱਚ ਦੋ ਲਿਫ਼ਾਫ਼ੇ ਸਨ। ਉਸ ਨੇ ਕਾਰ 'ਚ ਬੈਠਣ ਤੋਂ ਪਹਿਲਾਂ ਉਹ ਲਿਫ਼ਾਫ਼ੇ ਮੈਨੂੰ ਫੜਾਉਂਦੇ ਆਖਿਆ ਕਿ ਆਪਾ ਇਹ ਸੂਟ ਤੁਹਾਡੇ ਦੋਵਾਂ ਲਈ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਮੈਂ ਉਸ ਦਾ ਧੰਨਵਾਦ ਕਿਵੇਂ ਕਰਾਂ।

ਹਰਜਿੰਦਰ ਨੇ ਦੋਵੇਂ ਲਿਫ਼ਾਫ਼ੇ ਖੋਲ੍ਹ ਕੇ ਵੇਖੇ। ਉਹ ਵਧੀਆ ਚਿਕਨ ਦੇ ਇੱਕੋ ਜਿਹੇ ਦੋ ਸੂਟ ਸਨ। ਉਦੋਂ ਹੀ ਤੌਸੀਫ਼ ਦਾ ਫੋਨ ਆਇਆ ਕਿ ਤੁਸੀਂ ਕਿੱਥੇ ਹੋ। ਅੱਜ ਤਾਂ ਤੁਸੀਂ ਮੇਰੇ ਵੱਲ ਆਉਣਾ ਸੀ।

"ਬਸ ਹੁਣ ਅਸੀਂ ਤੇਰੇ ਵੱਲ ਹੀ ਆ ਰਹੇ ਹਾਂ," ਮੈਂ ਕਿਹਾ। ਇਸ ਮਗਰੋਂ ਅਸੀਂ ਤੌਸੀਫ਼ ਦੇ ਘਰ ਗਏ। ਸਾਦਾ ਜਿਹਾ ਸਲੀਕੇ ਨਾਲ ਰੱਖਿਆ ਸੀ ਘਰ। "ਮੈਨੂੰ ਸਮਝ ਨਹੀਂ ਆਉਂਦੀ ਤੁਹਾਡੀ ਕੀ ਖਾਤਿਰਦਾਰੀ ਕਰਾਂ। ਮੇਰੇ ਪੇਕਿਆਂ ਤੋਂ ਆਏ ਹੋ," ਉਸ ਨੇ ਕਿਹਾ।

"ਸੂਟ ਸਾਨੂੰ ਮਿਲ ਗਏ ਨੇ। ਤੁਹਾਡਾ ਪਿਆਰ ਹੀ ਬਹੁਤ ਹੈ," ਮੈਂ ਕਿਹਾ। ਉਸ ਨੇ ਪਲਾਸਟਿਕ ਦੇ ਸੱਚੀਮੁੱਚੀ ਦੇ ਦਿਸਦੇ ਫਲਾਂ ਦੀ ਟੋਕਰੀ ਦਿੱਤੀ। ਸੁਨਹਿਰੀ ਕਢਾਈ ਵਾਲੀਆਂ ਗੱਦੀਆਂ ਦਿੱਤੀਆਂ ਤੇ ਆਪਣੀ ਪਸੰਦ ਦਾ ਅਤਿ ਸੁਆਦ ਖਾਣਾ ਖੁਆਇਆ ਤੇ ਅੱਖਾਂ ਭਰ ਕੇ ਆਖਣ ਲੱਗੀ, "ਮੇਰਾ ਜੀਅ ਕਰਦਾ, ਮੇਰਾ ਕੀ ਸਭ ਦਾ ਜੀਅ ਕਰਦਾ ਕਿ ਸਾਨੂੰ ਚੀਰ ਕੇ ਅੱਡ ਕਰਨ ਵਾਲੀ ਵੰਡ ਦੀ ਲੀਕ ਮਿਟ ਜਾਵੇ। ਮੁੜ ਕੇ ਪਹਿਲਾਂ ਵਾਲਾ ਪੰਜਾਬ ਬਣ ਜਾਵੇ। ਜਿਹੜੇ ਵੱਢੇ ਟੁੱਕੇ ਤੇ ਮਾਰੇ ਗਏ ਨੇ ਮੁੜ ਕੇ ਜਿਉਂਦੇ ਹੋ ਜਾਣ। ਅਸੀਂ ਉਵੇਂ ਰਲ ਮਿਲ ਕੇ ਰਹੀਏ। ਹੁਣ ਵਾਲਾ ਜਿਉਣਾ ਕੀ ਜਿਉਣਾ ਹੋਇਆ।" "ਤੌਸੀਫ਼ ਇਧਰਲੇ ਲੋਕ ਵੀ ਤੇ ਓਧਰਲੇ ਲੋਕ ਵੀ ਦੁਆ ਕਰਦੇ ਨੇ। ਖਵਰੇ ਰੱਬ ਕਦੇ ਸੁਣ ਹੀ ਲਵੇ," ਮੈਂ ਉਸ ਦਾ ਹੱਥ ਫੜ ਕੇ ਦਿਲਾਸਾ ਦੇਣਾ ਚਾਹਿਆ, ਪਰ ਉਸ ਦਾ ਰੋਣਾ ਥੰਮਦਾ ਹੀ ਨਹੀਂ ਸੀ।

ਕਰਨਲ ਟਿਵਾਣੇ ਦੇ ਘਰ ਰਾਤ ਨੂੰ ਜਾਣਾ ਸੀ। ਮੈਨੂੰ ਤੌਸੀਫ਼ ਕੋਲ ਛੱਡ ਹਰਜਿੰਦਰ ਨੇ ਹੋਰ ਕਈ ਥਾਵਾਂ 'ਤੇ ਜਾਣਾ ਸੀ। ਉਹ ਕਾਰ ਵਾਲੇ ਭਾਈ ਨਾਲ ਚਲੀ ਗਈ।

**ਬਾਕੀ ਸਫ਼ਾ 33 'ਤੇ**


Sir Speedy Tustin Printers to the Community
SUBWAY
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position, Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ ''ਬਾਬਰ ਬਾਣੀ'' ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਚੌਥਾ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਕਹਿਰ ਵਿਚ ਸ਼ਹਿਰ ਕਾਨਪੁਰ ਦੀ ਰਿਪੋਰਟ

ਇਹ ਰਿਪੋਰਟ 31 ਅਕਤੂਬਰ ਨੂੰ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ ਕਾਨਪੁਰ ਸਿੱਖ ਨਸਲਕੁਸ਼ੀ ਦਾ ਛੋਟਾ ਜਿਹਾ ਨਮੂਨਾ ਹੈ। ਦੇਸ਼ ਵਿਚ ਰਾਜਧਾਨੀ ਤੋਂ ਬਾਅਦ ਕਾਨਪੁਰ ਹੀ ਅਜਿਹਾ ਸ਼ਹਿਰ ਹੈ, ਜਿਥੇ ਪ੍ਰਚੰਡ ਰੂਪ ਵਿਚ ਕਤਲੇਆਮ ਕੀਤਾ ਗਿਆ। ਇਹ ਰਿਪੋਰਟ ਇਸ ਜਨੂਨ ਵਿਚ ਸਾੜੇ ਅਤੇ ਮਾਰੇ ਗਏ ਲੋਕਾਂ ਦੇ ਰਿਸ਼ਤੇਦਾਰਾਂ, ਪਰਿਵਾਰ ਦੇ ਜੀਆਂ, ਆਂਢੀਆਂ-ਗੁਆਂਢੀਆਂ, ਸ਼ਰਨਾਰਥੀ ਕੈਂਪਾਂ ਅਤੇ ਦੰਗੇ ਦੀ ਲਪੇਟ ਵਿਚ ਆਏ ਇਲਾਕੇ ਦੇ ਵੱਖੋ ਵੱਖਰੇ ਵਰਗ, ਜ਼ਾਤ ਤੇ ਧਰਮ ਦੇ ਲੋਕਾਂ ਨਾਲ ਹੋਈ ਗੱਲਬਾਤ ਅਤੇ ਸੂਚਨਾਵਾਂ ਦੇ ਆਧਾਰ 'ਤੇ ਲਿਖੀ ਗਈ।

ਅੱਠ ਨਵੰਬਰ 1984, ਸ਼ਹਿਰ ਕਾਂਗਰਸ ਆਈ ਦੇ ਪ੍ਰਧਾਨ ਨਰੇਸ਼ ਚੰਦਰ ਚਤੁਰਵੇਦੀ ਨੇ ਸ਼ਾਂਤੀ ਤੇ ਮੁੜ ਵਸਾਊ ਸੰਮਤੀ ਵਿਚ ਭਾਸ਼ਣ ਦਿੰਦਿਆਂ ਕਿਹਾ, "ਪ੍ਰਧਾਨ ਮੰਤਰੀ ਦੀ ਹੱਤਿਆ ਤੋਂ ਦੁਖੀ ਡੇਢ ਲੱਖ ਲੋਕੀ ਸੜਕਾਂ 'ਤੇ ਨਿਕਲ ਆਏ, ਜੋ ਮਰਨ ਮਾਰਨ ਲਈ ਉਤਾਰੂ ਸਨ। ਪ੍ਰਸ਼ਾਸਨ ਨੇ ਹਿੰਸਾ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਪੁਲੀਸ ਦੀ ਗਿਣਤੀ ਘੱਟ ਹੋਣ ਕਰਕੇ ਹਿੰਸਾ, ਲੁੱਟਮਾਰ ਤੇ ਅਗਜ਼ਨੀ ਰੋਕੀ ਨਹੀਂ ਜਾ ਸਕੀ। ਜਿਉਂ ਹੀ ਫ਼ੌਜ ਦੇ ਜਵਾਨ ਪੁਲੀਸ ਨਾਲ ਆ ਕੇ ਰਲੇ, ਪ੍ਰਸ਼ਾਸਨ ਨੇ ਤੇਜ਼ੀ ਨਾਲ ਹਿੰਸਾ 'ਤੇ ਕਾਬੂ ਪਾ ਲਿਆ।"

ਸੰਨ 1931 ਵਿਚ ਮਹਾਨ ਨੇਤਾ ਸ੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਦੀ ਅੰਗਰੇਜ਼ ਅਧਿਕਾਰੀਆਂ ਨੇ ਗੁੰਡਿਆਂ ਕੋਲੋਂ ਹੱਤਿਆ ਕਰਵਾ ਕੇ ਏਸੇ ਤਰ੍ਹਾਂ ਨਫ਼ਰਤ ਤੇ ਫ਼ਿਰਕੂ ਦੰਗੇ ਫੈਲਾਉਣ ਦੀ ਕੋਝੀ ਕੋਸ਼ਿਸ਼ ਕੀਤੀ ਸੀ, ਪਰ ਕਾਂਗਰਸ ਤੇ ਉਸ ਵਰਗੀਆਂ ਹੋਰ ਅਗਾਂਹ ਵਧੂ ਸੰਸਥਾਵਾਂ ਦੇ ਪ੍ਰਭਾਵ ਕਰਕੇ ਅੰਗਰੇਜ਼ ਅਜਿਹਾ ਕਰਨ ਵਿਚ ਕਾਮਯਾਬ ਨਹੀਂ ਸਨ ਹੋ ਸਕੇ। ਏਥੋਂ ਤੀਕ ਕਿ ਸੰਨ 1947 ਵਿਚ ਜਦੋਂ ਪੂਰਾ ਦੇਸ਼ ਫ਼ਿਰਕੂ ਦੰਗਿਆਂ ਦੀ ਲਪੇਟ ਵਿਚ ਆ ਚੁੱਕਿਆ ਹੋਇਆ ਸੀ, ਤਾਂ ਵੀ ਕਾਨਪੁਰ ਵਿਚ ਵਾਪਰੀਆਂ ਘਟਨਾਵਾਂ ਬਾਰੇ ਅਖ਼ਬਾਰਾਂ ਅਤੇ ਸਰਕਾਰੀ ਅਧਿਕਾਰੀਆਂ ਦੇ ਬਿਆਨ ਇਹ ਸਾਬਤ ਕਰਦੇ ਨੇ ਕਿ ਕਾਂਗਰਸ ਆਈ ਪ੍ਰਧਾਨ ਦਾ ਇਹ ਬਿਆਨ ਨਾ ਸਿਰਫ਼ ਝੂਠਾ ਤੇ ਬੇਬੁਨਿਆਦ ਹੀ ਹੈ, ਸਗੋਂ ਜ਼ੁਰਮ 'ਤੇ ਪਰਦਾ ਪਾਉਣ ਦੀ ਕੋਝੀ ਕੋਸ਼ਿਸ਼ ਵੀ ਹੈ।

31 ਅਕਤੂਬਰ ਇੰਦਰਾ ਗਾਂਧੀ ਨੂੰ ਗੋਲੀ ਲਗਣ ਦੀ ਖ਼ਬਰ ਕੰਨੋ-ਕੰਨੀ ਸਾਰੇ ਕਾਨਪੁਰ ਸ਼ਹਿਰ ਵਿਚ ਫੈਲ ਗਈ। ਭਾਵੇਂ ਸਰਕਾਰੀ ਤੌਰ 'ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਮਾਰੇ ਜਾਣ ਦੀ ਖ਼ਬਰ ਹਾਲੀ ਨਹੀਂ ਸੀ ਕੱਢੀ ਗਈ, ਤਾਂ ਵੀ ਗਲੀਆਂ ਚੌਰਾਹਿਆਂ 'ਤੇ ਲੋਕੀ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ।

ਸਵੇਰੇ ਗਿਆਰ੍ਹਾਂ ਵਜੇ ਤਿਲਕ ਹਾਲ ਵਿਚ ਕਾਂਗਰਸ ਆਈ ਦੇ ਵਰਕਰਾਂ ਤੇ ਨੇਤਾਵਾਂ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਲਏ ਫ਼ੈਸਲਿਆਂ ਮੁਤਾਬਕ 31 ਅਕਤੂਬਰ ਸ਼ਾਮੀ ਤਿੰਨ ਵਜੇ ਭੜਕੇ ਹੋਏ ਕਾਂਗਰਸੀ ਇਕੱਠੇ ਹੋਣੇ ਸ਼ੁਰੂ ਹੋ ਗਏ। ਪ੍ਰਧਾਨ ਮੰਤਰੀ ਦੀ ਸ਼ੋਕ ਸਭਾ ਵਿਚ ਹੀ ਇਹ ਲੋਕ ਸਾਰਾ ਸੰਜਮ ਛਿੱਕੇ ਟੰਗ ਕਾਬੂ ਤੋਂ ਬਾਹਰ ਹੋ ਗਏ ਤੇ ਸਾਰੀ ਸਿੱਖ ਕੌਮ ਨੂੰ ਗਾਲ੍ਹਾਂ ਕੱਢਣ ਦੇ ਨਾਲ ਨਾਲ ਭੜਕਾਊ ਤੇ ਬਦਲਾ ਲੈਣ ਦੀਆਂ ਆਵਾਜ਼ਾਂ ਬੁਲੰਦ ਕਰਨ ਲੱਗੇ, ਕਿਉਂਕਿ ਪੀ.ਟੀ.ਆਈ. ਅਤੇ ਯੂ.ਐਨ.ਆਈ. ਨੇ ਇਹ ਖ਼ਬਰ ਕੱਢ ਦਿੱਤੀ ਸੀ ਕਿ ਹਤਿਆਰੇ ਪ੍ਰਧਾਨ ਮੰਤਰੀ ਦੇ ਦੋ ਸਿੱਖ ਬਾਡੀਗਾਰਡ ਸਨ।

ਸਿੱਖਾਂ ਵਿਰੁੱਧ ਤਾਂ ਆਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ ਹੀ ਘ੍ਰਿਣਿਤ ਪ੍ਰਚਾਰ ਰੇਡੀਓ, ਟੀ.ਵੀ., ਅਖ਼ਬਾਰਾਂ ਤੇ ਰਸਾਲਿਆਂ ਰਾਹੀਂ ਲਗਾਤਾਰ ਕੀਤਾ ਜਾ ਰਿਹਾ ਸੀ, ਜਿਸ ਨਾਲ ਆਮ ਆਦਮੀ ਵਿਚ ਸਿੱਖਾਂ ਪ੍ਰਤੀ ਨਫ਼ਰਤ ਦਾ ਬੀਅ ਬੀਜਿਆ ਜਾ ਚੁੱਕਾ ਸੀ। ਜੋ ਇਹ ਖ਼ਬਰ ਸੁਣ ਕੇ ਜਿੱਥੇ ਇੰਦਰਾ ਗਾਂਧੀ ਨੂੰ ਪਿਆਰ ਕਰਨ ਵਾਲੇ ਸਿੱਖਾਂ ਨੂੰ ਵੀ ਬੇਹੱਦ ਦੁੱਖ ਹੋਇਆ ਤੇ ਅਫ਼ਸੋਸ ਵੀ, ਉਥੇ ਉਹ ਕੁਝ ਭੈੜਾ ਵਾਪਰਨ ਦੇ ਖ਼ਦਸ਼ੇ ਨਾਲ ਵੀ ਦਹਿਸ਼ਤ ਨਾਲ ਭਰ ਗਏ। ਉਨ੍ਹਾਂ ਆਪਣੇ ਕਾਰੋਬਾਰ ਬੰਦ ਕਰਕੇ ਘਰਾਂ ਵਲ ਰੁਖ਼ ਕਰ ਲਿਆ। ਛੋਟੇ ਮੋਟੇ ਕਾਂਗਰਸੀ ਨੇਤਾਵਾਂ ਨੇ ਜੋ ਹਰ ਗਲੀ ਮਹੱਲੇ ਦੀ ਨੁੱਕਰ ਤੇ ਜਾਂ ਪਾਨ ਦੀਆਂ ਦੁਕਾਨਾਂ 'ਤੇ ਅਕਸਰ ਵੇਖੇ ਜਾਂਦੇ ਸਨ... ਟੋਲੀਆਂ ਬਣਾ ਕੇ ਆਉਂਦੇ ਜਾਂਦੇ ਸਿੱਖਾਂ ਨੂੰ ਮਾਰਨਾ ਕੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀਆਂ ਪੱਗਾਂ ਉਤਾਰ ਲਈਆਂ ਜਾਂਦੀਆਂ ਤੇ ਕੇਸ ਕੱਟ ਕੇ ਦੁੜਾ ਦਿੱਤਾ ਜਾਂਦਾ। ਵੇਖਦਿਆਂ ਹੀ ਵੇਖਦਿਆਂ ਸਿੱਖ ਸਾਰੇ ਸ਼ਹਿਰ ਵਿਚੋਂ ਜਿਵੇਂ ਅਲੋਪ ਹੀ ਹੋ ਗਏ।



ਇਕ ਵਜੇ ਦੇ ਕਰੀਬ ਗੁੰਮਟੀ ਨੰਬਰ ਪੰਜ ਵਿਚ ਚਮਨ ਲਾਲ ਮਾਰਕੀਟ ਵਿਚਲੀਆਂ ਸਿੱਖਾਂ ਦੀਆਂ ਦੁਕਾਨਾਂ ਤੇ ਮਾਰਕੀਟ ਦੇ ਸਹਾਮਣੇ ਟੀ.ਵੀ. ਤੇ ਰੇਡੀਓ ਦੀ ਸਰਦਾਰ ਦੀ ਦੁਕਾਨ 'ਤੇ ਪੱਥਰ ਪੈਣੇ ਸ਼ੁਰੂ ਹੋ ਗਏ ਤੇ ਇਸ ਦੇ ਨਾਲ ਹੀ ਲੁੱਟ ਪਾ ਦਿੱਤੀ। ਦੁਕਾਨ ਲੁੱਟਣ ਤੋਂ ਬਾਅਦ ਅੱਗ ਲਾ ਦਿੱਤੀ ਗਈ।

ਬਹੁਤ ਛੇਤੀ ਸ਼ਹਿਰ ਵਿਚ ਥਾਂ ਥਾਂ ਅਫ਼ਵਾਹਾਂ ਫੈਲਾਈਆਂ ਗਈਆਂ ਕਿ ਫ਼ਲਾਣੀ ਥਾਂ 'ਤੇ ਸਿੱਖਾਂ ਨੇ ਮਠਿਆਈਆਂ ਵੰਡੀਆਂ ਨੇ ਤੇ ਭੰਗੜੇ ਪਾਏ ਨੇ...। ਕਈ ਥਾਵਾਂ 'ਤੇ ਇਹੋ ਜਿਹੀਆਂ ਅਫ਼ਵਾਹਾਂ ਇਕ ਮੁਹੱਲੇ ਤੋਂ ਦੂਜੇ ਮੁਹੱਲੇ ਗੁੰਡੇ ਅਨਸਰਾਂ ਨੇ ਲਾਊਡ ਸਪੀਕਰਾਂ ਰਾਹੀਂ ਫੈਲਾਈਆਂ ਕਿ ਸਿੱਖਾਂ ਦੇ ਜੱਥੇ ਕਿਰਪਾਨਾਂ ਤੇ ਹੋਰ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸ਼ਹਿਰ ਵਿਚ ਥਾਂ ਥਾਂ ਧਾਵੇ ਬੋਲ ਰਹੇ ਨੇ ਤੇ ਲੋਕਾਂ ਨੂੰ ਮਾਰ ਰਹੇ ਨੇ।

ਸਿੱਖਾਂ ਨੂੰ ਆਪਣੀ ਥਾਵੇਂ ਜਾਨ ਮਾਣ ਦੀ ਚਿੰਤਾ ਪਈ ਹੋਈ ਸੀ। ਉਹ ਸੋਚ ਰਹੇ ਸਨ ਕਿ ਇੱਟਾਂ ਪੱਥਰਾਂ ਤੇ ਮਾਰ ਕੁਟਾਈ ਨਾਲ ਹੀ ਸ਼ਾਇਦ ਇਨ੍ਹਾਂ ਲੋਕਾਂ ਦਾ ਗੁੱਸਾ ਠੰਢਾ ਪੈ ਜਾਵੇ ਤੇ ਕੱਲ੍ਹ ਤਕ ਸ਼ਾਂਤੀ ਹੋ ਜਾਵੇ... ਕਿ ਪੂਰੇ ਸ਼ਹਿਰ ਵਿਚ ਜਲੂਸ ਨਿਕਲਣੇ ਸ਼ੁਰੂ ਹੋ ਗਏ। ਲਾਟੂਸ ਰੋਡ ਦੇ ਇਕ ਮੁਸਲਮਾਨ ਦੋਸਤ ਨੇ ਮੈਨੂੰ ਦਸਿਆ ਕਿ ਪੁਲੀਸ ਦੀਆਂ ਗੱਡੀਆਂ ਨੇ ਝੁੱਗੀ ਝੌਂਪੜੀ ਵਾਲਿਆਂ ਦੀਆਂ ਬਸਤੀਆਂ ਵਿਚ ਜਾ ਕੇ ਬਾਕਾਇਦਾ ਲਾਊਡ ਸਪੀਕਰਾਂ ਰਾਹੀਂ ਐਲਾਨ ਕੀਤਾ ਕਿ ਇੰਦਰਾ ਗਾਂਧੀ ਨੂੰ ਕਤਲ ਕਰ ਦਿੱਤਾ ਗਿਆ ਹੈ।

ਫਿਰ ਪੁਲੀਸ ਤੇ ਕਾਂਗਰਸ ਆਈ ਦੇ ਨੇਤਾਵਾਂ ਨੇ ਜਮਾਦਾਰਾਂ ਤੇ ਝੁੱਗੀ ਝੌਂਪੜੀ ਵਾਲੇ ਨੇਤਾਵਾਂ ਨਾਲ ਗੰਢ-ਤੁੱਪ ਕੀਤੀ। ਉਨ੍ਹਾਂ ਨੂੰ ਪੈਟਰੋਲ, ਮਿੱਟੀ ਦਾ ਤੇਲ, ਤੇ ਇਕ ਪਊਡਰ ਜਿਹੜਾ ਛਿੜਕਦਿਆਂ ਹੀ ਅੱਗ ਲੱਗ ਜਾਂਦੀ ਸੀ, ਲੋਹੇ ਦੇ ਸੰਬਲ ਤੇ ਮਾਰੂ ਹਥਿਆਰ ਸਪਲਾਈ ਕੀਤੇ। ਇਸ ਦੇ ਨਾਲ ਹੀ ਖੁਲ੍ਹੀ ਛੁੱਟੀ ਦਿੱਤੀ ਕਿ ਦੋ ਦਿਨਾਂ ਵਿਚ ਜਿੰਨੀ ਲੁੱਟ ਮਾਰ ਤੇ ਸਾੜ ਫੂਕ ਕਰ ਸਕਣ, ਕਰਨ ਤੇ ਸਿੱਖਾਂ ਨੂੰ ਜੀਉਂਦਿਆਂ ਸਾੜ ਕੇ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ "ਖ਼ੂਨ ਕੇ ਬਦਲੇ ਖ਼ੂਨ" ਨਾਲ ਲੈਣ ਤੇ ਇਸ ਤਰ੍ਹਾਂ ਇਨ੍ਹਾਂ ਸਿੱਖਾਂ ਨੂੰ ਸਬਕ ਸਿਖਾਇਆ ਜਾਵੇ।

ਵੇਖਦਿਆਂ ਹੀ ਵੇਖਦਿਆਂ ਝੁੱਗੀਆਂ ਝੌਂਪੜੀਆਂ ਦਾ ਟਿੱਡੀ ਦਲ ਹੱਥ ਵਿਚ ਸੋਟੀਆਂ, ਲਾਠੀਆਂ, ਪੱਥਰ, ਸੰਬਲਾਂ ਤੇਲ ਤੇ ਮਸ਼ਾਲਾਂ ਫੜੀ ਸਾਰੇ ਸ਼ਹਿਰ ਵਿਚ ਫੈਲ ਗਿਆ। ਇਹ ਟਿੱਡੀ ਦਲ ਜਿੱਥੇ ਵੀ ਜਾ ਪੈਂਦਾ ਮਿੰਟਾਂ ਵਿਚ ਸਭ ਚੱਟ ਜਾਂਦਾ। ਸ਼ੌਕਣ ਪੰਜਾਬਣਾਂ ਦੇ ਢਿੱਡ ਕੱਟ ਕੱਟ ਸਜਾਏ ਘਰ ਉਨ੍ਹਾਂ ਐਜ ਲੁੱਟੇ ਕਿ ਇਕ ਚੀਥੜਾ ਤਕ ਬਾਕੀ ਨਹੀਂ ਛੱਡਿਆ। ਲੁੱਟਣ ਵਾਲਿਆਂ ਵਿਚ ਛੇ ਤੋਂ ਪੰਦਰਾਂ ਸਾਲਾਂ ਦੇ ਮੁੰਡੇ ਕੁੜੀਆਂ ਤੇ ਔਰਤਾਂ ਵੀ ਸਨ। ਵੱਡੇ ਵੱਡੇ ਨੇਤਾ ਪਹਿਲਾਂ ਅੱਗੇ ਆ ਕੇ ਮਾਰਦੇ ਕੁੱਟਦੇ, ਸਾੜ ਫੂਕ ਕਰਦੇ, ਗੋਲੀਆਂ ਨਾਲ ਭੁੰਨਦੇ, ਕੱਟਦੇ ਵੱਢਦੇ, ਜਿਉਂਦੇ ਸਾੜਦੇ ਤੇ ਸਾਰਾ ਕੀਮਤੀ ਸਾਮਾਨ ਹਥਿਆਉਣ ਤੋਂ ਬਾਅਦ ਭੀੜ ਨੂੰ ਲੁੱਟਣ ਜੋਗਾ ਛੱਡ ਆਪ ਅਗਲੇ ਘਰ ਜਾਂ ਦੁਕਾਨ 'ਤੇ ਜਾ ਪੈਂਦੇ। ਉਨ੍ਹਾਂ ਟਰੱਕਾਂ ਦੇ ਟਰੱਕ ਸਾਮਾਨ ਭਰ ਕੇ ਪਿੰਡਾਂ ਵਿਚ ਆਪਣੇ ਘਰਾਂ ਤੱਕ ਭੇਜਿਆ।



ਤਾਰਨ ਗੁਜਰਾਲ
ਫ਼ੋਨ 98557-19660

ਇਕ ਹੈਰਾਨਕੁਨ ਗੱਲ ਇਹ ਵੀ ਵੇਖੀ ਗਈ ਕਿ ਜੇ ਦੋ ਹਿੰਦੂਆਂ ਦੇ ਵਿਚਕਾਰਲੀ ਦੁਕਾਨ ਸਿੱਖ ਦੀ ਸੀ, ਤਾਂ ਉਹ ਹੀ ਲੁੱਟੀ ਸਾੜੀ ਗਈ। ਨਾਲ ਦੀ ਦੁਕਾਨ 'ਤੇ ਜ਼ਰਬ ਤਕ ਨਹੀਂ ਆਉਣ ਦਿੱਤੀ ਗਈ। ਸਿਰਫ਼ ਨਵੀਨ ਮਾਰਕੀਟ, ਜਿਸ ਵਿਚ ਆਮ ਤੌਰ 'ਤੇ ਮੁਸਲਮਾਨ ਗੁੰਡਿਆਂ ਨੇ ਵੀ ਸਾੜ ਫੂਕ ਕੀਤੀ, ਉਥੇ ਹਿੰਦੂਆਂ ਦੀਆਂ ਦੁਕਾਨਾਂ ਵੀ ਲੁੱਟੀਆਂ ਤੇ ਸਾੜੀਆਂ ਗਈਆਂ।

ਸ਼ਾਮ ਛੇ ਵਜੇ ਤਕ ਗੁੰਮਟੀ, ਪਾਂਡੋ ਨਗਰ, ਵਿਜੇ ਨਗਰ, ਅਸ਼ੋਕ ਨਗਰ, ਫ਼ਜ਼ਲਗੰਜ, ਗਡਰੀਅਨ ਪੁਰਵਾ, ਦਰਸ਼ਨ ਪੁਰਵਾ, ਕੌਸ਼ਲਪੁਰੀ, ਲਾਜਪਤ ਨਗਰ, ਲਾਟੂਸ ਰੋਡ, ਕਿਦਵਈ ਨਗਰ, ਵਸੰਤ ਵਿਹਾਰ, ਨੌਬਸਤਾ, ਸਿਵਲ ਲਾਈਨ, ਨਵਾਬਗੰਜ, ਜੇ ਕੇ ਕਾਲੋਨੀ, ਸਾਕੇਤ ਨਗਰ, ਗੀਤਾ ਨਗਰ, ਲਾਲ ਬੰਗਲਾ, ਦਾਦਾ ਨਗਰ, ਰਤਨ ਲਾਲ ਨਗਰ, ਦਬੌਲੀ, ਬਰ੍ਹਾ ਅਤੇ ਪਨਕੀ ਪਾਵਰ ਸਟੇਸ਼ਨ ਤੋਂ ਲੈ ਕੇ ਨਿੱਕੇ ਨਿੱਕੇ ਪਿੰਡਾਂ ਵਿਚ ਜਿੱਥੇ ਵੀ ਸਿੱਖ ਰਹਿੰਦੇ ਸਨ ਇਹੋ ਜਿਹੇ ਜਲੂਸਾਂ ਨੇ ਸਿੱਖਾਂ ਦੇ ਘਰਾਂ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਘਰਾਂ ਵਿਚੋਂ ਘਸੀਟ ਕੇ ਬੁਰੀ ਤਰ੍ਹਾਂ ਕੁੱਟਿਆ ਜਾਂਦਾ, ਕੇਸ ਕਤਲ ਕੀਤੇ ਜਾਂਦੇ ਤੇ ਫਿਰ ਲੋਹੇ ਦੇ ਡੰਡਿਆਂ ਤੇ ਪੱਥਰਾਂ ਨਾਲ ਮਾਰ ਮਾਰ ਲੋਥੜਾ ਬਣਾ ਕੇ ਅੱਗ ਵਿਚ ਸੁੱਟ ਦਿੱਤਾ ਜਾਂਦਾ।

ਘਰਾਂ ਦੀ ਲੁੱਟ ਵੀ ਇਸ ਤਰ੍ਹਾਂ ਕੀਤੀ ਗਈ ਕਿ ਇਕ ਚਮਚ ਤਾਂ ਕੀ, ਕਿੱਲ ਤਕ ਕਿਸੇ ਦੀਵਾਰ ਵਿਚ ਨਹੀਂ ਛੱਡੀ ਗਈ। ਭੁੱਖੀ ਹਾਬੜੀ ਭੀੜ ਸੁਆਹ ਦੇ ਡੱਬੇ ਅਤੇ ਝਾੜੂ ਤਕ ਲੈ ਗਈ। ਸ਼ਰਨਾਰਥੀ ਕੈਂਪ ਵਿਚ ਇਕ ਬੀਬੀ ਨੇ ਰੋ ਰੋ ਕੇ ਦੱਸਿਆ ਕਿ ਬਾਹਰ ਭੀੜ ਨੇ ਘੇਰਾ ਪਾਇਆ ਹੋਇਆ ਸੀ, ਉਸ ਨੇ ਗਹਿਣਿਆਂ ਦੀ ਪੋਟਲੀ ਸੁਆਹ ਵਾਲੇ ਡੱਬੇ ਵਿਚ ਸੁੱਟ ਕੇ ਉਤੇ ਸੁਆਹ ਪਾ ਦਿੱਤੀ, ਕਿ ਇਹ ਕਿਸ ਨੇ ਲਿਜਾਣੀ ਹੈ ? ਆਪ ਉਹ ਟੱਬਰ ਕੰਧ ਟੱਪ ਕੇ ਗੁਆਂਢੀਆਂ ਦੇ ਘਰ ਜਾ ਲੁਕਿਆ। ਫਿਰ ਬਲਵਈਆਂ ਦੀ ਲੁੱਟ ਤੋਂ ਬਾਅਦ ਜਦੋਂ ਉਨ੍ਹਾਂ ਘਰ ਜਾ ਕੇ ਸੁਆਹ ਵਾਲ ਡੱਬਾ ਲੱਭਣ ਦੀ ਕੋਸ਼ਿਸ਼ ਕੀਤੀ, ਉਹ ਨਹੀਂ ਮਿਲਿਆ... ਭੁੱਖੇ ਲਟੇਰਿਆਂ ਨੇ ਉਨ੍ਹਾਂ ਦੀ ਔਖੇ ਵੇਲੇ ਲਈ ਜੋੜੀ ਸਾਰੀ ਜਮ੍ਹਾਂ ਪੂੰਜੀ ਲੁੱਟ ਲਈ।

ਧਾੜਵੀਆਂ ਨੇ ਬੜੀ ਬੇਰਹਿਮੀ ਨਾਲ ਸਿੱਖਾਂ ਦਾ ਕਤਲ ਕੀਤਾ। ਕਈ ਥਾਵਾਂ 'ਤੇ ਜਿਸ ਤਰ੍ਹਾਂ ਸੁਆਦ ਲੈ ਲੈ ਕੇ ਮਾਰਿਆ ਗਿਆ, ਉਹ ਪੇਸ਼ੇਵਰ ਅਪਰਾਧੀਆਂ ਤੋਂ ਇਲਾਵਾ ਕੋਈ ਸਾਧਾਰਨ ਇਨਸਾਨ ਨਹੀਂ ਕਰ ਸਕਦਾ। ਦਬੌਲੀ ਭਗਵਾਨ ਸਿੰਘ ਦਾ ਸਾਰਾ ਸਰੀਰ ਚਾਕੂਆਂ ਨਾਲ ਗੋਦ ਕੇ ਉਤੇ ਲੂਣ ਮਿਰਚਾਂ ਧੂੜੀਆਂ ਤੇ ਤੜਫਦੇ ਨੂੰ ਅੱਗ ਵਿਚ ਸੁੱਟਿਆ ਗਿਆ। ਗਡਰੀਅਨ ਪੁਰਵਾ ਵਿਚ ਚਾਰ ਜਣਿਆਂ ਨੂੰ ਲੱਤਾਂ ਬਾਹਵਾਂ ਤੋਂ ਫੜ ਕੇ ਅੱਗ 'ਤੇ ਮੁਰਗੇ ਵਾਂਗ ਭੁੰਨਿਆ। ਗੋਬਿੰਦ ਨਗਰ ਸਲੂਜਾ ਪਰਿਵਾਰ ਦੇ ਛੋਟੇ ਛੋਟੇ ਬੱਚਿਆਂ ਨੂੰ ਤੇਲ ਵਿਚ ਡੁਬੋ ਕੇ ਅੱਗ ਲਾ ਕੇ ਸੜਕ 'ਤੇ ਸੁਟਿਆ ਗਿਆ ਤੇ ਕਿਲਕਾਰੀਆਂ ਮਾਰੀਆਂ... ਕਿ ਡਿਸਕੋ ਡਾਂਸ ਕਰ ਰਹੇ ਹੈਂ।" ਉਸੇ ਪਰਿਵਾਰ ਦੇ ਇਕ ਬੱਚੇ ਨੂੰ ਗੈਸ ਚੁਲ੍ਹੇ 'ਤੇ ਭੁੰਨਿਆ ਗਿਆ, ਜਿਸ ਦਾ ਸਿਰ ਪਾਟ ਕੇ ਅਲਮਾਰੀ ਨਾਲ ਜਾ ਚਿਪਕਿਆ। ਗੋਬਿੰਦ ਨਗਰ 144/ ਡੀ.ਬੀ. ਬਲੌਕ ਵਿਚ ਸਿਲੰਡਰ ਖੋਲ੍ਹ ਕੇ ਪੂਰਾ ਘਰ ਬੰਦਿਆਂ ਸਣੇ ਸਾੜ ਦਿੱਤਾ ਗਿਆ। ਉਨ੍ਹਾਂ ਬੱਚੇ, ਬੁੱਢੇ, ਜੁਆਨ, ਔਰਤਾਂ, ਕੁੜੀਆਂ... ਕਿਸੇ ਦਾ ਲਿਹਾਜ਼ ਨਹੀਂ ਕੀਤਾ। ਕਈ ਥਾਵਾਂ 'ਤੇ ਕੁੜੀਆਂ ਨੂੰ ਮਾਰਿਆ ਕੁਟਿਆ ਤੇ ਕੱਪੜੇ ਪਾੜ ਦਿੱਤੇ। ਬਹੁਤ ਸਾਰੇ ਰੇਪ ਹੋਏ। ਕਈ ਕੁੜੀਆਂ ਨੂੰ ਚੁੱਕ ਕੇ ਲੈ ਗਏ, ਜਿਨ੍ਹਾਂ ਵਿਚੋਂ ਕੁਝ ਬਹੁਤ ਭੈੜੀ ਦਸ਼ਾ ਵਿਚ ਲੱਭੀਆਂ ਤੇ ਬਹੁਤ ਸਾਰੀਆਂ ਮਿਲੀਆਂ ਹੀ ਨਹੀਂ।

ਕਈ ਥਾਵਾਂ 'ਤੇ ਹਥਿਆਰਬੰਦ ਗੁੰਡੇ ਆਏ। (ਕਰਨਲ ਸਿੱਧੂ ਤੇ ਪੰਜਾਬ ਐਂਡ ਸਿੰਧ ਬੈਂਕ ਦੇ ਮੈਨੇਜਰ ਅਮਰੀਕ ਸਿੰਘ ਦੇ ਘਰ) ਜਿਨ੍ਹਾਂ ਕੋਲ ਰਾਈਫ਼ਲਾਂ, ਬੰਦੂਕਾਂ, ਪਿਸਤੌਲਾਂ ਤੇ ਹੱਥਗੋਲੇ ਵੀ ਸਨ। 75 ਬੀ ਬਰ੍ਹਾ ਕਾਲੋਨੀ ਵਿਚ ਅਮਰੀਕ ਸਿੰਘ ਦੇ ਸਹੁਰੇ ਅਤੇ ਪੁੱਤ ਦੀ 303 ਰਾਈਫ਼ਲ ਦੀਆਂ ਗੋਲੀਆਂ ਨਾਲ ਹੱਤਿਆ ਕੀਤੀ ਗਈ, ਜੋ ਕਿਸੇ ਆਮ ਆਦਮੀ ਕੋਲ ਹੋਣੀ ਜ਼ੁਰਮ ਹੈ। (ਬਾਕੀ ਅਗਲੇ ਹਫ਼ਤੇ)

## ਸੁਖਬੀਰ ਬਾਦਲ ਨੇ ਮੋਗਾ ਰੈਲੀ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

*ਬਾਕੀ*

ਬੀਬੀ ਰਾਜਵਿੰਦਰ ਸਿੰਘ ਭਾਗੀਕੇ ਦੇ ਸੰਬੰਧ ਵਿਚ ਪੁੱਛੇ ਸਵਾਲ ਦੇ ਜਵਾਬ ਵਿਚ ਸੁਖਬੀਰ ਨੇ ਚੁਟਕੀ ਲੈਂਦਿਆਂ ਕਿਹਾ ਕਿ ਜੇ ਉਨ੍ਹਾਂ ਨੂੰ ਇੰਨਾ ਹੀ ਗਰੂਰ ਹੈ ਤਾਂ ਉਹ ਆਪਣੇ ਹਲਕਿਆਂ ਵਿਚ ਆਜ਼ਾਦ ਚੋਣ ਲੜ ਕੇ ਦੇਖ ਲੈਣ। ਮੋਗਾ ਦੇ ਡਿਪਟੀ ਕਮਿਸ਼ਨਰ ਵਲੋਂ ਅਸਤੀਫਾ ਦਿੱਤੇ ਜਾਣ ਅਤੇ ਕਾਂਗਰਸ ਪਾਰਟੀ ਵਿਚ ਸ਼ਮੂਲੀਅਤ ਕਰਨ ਸੰਬੰਧੀ ਸੁਖਬੀਰ ਨੇ ਕਿਹਾ ਕਿ ਉਹ ਵੀ ਚੋਣ ਲੜ ਕੇ ਆਪਣਾ ਚਾਅ ਲਾਹ ਲਵੇ। ਨਾਭਾ ਜੇਲ ਕਾਂਡ ਸੰਬੰਧੀ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਬਰਕਰਾਰ ਹੈ ਅਤੇ ਦੇਸ਼ ਵਿਰੋਧੀ ਮਨਸੂਬਿਆਂ ਨੂੰ ਕਿਸੇ ਕੀਮਤ 'ਤੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ, ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ, ਕੈਬਨਿਟ ਮੰਤਰੀ ਜਨਮੇਜ ਸਿੰਘ ਸੇਖੋਂ ਹਾਜ਼ਰ ਸਨ।

### ਸੰਤ ਦਾਦੂਵਾਲ ਨੇ ਕਿਹਾ : ਵਿਘਨ ਪਾਇਆ ਤਾਂ ਨਹੀਂ ਹੋਣ ਦਿਆਂਗੇ ਮੋਗਾ ਰੈਲੀ

ਆਗੂਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਜਥੇਦਾਰ ਦਾਦੂਵਾਲ ਨੇ 8 ਦਸੰਬਰ ਨੂੰ ਤਲਵੰਡੀ ਸਾਬੋ ਵਿਖੇ ਹੋ ਰਹੇ ਸਰਬੱਤ ਖਾਲਸੇ ਸਬੰਧੀ ਡਿਊਟੀਆਂ ਲਗਾਉਂਦਿਆਂ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਆਖਿਆ ਕਿ ਇਸ ਵਾਰ ਸਰਬੱਤ ਖਾਲਸਾ ਹਰ ਹਾਲ ਹੋ ਕੇ ਰਹੇਗਾ ਤੇ ਕਿਸੇ ਕੀਮਤ 'ਤੇ ਵੀ ਰੱਦ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਸਰਬੱਤ ਖਾਲਸਾ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸਰਕਾਰੀ ਦੀ ਮੋਗਾ ਰੈਲੀ ਵੀ ਨਹੀਂ ਹੋਣ ਦਿੱਤੀ ਜਾਵੇਗੀ ਤੇ ਪੰਜਾਬ ਪੂਰੀ ਤਰ੍ਹਾਂ ਜਾਮ ਕੀਤਾ ਜਾਵੇਗਾ। ਉਨ੍ਹਾਂ ਸਮੂਹ ਪੰਥਕ ਧਿਰਾਂ, ਸੰਤ ਸਮਾਜ, ਪੰਚਾਇਤਾਂ, ਯੂਥ ਕਲੱਬਾਂ, ਸਾਰੇ ਧਰਮਾਂ ਦੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਧੱਕੇਸ਼ਾਹੀਆਂ ਵਿਰੁੱਧ ਲਾਮਬੱਧ ਹੋ ਕੇ ਸਰਬੱਤ ਖਾਲਸਾ ਵਿਚ ਪੁੱਜਣ ਦੀ ਅਪੀਲ ਕੀਤੀ। ਇਕੱਤਰਤਾ ਵਿਚ ਸਰਬੱਤ ਖਾਲਸਾ ਦੇ ਪ੍ਰਬੰਧਕ ਭਾਈ ਗੁਰਦੀਪ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਬਾਲਿਆਂਵਾਲੀ ਨੇ ਵਰਕਰਾਂ ਨੂੰ 'ਕਰੋ ਜਾਂ ਮਰੋ' ਦੀ ਨੀਤੀ 'ਤੇ ਚੱਲਦਿਆਂ ਸਰਬੱਤ ਖਾਲਸਾ ਦੀਆਂ ਤਿਆਰੀਆਂ ਕਰਨ ਦੀ ਅਪੀਲ ਕੀਤੀ। ਇਸ ਮੌਕੇ ਬਲਵਿੰਦਰ ਸਿੰਘ ਮੰਡੇਰ, ਇਕਬਾਲ ਸਿੰਘ ਬੀਰਬਲ, ਰਜਿੰਦਰ ਸਿੰਘ ਜਵਾਹਰਕੇ, ਬਾਬਾ ਸੁਖਦੇਵ ਸਿੰਘ ਜੋਗਾਨੰਦ, ਬੀਬੀ ਸਿਮਰਜੀਤ ਕੌਰ ਰਾਮਪੁਰਾ, ਜੋਬਨਪ੍ਰੀਤ ਸਿੰਘ, ਗੁਰਮੀਤ ਸਿੰਘ ਬੱਜੋਆਣਾ, ਸਿਮਰਜੋਤ ਸਿੰਘ ਖਾਲਸਾ, ਗਮਦੂਰ ਸਿੰਘ ਵੀ ਹਾਜ਼ਰ ਸਨ।

# ਪੈਲਾਟਾਈਨ ਗੁਰਦੁਆਰਾ ਸਾਹਿਬ 'ਚ 4 ਦਸੰਬਰ ਨੂੰ ਆਈ.ਸੀ.ਡੀ.ਆਈ. ਦਾ ਸਿਖਲਾਈ ਸੈਸ਼ਨ



ਪੈਲਾਟਾਈਨ/ਬਿਊਰੋ ਨਿਊਜ਼ :
ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ ਇਲਿਨੋਇ ਨੇ ਗੁਰਦੁਆਰਾ ਸਾਹਿਬ ਵਿਖੇ ਇੰਟਰਫੇਥ ਕਮੇਟੀ ਫਾਰ ਡੀਟੇਨਡ ਇੰਮੀਗਰਾਂਟਸ (ਆਈ.ਸੀ.ਡੀ.ਆਈ.) ਦਾ ਸਵਾਗਤ ਕੀਤਾ ਸੀ ਅਤੇ ਉਨ੍ਹਾਂ ਨੂੰ ਬੂਥ ਬਣਾਉਣ ਲਈ ਗੈਲਰੀ ਦਿੱਤੀ ਸੀ। ਇਸ ਬੂਥ ਵਿਚ ਸੰਸਥਾ ਨੇ ਆਪਣੇ ਕਾਰਜਾਂ ਬਾਰੇ ਜਾਣਕਾਰੀ ਦਿੰਦੀ ਸਮੱਗਰੀ ਲਗਾਈ ਹੈ। ਸਿੱਖ ਰਿਲੀਜੀਅਸ ਸੁਸਾਇਟੀ ਇਨ੍ਹਾਂ ਦੇ ਕੰਮਾਂ ਵਿਚ ਮਦਦ ਲਈ ਆਪਣੇ ਵਲੰਟੀਅਰ ਵੀ ਭਰਤੀ ਕਰੇਗੀ। ਇਸੇ ਸਬੰਧ ਵਿਚ 4 ਦਸੰਬਰ ਨੂੰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਇਨ੍ਹਾਂ ਵਲੰਟੀਅਰਾਂ ਦਾ ਸਿਖਲਾਈ ਸੈਸ਼ਨ ਹੋਵੇਗਾ ਤਾਂ ਜੋ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਲੋਕਾਂ ਨੂੰ ਮਿਲਣ ਜਾਣ ਸਬੰਧੀ ਕਾਰਜਾਂ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਪ੍ਰੋਗਰਾਮ ਨੂੰ ਆਈ.ਸੀ.ਡੀ.ਆਈ. ਸਮੇਤ ਵੱਡੇ ਪੱਧਰ 'ਤੇ ਇੰਮੀਗਰਾਂਟਸ ਅਧਿਕਾਰਾਂ ਦੀਆਂ ਸੰਸਥਾਵਾਂ ਸਪਾਂਸਰ ਕਰ ਰਹੀਆਂ ਹਨ। ਇਸ ਸਬੰਧੀ ਪਹਿਲੀ ਦਸੰਬਰ, ਵੀਰਵਾਰ ਨੂੰ ਦੁਪਹਿਰ 1 : 00 ਵਜੇ ਤੋਂ ਸ਼ਾਮ 5 : 00 ਵਜੇ ਤੱਕ Chicago Temple United Methodist Church, 77 W. Washington Blvd, Chicago IL ਵਿਖੇ ਵਿਜਿਲ ਹੋਵੇਗੀ। ਜ਼ਿਕਰਯੋਗ ਹੈ ਕਿ ਦੁਨੀਆ ਭਰ ਤੋਂ ਸ਼ਿਕਾਗੋ ਅਤੇ ਇਸ ਦੇ ਆਲੇ-ਦੁਆਲੇ ਕੈਦਖ਼ਾਨਿਆਂ ਵਿਚ ਵੱਖਰੇ ਵੱਖਰੇ ਮੁਲਕਾਂ ਦੇ ਗੈਰ ਕਾਨੂੰਨੀ ਢੰਗ ਨਾਲ ਆਏ ਪਰਵਾਸੀ ਹਨ। ਭਾਰਤ ਤੋਂ ਵੀ ਕਈ ਨੌਜਵਾਨ ਅਤੇ ਬੱਚੇ ਇਨ੍ਹਾਂ ਜੇਲ੍ਹਾਂ ਵਿਚ ਹਨ ਤੇ ਕਈ ਸਿੱਖ ਨੌਜਵਾਨ ਵੀ ਇਨ੍ਹਾਂ ਵਿਚ ਸ਼ਾਮਲ ਹਨ। ਇਨ੍ਹਾਂ ਵਿਚੋਂ ਕਈ ਉਹ ਹਨ, ਜਿਨ੍ਹਾਂ ਨਾਲ ਭਾਰਤ ਵਿਚਲੇ ਏਜੰਟਾਂ ਨੇ ਧੋਖਾਧੜੀ ਕੀਤੀ ਹੈ ਤੇ ਕਈਆਂ ਨੇ ਸਿਆਸੀ ਸ਼ਰਨ ਲਈ ਸੀ। ਪਿਛਲੇ ਦਿਨੀਂ 25 ਗੈਰ-ਸਿੱਖਾਂ ਦਾ ਵਲੰਟੀਅਰ ਜਥਾ, ਜਿਹੜਾ ਇਨ੍ਹਾਂ ਕੈਦੀਆਂ ਨਾਲ ਮੁਲਾਕਾਤ ਕਰਦਾ ਰਹਿੰਦਾ ਹੈ, ਨੂੰ ਗੁਰਦੁਆਰੇ ਲਿਆਂਦਾ ਗਿਆ ਤੇ ਜਿਥੇ ਉਨ੍ਹਾਂ ਦੀਆਂ ਵਿਦਿਅਕ ਕਲਾਸਾਂ ਲਾਈਆਂ ਗਈਆਂ। ਉਨ੍ਹਾਂ ਨੂੰ ਸਿੱਖਾਂ ਬਾਰੇ ਅਤੇ ਉਨ੍ਹਾਂ ਦੇ ਅਕੀਦੇ, ਵਿਰਸੇ, ਤਿਉਹਾਰਾਂ, ਜਸ਼ਨਾਂ ਤੇ ਛੁੱਟੀਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਨਾਲ ਸਿੱਖ ਕੈਦੀਆਂ ਨੂੰ ਬੋਲਣ ਵਿਚ ਵੀ ਕਾਫ਼ੀ ਮਦਦ ਮਿਲਦੀ ਹੈ, ਜੋ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਜਾਣਦੇ।

# ਢਿੱਲੋਂ ਪਰਿਵਾਰ ਯੂ.ਐਸ.ਏ. ਵੱਲੋਂ ਮਾਤਾ ਹਰਵੰਤ ਕੌਰ ਬਾਜਵਾ ਦੀ ਯਾਦ 'ਚ ਹਸਪਤਾਲ ਨੂੰ ਇੱਕ ਲੱਖ ਰੁਪਏ ਦਾ ਦਾਨ



ਬੰਗਾ/ਬਿਊਰੋ ਨਿਊਜ਼ :
ਯੂ.ਐਸ.ਏ. ਵਸਦੇ ਬੀਬੀ ਪਰਮਿੰਦਰ ਕੌਰ ਢਿੱਲੋਂ ਪਤਨੀ ਡਾ. ਤੇਜਪਾਲ ਸਿੰਘ ਢਿੱਲੋਂ (ਸੀਨੀਅਰ ਟਰੱਸਟ ਮੈਂਬਰ) ਅਤੇ ਸਮੂਹ ਪਰਿਵਾਰ ਵੱਲੋਂ ਆਪਣੇ ਮਾਤਾ ਹਰਵੰਤ ਕੌਰ ਬਾਜਵਾ ਪਤਨੀ ਮਰਹੂਮ ਏਅਰ ਮਾਰਸ਼ਲ ਸ. ਪੂਰਨ ਸਿੰਘ ਬਾਜਵਾ ਦੀ ਨਿੱਘੀ ਯਾਦ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਲੋੜਵੰਦ ਮਰੀਜ਼ਾਂ ਲਈ ਇੱਕ ਲੱਖ ਰੁਪਏ ਦਾ ਦਾਨ ਦਿੱਤਾ ਹੈ। ਇਸ ਵਿਸ਼ੇਸ਼ ਕਾਰਜ ਲਈ ਡਾ. ਤੇਜਪਾਲ ਸਿੰਘ ਢਿੱਲੋਂ ਅਤੇ ਬੀਬੀ ਪਰਮਿੰਦਰ ਕੌਰ ਢਿੱਲੋਂ ਟਰੱਸਟ ਦਫਤਰ ਢਾਹਾਂ ਕਲੇਰਾਂ ਵਿਖੇ ਪੁੱਜੇ ਅਤੇ ਚੈੱਕ ਸ. ਮਲਕੀਅਤ ਸਿੰਘ ਬਾਹੜੋਵਾਲ ਪ੍ਰਧਾਨ ਟਰੱਸਟ ਅਤੇ ਪ੍ਰਬੰਧਕ ਕਮੇਟੀ ਨੂੰ ਭੇਟ ਕੀਤਾ। ਬੀਬੀ ਪਰਮਿੰਦਰ ਕੌਰ ਢਿੱਲੋਂ ਅਤੇ ਡਾ. ਤੇਜਪਾਲ ਸਿੰਘ ਢਿੱਲੋਂ ਨੇ ਦੱਸਿਆ ਕਿ ਢਿੱਲੋਂ ਪਰਿਵਾਰ ਭਵਿੱਖ ਵਿਚ ਵੀ ਟਰੱਸਟ ਵੱਲੋਂ ਲੋਕ ਸੇਵਾ ਨੂੰ ਸਮਰਪਿਤ ਵੱਖ ਵੱਖ ਸਿਹਤ ਸੇਵਾਵਾਂ ਅਤੇ ਵਿਦਿਅਕ ਸੇਵਾਵਾਂ ਦੇ ਪ੍ਰੋਜੈਕਟਾਂ ਵਿਚ ਵੱਧ ਤੋਂ ਵੱਧ ਯੋਗਦਾਨ ਪਾਵੇਗਾ।
ਇਸ ਮੌਕੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ.ਮਲਕੀਅਤ ਸਿੰਘ ਬਾਹੜੋਵਾਲ ਨੇ ਟਰੱਸਟ ਅਧੀਨ ਚੱਲਦੀਆਂ ਸੰਸਥਾਵਾਂ ਤੇ ਭਵਿੱਖ ਦੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਸ. ਬਾਹੜੋਵਾਲ ਨੇ ਢਿੱਲੋਂ ਪਰਿਵਾਰ ਦਾ ਧੰਨਵਾਦ ਕੀਤਾ। ਟਰੱਸਟ ਵੱਲੋਂ ਬੀਬੀ ਪਰਮਿੰਦਰ ਕੌਰ ਢਿੱਲੋਂ ਅਤੇ ਡਾ. ਤੇਜਪਾਲ ਸਿੰਘ ਢਿੱਲੋਂ ਦਾ ਯਾਦ ਚਿੰਨ੍ਹ ਭੇਟ ਕਰਕੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸ.ਹਰਦੇਵ ਸਿੰਘ ਕਾਹਮਾ ਸੀਨੀਅਰ ਮੀਤ ਪ੍ਰਧਾਨ, ਸ. ਅਮਰਜੀਤ ਸਿੰਘ ਚੇਅਰਮੈਨ ਫਾਈਨਾਂਸ ਕਮੇਟੀ ਅਤੇ ਖਜ਼ਾਨਚੀ ਟਰੱਸਟ ਹਾਜ਼ਰ ਸਨ। ਵਰਣਨਯੋਗ ਹੈ ਕਿ ਮਾਤਾ ਹਰਵੰਤ ਕੌਰ ਬਾਜਵਾ ਡਾ. ਤੇਜਪਾਲ ਸਿੰਘ ਢਿੱਲੋਂ ਦੇ ਸੱਸ ਮਾਤਾ ਜੀ ਸਨ। ਡਾ. ਤੇਜਪਾਲ ਸਿੰਘ ਢਿੱਲੋਂ ਦੀ ਸਰਪ੍ਰਸਤੀ ਹੇਠ ਅਮਰੀਕਾ ਵਿਚ ਚੱਲ ਰਹੀ ਸਹਿਯੋਗੀ ਚੈਰੀਟੀ ਸੰਸਥਾ 'ਸਵੇਰਾ' ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨਾਲ ਮਿਲ ਕੇ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਲੋਕਾਂ ਨੂੰ ਆਧੁਨਿਕ ਮੈਡੀਕਲ ਸੇਵਾਵਾਂ ਮੁਫ਼ਤ ਕੈਂਪਾਂ ਰਾਹੀਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

# ਮੈਕਡੋਨਲਡ ਥੈਂਕਸਗਿਵਿੰਗ ਪਰੇਡ 'ਚ ਪੰਜਾਬੀਆਂ ਨੇ ਪਾਈਆਂ ਧੁੰਮਾਂ



ਸ਼ਿਕਾਗੋ/ਬਿਊਰੋ ਨਿਊਜ਼ : ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਨੇ ਮੈਕਡੋਨਲਡ ਦੀ ਥੈਂਕਸਗਿਵਿੰਗ ਪਰੇਡ ਵਿਚ ਹਿੱਸਾ ਲੈ ਕੇ ਆਪਣੀ ਰਵਾਇਤ ਜਾਰੀ ਰੱਖੀ। ਇਹ ਪਰੇਡ ਸ਼ਿਕਾਗੋ ਦੀ ਸਟੇਟ ਸਟਰੀਟ ਵਿਚ ਕੱਢੀ ਗਈ। ਮੈਕਡੋਨਲਡ ਦੀ ਥੈਂਕਸਗਿਵਿੰਗ ਪਰੇਡ ਸ਼ਿਕਾਗੋ ਵਿਚ ਸਭ ਤੋਂ ਵੱਡੀ ਮੰਨੀ ਜਾਂਦੀ ਹੈ।
ਪੰਜਾਬੀ ਕਲਚਰਲ ਸੁਸਾਇਟੀ ਦੇ ਮੁਖੀ ਗੁਰਮੀਤ ਸਿੰਘ ਢਿੱਲੋਂ ਨੇ ਦੱਸਿਆ, "ਪੀ.ਸੀ.ਐਸ. ਇਸ ਪਰੇਡ ਵਿਚ 2005 ਤੋਂ ਸ਼ਿਰਕਤ ਕਰਦੀ ਆ ਰਹੀ ਹੈ। ਇਸ ਨੇ ਸਾਡੇ ਭਾਈਚਾਰੇ ਨੂੰ ਵੱਡੇ ਪੱਧਰ 'ਤੇ ਵੱਖਰੀ ਪਛਾਣ ਦਿੱਤੀ ਹੈ ਤੇ ਇਸ ਨਾਲ ਸਾਡੀ ਅਮਰੀਕੀ ਤਿਉਹਾਰ ਮਨਾਉਣ ਦੀ ਰੁਚੀ ਅਤੇ ਵਚਨਬੱਧਤਾ ਵੀ ਜ਼ਾਹਰ ਹੁੰਦੀ ਹੈ।' ਪੀ.ਸੀ. ਐਸ. ਫਲੋਟ ਦਾ ਥੀਮ ਭਾਰਤੀ ਮਹਾਰਾਜਾ ਦੀ ਬਾਰਾਤ ਦਾ ਦ੍ਰਿਸ਼ ਪੇਸ਼ ਕਰਨਾ ਸੀ ਜਿਸ ਵਿਚ ਲਾੜਾ- ਲਾੜੀ ਰਵਾਇਤੀ ਪੰਜਾਬੀ ਗਹਿਣਿਆਂ ਤੇ ਪਹਿਰਾਵੇ ਨਾਲ ਸ਼ਾਮਲ ਹੋਏ। ਇਹ ਫਲੋਟ ਢੋਲ ਦੀ ਥਾਪ 'ਤੇ ਨੱਚਦੀ ਹੋਈ ਸੜਕਾਂ 'ਤੇ ਖੜ੍ਹੀ ਭੀੜ ਨਾਲ ਰਾਬਤਾ ਕਾਇਮ ਕਰ ਰਹੀ ਸੀ। ਪੀ.ਸੀ.ਐਸ. ਬੋਰਡ ਆਫ਼ ਗਵਰਨਰਜ਼ ਅਤੇ ਪਰੇਡ ਵਿਚ ਪੀ.ਸੀ.ਐਸ. ਦੀ ਸ਼ਮੂਲੀਅਤ ਦੇ ਕੋਆਰਡੀਨੇਟਰ ਰਜਿੰਦਰ ਸਿੰਘ ਮਗੋ ਨੇ ਦੱਸਿਆ ਕਿ ਕੇਵਿਨ ਅਟਵਾਲ ਨੇ ਢੋਲ ਵਜਾਇਆ। ਪੰਜਾਬੀ ਭੰਗੜਾ ਪਾਉਂਦੇ ਹੋਏ ਭੀੜ ਵਿਚ ਸ਼ਾਮਲ ਹੋ ਗਏ। ਮੋਨਾ ਅਤੇ ਮਨਜੀਤ ਭੱਲਾ ਨੇ ਲਾੜਾ-ਲਾੜੀ ਦੇ ਪਹਿਰਾਵਿਆਂ ਵਿਚ ਸੱਜ-ਧੱਜ ਕੇ ਭੰਗੜਾ ਪਾਇਆ।
ਇਸ ਵਰ੍ਹੇ ਮੈਕਡੋਨਲਡ ਦੀ ਥੈਂਕਸਗਿਵਿੰਗ ਪਰੇਡ ਨੇ ਸ਼ਿਕਾਗੋ ਦੀ ਛੁੱਟੀ ਦੀ ਇਸ ਰਵਾਇਤ ਦੇ 83 ਸਾਲਾ ਜਸ਼ਨ ਮਨਾਏ। 1930 ਦੇ ਸ਼ੁਰੂ ਵਿਚ ਇਸ ਕ੍ਰਿਸਮਿਸ ਕਾਰਵਾਂ ਕਿਹਾ ਜਾਂਦਾ ਸੀ ਤੇ 1934 ਵਿਚ ਡਿਪਰੈਸ਼ਨ ਨਾਲ ਜੂਝ ਰਹੇ ਮਰੀਜ਼ਾਂ ਨੂੰ ਇਸ ਵਿਚੋਂ ਬਾਹਰ ਕੱਢਣ ਲਈ ਇਹ ਪਰੇਡ ਸ਼ੁਰੂ ਕੀਤੀ ਗਈ। ਹੌਲੀ ਹੌਲੀ ਇਹ ਵੱਡਾ ਈਵੈਂਟ ਬਣ ਗਈ, ਜਿਸ ਵਿਚ ਹਜ਼ਾਰਾਂ-ਹਜ਼ਾਰਾਂ ਲੋਕ ਸ਼ਿਰਕਤ ਕਰਦੇ ਹਨ।
ਟੀ.ਵੀ. ਸਟਾਰ ਐਕਟਰ ਅਤੇ ਕਾਮੇਡੀਅਨ ਮੈਟ ਵਾਲਸ਼ ਨੇ ਪਰੇਡ ਦੀ ਗਰੈਂਡ ਮਸ਼ਾਲ ਜਗਾਈ। ਗਾਇਕ ਕਰੇਗ ਕੈਂਪਬੈੱਲ, ਕਾਮੇਡੀਅਨ ਸਬਾਸਟੀਅਨ ਮੈਨੀਸਕਾਲੋ, ਸ਼ੈਫ਼ ਗਰਾਹਮ ਇਲੀਅਟ, ਸ਼ਿਕਾਗੋ ਫਾਇਰ ਦੇ ਯੂਰੀ ਸਰਦਾਰੋਵ, ਅਦਾਕਾਰ ਡੈਂਟੇ ਬਰਾਊਨ, ਅਦਾਕਾਰਾ ਐਮਾ ਕੈਨੀ ਨੇ ਇਸ ਪਰੇਡ ਵਿਚ ਸ਼ਿਰਕਤ ਕੀਤੀ। ਇਸ ਪਰੇਡ ਦਾ ਅਨੰਦ ਮਾਣਨ ਲਈ ਸੜਕ ਦੇ ਦੋਵੇਂ ਕਿਨਾਰਿਆਂ 'ਤੇ ਲੋਕਾਂ ਦੀ ਭੀੜ ਸੀ। ਕੂਕੀ ਮੌਨਸਟਰ, ਕੁੰਗ ਫੂ ਪਾਂਡਾ ਤੇ ਟੈਡੀ ਟਰਕੀ ਬਲੂਨਸ, ਮਾਰਚਿੰਗ ਬੈਂਡ ਲੋਕਾਂ ਦਾ ਮਨੋਰੰਜਨ ਕਰ ਰਹੇ ਸਨ। ਫੈਸਟਿਵ ਫਲੋਟਸ, ਕਲਚਰਲ ਗਰੁੱਪ, ਥੀਏਟਰ ਪੇਸ਼ਕਾਰੀਆਂ ਤੇ ਸੈਲਿਬਰੀਟੀ ਸ਼ਖ਼ਸੀਅਤਾਂ ਨੇ ਖ਼ੂਬ ਰੌਣਕਾਂ ਲਾਈਆਂ।
ਪੀ.ਸੀ.ਐਸ. ਦੇ ਬਾਕੀ ਮੈਂਬਰਾਂ ਵਿਚ ਸੁਰਿੰਦਰ ਸਿੰਘ ਸੰਘਾ, ਮਨਜੀਤ ਸਿੰਘ ਭੱਲਾ, ਬਿਕਰਮ ਸਿੰਘ ਚੌਹਾਨ, ਬਲਵਿੰਦਰ ਸਿੰਗ ਗਿਰਨ, ਵਿਕ ਸਿੰਘ, ਜਸਕਰਨ ਸਿੰਘ ਸੈਣੀ, ਤਰਨਪ੍ਰੀਤ ਸਿੰਘ ਨਾਗਰਾ, ਸੰਦੀਪ ਸਿੰਘ, ਮਨਪ੍ਰੀਤ ਭੱਲਾ ਤੇ ਰਸ਼ਪਾਲ ਸਿੰਘ ਡੀ.ਜੀ. ਦੇ ਸਹਿਯੋਗ ਰਿਹਾ।

# ਸਰੱਬਤ ਦਾ ਭੱਲਾ ਟਰੱਸਟ ਸਿਆਟਲ ਦੇ ਮੈਂਬਰਾਂ ਦਾ ਸਵਾਗਤ ਸਮਾਜ ਸੇਵਾ ਕਰਨ ਲਈ ਪ੍ਰੇਰਨਾ

ਸਿਆਟਲ/ਬਿਊਰੋ ਨਿਊਜ਼: ਮਨੁੱਖਤਾ ਤੇ ਸਮਾਜ ਦੀ ਸੇਵਾ ਕਰਨ ਲਈ ਸਰੱਬਤ ਦਾ ਭੱਲਾ ਟਰੱਸਟ ਸਿਆਟਲ ਵੱਲੋਂ ਪਹਿਲ ਕਦਮੀ ਕਰਦਿਆਂ ਸਮੂਹ ਮੈਂਬਰਾਂ ਨੇ ਪਹੁੰਚ ਕੇ ਜਲੰਧਰ ਵਿਚ ਮੀਟਿੰਗ ਤੇ ਸਨਮਾਨ ਸਮਾਰੋਹ ਕੀਤਾ ਗਿਆ ਜਿਸ ਵਿਚ 200 ਤੋਂ ਵੱਧ ਪ੍ਰਵਾਸੀ ਪੰਜਾਬੀਆਂ ਤੇ ਮਾਣ ਮੱਤੀਆਂ ਸਖ਼ਸ਼ੀਅਤਾਂ ਨੇ ਸ਼ਿਰਕਤ ਕਰਕੇ ਸਮਾਰੋਹ ਦੀ ਸੋਵਧਾਈ। ਸਮਾਗਮ ਦੇ ਆਰੰਭ ਵਿਚ ਸਰੱਬਤ ਦਾ ਭੱਲਾ ਚੈਰੀਟੇਬਲ ਟਰੱਸਟ ਦੇ ਮੁਖੀ ਐਸ ਪੀ ਸਿੰਘ ਉਬਰਾਏ ਨੇ ਸਿਆਟਲ ਤੋਂ ਪਹੁੰਚੇ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਐਸ ਪੀ ਸਿੰਘ ਉਬਰਾਏ ਨੇ ਵੱਖ ਵੱਖ ਥਾਵਾਂ ਤੇ ਚੱਲ ਰਹੇ ਸਮਾਜ ਸੇਵੀ ਕਾਰਜਾਂ ਬਾਰੇ ਚਾਨਣਾ ਪਾਇਆ। ਗੁਰਚਰਨ ਸਿੰਘ ਢਿੱਲੋਂ ਵਲੋਂ



ਸਿਆਟਲ ਵੱਲੋਂ ਸਨਮਾਨ ਸਮਾਰੋਹ 'ਚ ਪਹੁੰਚੀਆਂ ਸਖਸ਼ੀਅਤਾਂ ਨਾਲ ਯਾਦਗਾਰੀ ਫੋਟੋ।
ਸਿਆਟਲ ਸਰੱਬਤ ਦਾ ਭਲਾ ਟਰੱਸਟ ਦੇ ਮੈਂਬਰਾਂ ਦਾ ਸਵਾਗਤ

ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਸਰੱਬਤ ਦਾ ਭੱਲਾ ਟਰੱਸਟ ਸਿਆਟਲ ਦੇ ਮੈਂਬਰਾਂ ਦਯਿਆਬੀਰ ਸਿੰਘ ਪਿੰਟੂ ਬਾਠ ਦੀ ਪ੍ਰਧਾਨਗੀ ਹੇਠ ਮਨੋਹਣ ਸਿੰਘ ਧਾਲੀਵਾਲ ਹਰਦੀਪ ਸਿੰਘ ਗਿੱਲ ਬਲਬੀਰ ਸਿੰਘ ਦੇ ਕਰ ਕਲਮਾਂ ਰਾਹੀਂ ਮਨੁੱਖਤਾ ਤੇ ਸਮਾਜ ਸੇਵੀ ਕਾਰਜਾਂ ਵਿਚ ਪਾ ਰਹੇ ਵੱਡਮੁੱਲੇ ਯੋਗਦਾਨ ਬਦਲੇ ਐਸ ਪੀ ਸਿੰਘ ਉਬਰਾਏ, ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ, ਸੰਤ ਬਲਬੀਰ ਸਿੰਘ ਸੀਚੇਵਾਲ, ਡਾ. ਵਰਿਆਮ ਸਿੰਘ ਸੰਧੂ, ਲੈਫ: ਜਨਰਲ ਜੇ ਐਸ ਢਿੱਲੋਂ, ਰਮਨ ਕੁਮਾਰ ਟੀ ਵੀ ਨਿਊਜ ਰੀਡਰ, ਪਦਮ ਸ੍ਰੀ ਕਰਤਾਰ ਸਿੰਘ ਪਹਿਲਵਾਨ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮਾਂ ਵਿਚ ਟਰੱਸਟ ਦੇ ਮੈਂਬਰਾਂ ਡਾ. ਅਜ਼ਾਦ, ਡਾ. ਦਲਜੀਤ ਸਿੰਘ, ਵਿਨੋਦ ਭੱਲਾ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਅੰਤਰਰਾਸ਼ਟਰੀ ਜਿਮਨਾਸਟਿਕ ਕੁਲਵਿੰਦਰ ਸਿੰਘ ਥਿਆੜਾ, ਬੰਬਈ ਗੁਰਨਾਮ ਸਿੰਘ ਹੋਠੀ, ਪ੍ਰੇਮ ਸਿੰਘ ਅਜੀਤ ਦੇ ਟਰੱਸਟੀ ਦਾ ਵਿਸ਼ੇਸ਼ ਸਵਾਗਤ ਕੀਤਾ। ਸਮਾਗਮ 'ਚ ਪਹੁੰਚੇ ਮਹਿਮਾਨਾਂ ਨੂੰ ਗੁਰਦੀਪ ਸਿੰਘ ਸਿੱਧੂ ਨੇ ਸਰੱਬਤ ਦੇ ਭੱਲੇ ਟਰੱਸਟ ਸਿਆਟਲ ਵੱਲੋਂ ਸਵਾਗਤ ਕੀਤਾ ਅਤੇ ਪ੍ਰੀਤਮ ਸਿੰਘ ਨਾਰੰਗਪੁਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਗੁਰਚਰਨ ਸਿੰਘ ਨੇ ਕੀਤਾ।

# ਸਾਫ਼ ਸੁਥਰੀ ਗਾਇਕੀ ਵਾਲੇ ਜੀਤ ਜਗਜੀਤ ਦਾ ਫਰਿਜ਼ਨੋ ਵਿਖੇ ਸਨਮਾਨ



ਫਰਿਜ਼ਨੋ(ਨੀਟਾ ਮਾਛੀਕੇ/ਕੁਲਵੰਤ ਧਾਲੀਆਂ): ਪੰਜਾਬੀ ਸਭਿਆਚਾਰ ਦੇ ਖੂਬਸੂਰਤ ਪੱਖਾਂ ਦੀ ਤਰਜਮਾਨੀ ਕਰਦੇ ਤੇ ਲੋਕਾਂ ਦੀਆਂ ਧੜਕਨਾਂ ਨੂੰ ਅਪਣਾਏ ਗੀਤਾਂ ਨੂੰ ਗਾਉਣ ਵਾਲੇ ਪੰਜਾਬੀ ਗਾਇਕ ਜੀਤ ਜਗਜੀਤ ਨੇ ਫਰਿਜ਼ਨੋ 'ਚ ਲਾਏ ਗਾਇਕੀ ਦੇ ਅਖਾੜੇ 'ਚ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਜੀਤ ਜਗਜੀਤ ਦਾ ਪੰਜਾਬੀ ਗਾਇਕੀ 'ਚ ਪਾਏ ਜਾ ਰਹੇ ਯੋਗਦਾਨ ਬਦਲੇ ਸਨਮਾਨ ਵੀ ਕੀਤਾ ਗਿਆ।
ਮਸ਼ੂਕ, ਹਥਿਆਰਾ, ਨਸ਼ੇ ਅਤੇ ਕਾਰਾਂ-ਜੀਪਾਂ ਦੀਆਂ ਮਸ਼ਹੂਰੀਆਂ ਕਰਨ ਵਾਲੇ ਕੱਚ-ਘਰੜ ਗੀਤਾਂ ਤੋਂ ਹਟ ਕੇ ਸਾਫ਼-ਸੁਥਰੇ ਅਤੇ ਸੱਭਿਆਚਾਰਕ ਗੀਤ ਗਾਉਣ ਵਾਲਾ ਜੀਤ ਜਗਜੀਤ ਅੱਜਕੱਲ ਆਪਣੀ ਪੂਰੀ ਟੀਮ ਸਮੇਤ ਅਮਰੀਕਾ ਟੂਰ ਤੇ ਆਇਆ ਹੋਇਆ ਹੈ। ਅਮਰੀਕਾ ਦੇ ਵੱਖੋ ਵੱਖ ਸ਼ਹਿਰਾਂ ਵਿੱਚ ਉਹਨਾਂ ਦੇ ਸਫ਼ਲ ਸ਼ੋਅ ਵੀ ਹੋਏ ਹਨ। ਇਸੇ ਕੜੀ ਤਹਿਤ ਪੰਜਾਬੀ ਮਾਂ ਬੋਲੀ, ਪੰਜਾਬੀ ਸੰਗੀਤ ਤੇ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਪ੍ਰਣਾਏ ਗੀਤਾ ਰਾਹੀਂ ਸਾਡੇ ਵਿਰਸੇ ਨੂੰ ਪ੍ਰਮੋਟ ਲਈ ਫਰਿਜ਼ਨੋ ਵਿਖੇ ਵੈਸਟਰਨ ਟਰੱਕ ਐਂਡ ਟਰੇਲਰ ਸ਼ਅਤੇ ਗਿੱਲ ਟਰੱਕਿੰਗ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਲੱਗੇ ਖੁਲ੍ਹੇ ਅਖਾੜੇ ਦੀ ਸ਼ੁਰੂਆਤ ਸੰਗੀਤਕਾਰ ਪੱਪੀ ਭਦੌੜ ਨੇ ਧਾਰਮਿਕ ਗੀਤ ਨਾਲ ਕੀਤੀ। ਉਪਰੰਤ ਜਗਜੀਤ ਨੇ ਸਾਰੰਗੀ ਦੇ ਸੁਰਾਂ ਨਾਲ ਪੰਜਾਬੀ ਗਾਇਕੀ ਦੀ ਵਿਲੱਖਣ ਪੇਸ਼ਕਾਰੀ ਕਰਦਿਆਂ ਖੂਬ ਰੰਗ ਬੰਨ੍ਹਿਆਂ। ਸੱਭਿਆਚਾਰਿਕ ਰੰਗ ਵਿੱਚ ਗੜੁੱਚ ਇਸ ਅਖਾੜੇ ਦੌਰਾਨ ਪੰਜਾਬੀਆਂ ਨੇ ਨੱਚ ਨੱਚ ਅੰਬਰੀ ਧੂੜ ਚਾੜ੍ਹ ਦਿੱਤੀ। ਪ੍ਰਬੰਧਕਾਂ ਵਲੋਂ ਸਮੂਹ ਸਪਾਂਸਰ ਵੀਰਾ ਦਾ ਸ਼ੁਕਰੀਆ ਅਦਾ ਕੀਤਾ ਗਿਆ। ਸਟੇਜ ਸੰਚਾਲਨ ਉੱਘੇ ਕਾਲਮ-ਨਵੀਸ ਜਗਤਾਰ ਗਿੱਲ ਨੇ ਕੀਤਾ। ਇਸ ਪ੍ਰੋਗ੍ਰਾਮ ਨੂੰ ਸਫ਼ਲ ਬਣਾਉਣ ਦਾ ਸਿਹਰਾ ਜੰਗੀਰ ਗਿੱਲ ਐਂਡ ਸੰਨਜ, ਮਿੱਟੂ ਉਪਲੀ ਅਤੇ ਭਿੰਦੇ ਸਿਰ ਜਾਂਦਾ ਹੈ। ਅਖੀਰ ਨੂੰ ਰਾਤਰੀ ਦੇ ਭੋਜਨ ਨਾਲ ਖੁਸ਼ੀਆਂ ਬਿਖੇਰਦਾ ਇਹ ਪ੍ਰੋਗਰਾਮ ਸਮਾਪਤੀ ਵਲ ਵਧਿਆ।

# Classified

## ਵਰ ਦੀ ਲੋੜ


**ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 28, 5' 2'' ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੇਟਾ ਸਮੇਤ ਈਮੇਲ- 5RiversDeep@gmail.com. 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

**ਗੁਰੂ ਕੇ ਬੇਟੇ (ਮਜਬੀ ਸਿੱਖ) ਪਰਿਵਾਰ ਨਾਲ ਸਬੰਧਤ ਲੜਕੀ, ਬੀ. ਐਸ. ਸੀ. ਨਰਸਿੰਗ, ਕੱਦ 5 ਫੁੱਟ 7 ਇੰਚ, ਉਮਰ 27 ਸਾਲ, ਗੁਰਸਿੱਖ ਲੜਕੇ ਦੀ ਲੋੜ, ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਇੰਡੀਆ ਸੰਪਰਕ ਫੋਨ ਨੰ: 98157-51332**

**ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5'5'', ਰੰਗ ਗੋਰਾ, ਖ਼ੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖ਼ੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।**

**ਸੰਪਰਕ-ਈ ਮੇਲ :hardeepdhillon212@yahoo.com**

**ਅਮਰੀਕਨ Bachelor's of Science in health Care managment, Caste Hindu Nai age 26, Hight 5' 7'' ਲਈ ਯੋਗ ਡਿਗਰੀ ਹੋਲਡਰ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਵੇਰਵਾ ਭੇਜੋ। ਸੀਰੀਅਸ ਸੱਜਣ ਹੀ ਸੰਪਰਕ ਕਰਨ।**
**ਫੋਨ. 916-760-8485, 916-694-3073**
**Email: duttadee@yahoo.com**

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**


## Bride WANTED


Seeking Jatt Sikh profesional, Pure Vegetarian match for our US born beautiful daughter, 28, 5' 2''. Bachelor's Degree in Business Marketing. Dowry seekers please excuse. Interested, please contact with photo and biodata at 5RiversDeep@gmail.com.

Jat Sikh Girl, December 1988 born. 5'5'' Very Fair, Beautiful, Smart with Excellent English. Born and brought up in Chandigarh. Educated from PU Chandigarh and Canada. Chandigarh based educated family. Girl only child, owns U/R Property. Family and boy are main concern.

**Contact E-mail : hardeepdhillon212@yahoo.com**

Looking a match for My Nephew, A Saini Sikh, 25 years old, 5 '11'' Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

Suitable match for (MDS) orthodontist Sikh vegetarian boy. 28,5-8'', preparing (NBDE), Done Observership @ Boston USA, having 10yrs business visa, Father retd. as Bank manager, Mother housewife, only elder brother and his family citizen@ UK .having urban and rural property.
Contact: +919999056353, +1 (510) 598-7345
E-mail : drdentortho@gmail.com


## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸਿੱਖਿਆਵਾਂ ਨੂੰ ਜੀਵਨ ਵਿਚ ਢਾਲਣ ਦੀ ਲੋੜ

ਇਸ ਜਗਤ ਦੀ ਅਸਥਿਰਤਾ ਬਾਰੇ ਆਪ ਜੀ ਨੇ ਪਾਵਣ ਗੁਰਬਾਣੀ ਅੰਦਰ ਫੁਰਮਾਣ ਕੀਤਾ

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥(ਸਲੋਕ 49, ਪੰਨਾ 1429)

ਆਪ ਜੀ ਨੇ ਪਾਵਣ ਬਾਣੀ ਵਿੱਚ ਦੱਸਿਆ ਕਿ ਮਨੁੱਖ ਸੁੱਖਾਂ ਦੀ ਪ੍ਰਾਪਤੀ ਅਤੇ ਲਾਲਸਾ ਵਿੱਚ ਹੋਰ ਵੀ ਜ਼ਿਆਦਾ ਦੁਖ ਭੋਗਦਾ ਹੈ, ਸੰਸਾਰ ਵਿੱਚ ਉਹੀ ਹੁੰਦਾ ਹੈ ਜੋ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ :

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥
(ਸਲੋਕ 39, ਪੰਨਾ 1428)

ਆਪ ਜੀ ਨੇ ਫੁਰਮਾਇਆ ਕੇ ਮਨੁੱਖ ਦਿਨ ਰਾਤ ਮਾਇਆ ਪਿੱਛੇ ਭੱਜਿਆ ਫਿਰਦਾ ਹੈ, ਪਰ ਫਿਰ ਵੀ ਇਸ ਦੇ ਮਨ ਦੀ ਮੈਲ ਦੂਰ ਨਹੀਂ ਹੁੰਦੀ:

ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ (ਟੋਡੀ ਮਹਲਾ 9, ਪੰਨਾ 718)

ਬੇਸ਼ੱਕ ਅੱਜ ਕੱਲ੍ਹ ਦੇ ਅਖੌਤੀ ਬਾਬੇ ਆਪਣੇ ਨਾਲ ਗੰਨਮੈਨ, ਆਕਸੀਜਨਾਂ, ਜ਼ੈੱਡ ਸੁਰੱਖਿਆ ਨਾਲ ਨਾਲ ਲਈ ਫਿਰਦੇ ਹਨ ਅਤੇ ਦੂਜੇ ਪਾਸੇ ਆਪਣੇ ਰੱਬ ਹੋਣ ਦਾ ਦਾਅਵਾ ਵੀ ਕਰਦੇ ਹਨ ਪਰ ਸਗਿਤੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਪਸ਼ਟ ਕਰ ਦਿੱਤਾ ਕਿ ਮਾਇਆ ਵਿੱਚ ਖੱਚਤ ਜੀਵ ਨੂੰ ਹੀ ਮੌਤ ਦਾ ਡਰ ਹੁੰਦਾ ਹੈ ਤੇ ਇਸ ਡਰ ਤੋਂ ਛੁਟਕਾਰਾ ਸਿਰਫ ਅਕਾਲਪੁਰਖ ਨਾਲ ਪਿਆਰ ਪਾਉਣ ਉਪਰੰਤ ਹੀ ਮਿਲ ਸਕਦਾ ਹੈ ਅਤੇ ਜੋ ਨਾਮ ਸਿਮਰਨ ਨਹੀਂ ਕਰਦੇ ਉਹੀ ਜਨਮ ਮਰਨ ਦੇ ਗੇੜ ਵਿੱਚ ਫਸੇ ਰਹਿੰਦੇ ਹਨ :

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥
(ਸਲੋਕ 31, ਪੰਨਾ 1428)

ਅਖੌਤੀ ਤੀਰਥਾਂ ਬਾਰੇ ਸਪਸ਼ਟ ਕਰਦਿਆਂ ਆਪ ਜੀ ਨੇ ਫੁਰਮਾਇਆ:

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥
(ਬਿਲਾਵਲੁ ਮਹਲਾ 9, ਪੰਨਾ 830)

ਇਸ ਤਰ੍ਹਾਂ ਸਾਨੂੰ ਸਤਿਗੁਰੂ ਜੀ ਦੀ ਪਾਵਣ ਬਾਣੀ ਤੋਂ ਹਰ ਤਰ੍ਹਾਂ ਦੀ ਜੀਵਣ ਸਬੰਧੀ ਸੇਧ ਮਿਲਦੀ ਹੈ ਜੋ ਉਨ੍ਹਾਂ ਦੀ ਬਾਣੀ ਨੂੰ ਸਹਿਜ ਨਾਲ ਪੜ੍ਹਿਆਂ ਹੀ ਪਤਾ ਲੱਗ ਸਕਦਾ ਹੈ। ਸੋ ਆਉ ! ਉਨ੍ਹਾਂ ਦੀ ਸ਼ਹਾਦਤ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਣ ਵਿੱਚ ਢਾਲੀਏ ਅਤੇ ਗੁਰ ਉਪਦੇਸ਼ਾਂ ਮੁਤਾਬਕ ਜੀਵਣ ਜੀਉਣ ਦਾ ਵੱਲ ਸਿੱਖੀਏ।

## ਨਗਰੋਟਾ ਨੇੜੇ ਫੌਜੀ ਕੈਂਪ ਉੱਤੇ ਦਹਿਸ਼ਤੀ ਹਮਲੇ 'ਚ ਦੋ ਅਫਸਰਾਂ ਤੇ 5 ਫੌਜੀ ਜਵਾਨਾਂ ਦੀ ਮੌਤ

ਦੋ ਔਰਤਾਂ ਤੇ ਦੋ ਬੱਚਿਆਂ ਨੂੰ ਰਿਹਾਇਸ਼ੀ ਇਮਾਰਤਾਂ ਵਿੱਚੋਂ ਸੁਰਖਿਅਤ ਬਚਾ ਲਿਆ ਗਿਆ, ਪਰ ਇੱਕ ਹੋਰ ਅਫ਼ਸਰ ਤੇ ਦੋ ਜਵਾਨ ਮਾਰੇ ਗਏ। ਤਿੰਨ ਹਮਲਾਵਰਾਂ ਦੀਆਂ ਲਾਸ਼ਾਂ ਵੀ ਉਸ ਥਾਂ ਤੋਂ ਬਰਾਮਦ ਕਰ ਲਈਆਂ।

ਭਾਵੇਂ ਫੌਜੀ ਕੈਂਪ ਦੁਆਲੇ ਸਖ਼ਤ ਪਹਿਰਾ ਹੈ ਪਰ ਅਫਸਰਾਂ ਦੇ ਕਹਿਣ ਅਨੁਸਾਰ ਵਿਦਾਇਨ ਧੜੇ ਦੇ ਖਾੜਕੂ ਜਾਨ ਜੋਖ਼ਮ ਵਿੱਚ ਪਾ ਕੇ ਵੀ ਅਜਿਹੀਆਂ ਵਾਰਦਾਤਾਂ ਕਰਨ ਲਈ ਅੱਗੇ ਵਧਦੇ ਹਨ। ਉਹ ਕਈ ਵਿਅਕਤੀਆਂ ਨੂੰ ਬੰਦੀ ਬਣਾਉਣ ਦੇ ਯਤਨਾਂ ਵਿੱਚ ਸਨ ਤਾਂ ਜੋ ਇਸ ਆੜ ਵਿੱਚ ਬਚ ਨਿਕਲਣ ਪਰ ਫੌਜ ਨੇ ਇਸ ਯਤਨ ਅਸਫਲ ਬਣਾ ਦਿੱਤੇ।

ਆਖ਼ਰੀ ਖ਼ਬਰਾਂ ਮਿਲਣ ਵੇਲੇ ਤੱਕ ਦਹਿਸ਼ਤਗਰਦਾਂ ਵਿਰੁਧ ਕਾਰਵਾਈ ਹਨੇਰਾ ਹੋਣ ਕਾਰਨ ਰੋਕਣੀ ਪਈ ਜੋ ਬੁੱਧਵਾਰ ਸਵੇਰੇ ਮੁੜ ਸ਼ੁਰੂ ਕੀਤੀ ਜਾਣੀ ਸੀ। ਇਸ ਵਾਰਦਾਤ ਵਿੱਚ ਕਿਸੇ ਸਿਵਲੀਅਨ ਦਾ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੋਣੋਂ ਬਚਾਅ ਹੋ ਗਿਆ। ਜੰਮ ਤੋਂ 20 ਕੁ ਕਿਲੋਮੀਟਰ ਦੀ ਦੂਰੀ ਉੱਤੇ ਸਥਿੱਤ ਨਗਰੋਟ ਭਾਰਤੀ ਫੌਜ ਦੀ 16ਵੀਂ ਕੋਰ ਦਾ ਹੈਡਕੁਆਟਰ ਹੈ ਜਿੱਥੇ ਭਾਰੀ ਮਾਤਰਾ ਵਿੱਚ ਹਥਿਆਰਾਂ ਦਾ ਭੰਡਾਰ ਜਮ੍ਹਾਂ ਰਖਿਆ ਹੁੰਦਾ ਹੈ । ਇਹ ਹਥਿਆਰ ਸਰਹੱਦਾਂ ਦੀ ਰਾਖੀ ਅਤੇ ਦਹਿਸ਼ਤਗਰਦਾਂ ਦੇ ਟਾਕਰੇ ਲਈ ਵਰਤੇ ਜਾਂਦੇ ਹਨ। ਫੌਜ ਨੇ ਹਮਲੇ ਬਾਅਦ ਇਲਾਕੇ ਨੂੰ ਘੇਰਾ ਪਾ ਕੇ ਸਾਰੇ ਸਕੂਲ ਬੰਦ ਕਰਵਾਉਣ ਦੇ ਇਲਾਵਾ ਹਾਈਵੇ ਉੱਤੇ ਟਰੈਫਿਕ ਵੀ ਬੰਦ ਕਰਵਾਈ। ਇਹ ਫੌਜੀ ਕੈਂਪ ਹਾਈਵੇ ਦੇ ਨੇੜੇ ਹੀ ਪੈਂਦਾ ਹੈ।

## ਤਿੰਨ ਦਹਿਸ਼ਤਗਰਦ ਹਲਾਕ

ਇੱਕ ਹੋਰ ਵਾਰਦਾਤ ਵਿੱਚ ਬੀਐਸਐਫ ਨੇ ਜੰਮੂ ਕਸ਼ਮੀਰ ਦੇ ਸਾਂਬਾ ਖੇਤਰ ਵਿੱਚ ਰਾਮਗੜ੍ਹ ਨੇੜੇ ਸਰਹੱਦ ਪਾਰ ਕਰਕੇ ਭਾਰਤ ਦਾਖ਼ਲ ਹੋਣ ਦਾ ਯਤਨ ਕਰ ਰਹੇ ਦਹਿਸ਼ਤਗਰਦਾਂ ਦੇ ਟੋਲੇ ਉੱਤੇ ਹਮਲਾ ਕਰਕੇ ਦੋ ਦਹਿਸ਼ਤਗਰਦ ਮਾਰ ਮੁਕਾਏ।

## ਨਾਅਰਿਆਂ ਤੇ ਲਾਰਿਆਂ ਵਿਚ ਨਾ ਰੋਲ਼ੇ ਜਾਣ ਅਸਲ ਲੋਕ ਮਸਲੇ

ਅਤੇ ਖ਼ਜ਼ਾਨੇ ਵਿੱਚ ਪੈਸਾ ਵੀ ਹੈ। ਪਾਕਿਸਤਾਨ ਨਾਲ ਲਗਦੇ ਸਰਹੱਦੀ ਇਲਾਕਿਆਂ ਅਤੇ ਤਾਰ ਤੋਂ ਪਾਰ ਦੀਆਂ ਜ਼ਮੀਨਾਂ ਵਾਲੇ ਕਿਸਾਨਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਸ ਵਾਰ ਸਰਹੱਦੀ ਲੋਕਾਂ ਨੂੰ ਨੁਕਸਾਨ ਦਾ ਮੁਆਵਜ਼ਾ ਨਾ ਮਿਲਣ ਕਰਕੇ ਇਹ ਲੋਕ ਮੌਜੂਦਾ ਸਰਕਾਰ ਤੋਂ ਦੁਖੀ ਹਨ।

ਪੰਜਾਬ ਵਿੱਚ ਦਲਿਤ ਵੋਟਾਂ ਦੀ ਫ਼ੀਸਦੀ ਸਾਰੇ ਮੁਲਕ ਨਾਲੋਂ ਜ਼ਿਆਦਾ ਹੈ। ਲਗਭਗ ਹਰ ਪਾਰਟੀ ਨੇ ਦਲਿਤਾਂ ਲਈ ਵੱਖਰਾ ਵਿੰਗ ਬਣਾ ਰੱਖਿਆ ਹੈ। ਲੰਬਾਂ ਸਮਾਂ ਦਲਿਤ ਵੋਟਰ ਕਾਂਗਰਸ ਨਾਲ ਜੁੜਿਆ ਰਿਹਾ ਹੈ ਕਿਉਂਕਿ ਉਹ ਸਮਝਦਾ ਸੀ ਕਿ ਰਾਖਵਾਂਕਰਨ ਕਾਂਗਰਸ ਨੇ ਦਿੱਤਾ ਹੈ। ਪਰ ਦਲਿਤ ਵਰਗ ਜਾਣ ਗਿਆ ਹੈ ਕਿ ਇਹ ਤਾਂ ਡਾ. ਭੀਮ ਰਾਓ ਅੰਬੇਦਕਰ ਨੇ ਅੰਗਰੇਜ਼ਾਂ ਤੋਂ ਹੀ ਅੰਸ਼ਿਕ ਰੂਪ ਵਿੱਚ ਪ੍ਰਾਪਤ ਕਰ ਲਿਆ ਸੀ। ਭਾਜਪਾ ਰਾਖਵੇਂਕਰਨ ਨੂੰ ਮਜਬੂਰੀ ਵਿੱਚ ਹੀ ਜਾਰੀ ਰੱਖ ਰਹੀ ਹੈ। ਇਸ ਪੱਖੋਂ ਪੜ੍ਹੇ-ਲਿਖੇ ਸ਼ਹਿਰੀ ਦਲਿਤਾਂ ਦੀਆਂ ਮੰਗਾਂ ਪੋਸਟ ਮੈਟਰਿਕ ਸਕਾਲਰਸ਼ਿਪ, ਨੌਕਰੀ ਅਤੇ ਤਰੱਕੀਆਂ ਵਿੱਚ ਰਾਖਵਾਂਕਰਨ ਹਨ ਜਦੋਂਕਿ ਪੇਂਡੂ ਇਲਾਕਿਆਂ ਵਿੱਚ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਦਲਿਤਾਂ ਲਈ ਸ਼ਾਮਲਾਟੀ ਜ਼ਮੀਨ ਵਿਚੋਂ ਹਿੱਸਾ, ਘਰ ਬਣਾਉਣ ਲਈ ਪਲਾਟ, ਘੱਟੋ-ਘੱਟ ਦਿਹਾੜੀ, ਮਗਨਰੇਗਾ ਸਕੀਮ ਅਧੀਨ ਰੁਜ਼ਗਾਰ ਅਤੇ ਸਮਾਜਿਕ ਧੌਂਸ ਨੂੰ ਤੋੜਨ ਦੇ ਮੁੱਦੇ ਪ੍ਰਮੁੱਖ ਹਨ। ਪਿਛਲੇ ਕੁਝ ਸਮੇਂ ਤੋਂ ਹਾਕਮ ਧਿਰਾਂ ਦਲਿਤਾਂ ਲਈ ਮਹਾਂਰਿਸ਼ੀ ਬਾਲਮੀਕ, ਭਗਤ ਰਵੀਦਾਸ ਤੋਂ ਲੈ ਕੇ ਡਾ. ਭੀਮ ਰਾਓ ਅੰਬੇਦਕਰ ਤਕ ਦੇ ਨਾਵਾਂ, ਥਾਵਾਂ ਅਤੇ ਦਿਹਾੜਿਆਂ ਦਾ ਪ੍ਰਤੀਕਆਤਮਿਕ ਪ੍ਰਯੋਗ ਤਾਂ ਖ਼ੂਬ ਕਰ ਰਹੀਆਂ ਹਨ ਪਰ ਉਨ੍ਹਾਂ ਲਈ ਕੋਈ ਠੋਸ ਪ੍ਰੋਗਰਾਮ ਨਹੀਂ ਬਣਾ ਰਹੀਆਂ। ਸਰਕਾਰ ਪਹਿਲਾਂ ਤੋਂ ਪ੍ਰਾਪਤ ਸੰਵਿਧਾਨਕ ਹੱਕ ਅਤੇ ਬਣੇ-ਬਣਾਏ ਕਾਨੂੰਨਾਂ ਨੂੰ ਹੀ ਅਧਮੰਨੇ ਮਨ ਨਾਲ ਲਾਗੂ ਕਰ ਰਹੀ ਹੈ। ਇਸ ਵਾਰ ਰਾਜਨੀਤਕ ਹਲਕਿਆਂ ਵਿੱਚ ਚਰਚਾ ਜ਼ੋਰਾਂ 'ਤੇ ਹੈ ਕਿ ਅਕਾਲੀ-ਭਾਜਪਾ ਗਠਜੋੜ ਦਲਿਤਾਂ ਹਲਕਿਆਂ 'ਤੇ ਵਧੇਰੇ ਧਿਆਨ ਦੇ ਰਿਹਾ ਹੈ। ਉਹ ਨਾ ਕੇਵਲ ਧਨਸ਼ਕਤੀ ਪੱਖੋਂ ਸ਼ਕਤੀਵਾਨ ਉਮੀਦਵਾਰ ਖੜ੍ਹੇ ਕਰ ਰਿਹਾ ਹੈ ਸਗੋਂ ਹੋਰ ਢੰਗਾਂ ਨਾਲ ਵੀ ਦਲਿਤਾਂ ਨੂੰ ਪਤਿਆ ਰਿਹਾ ਹੈ। ਇਸ ਸਮੇਂ ਦਲਿਤ ਵੋਟਰ ਕਾਂਗਰਸ ਤੇ ਅਕਾਲੀ ਦਲ ਵਿੱਚ ਵੰਡਿਆ ਹੋਇਆ ਹੈ। ਉਸ ਨੂੰ ਜਿਹੜੀ ਆਸ ਕਿਸੇ ਸਮੇਂ ਕਮਿਊਨਿਸਟਾਂ ਅਤੇ ਬਹੁਜਨ ਸਮਾਜ ਪਾਰਟੀ ਤੋਂ ਲਗਦੀ ਸੀ, ਉਹੀ ਆਸ ਹੁਣ ਆਮ ਆਦਮੀ ਪਾਰਟੀ ਤੋਂ ਦਿਖਾਈ ਦਿੰਦੀ ਹੈ।

ਨਸ਼ੇ ਉਂਜ ਤਾਂ ਸਾਰੇ ਭਾਰਤ ਦੀ ਹੀ ਸਮੱਸਿਆ ਹਨ ਪਰ ਜਿਵੇਂ ਪਿਛਲੇ ਸਮੇਂ ਵਿੱਚ ਇਹ ਪੰਜਾਬ ਦਾ ਭਖਦਾ ਮੁੱਦਾ ਰਹੇ ਹਨ। ਖ਼ਾਸ ਕਰਕੇ 'ਚਿੱਟਾ' ਵੀ ਵੱਡਾ ਮਸਲਾ ਹੈ। ਇਸ ਸਬੰਧੀ ਜਿਵੇਂ ਰਾਜਸੱਤਾ 'ਤੇ ਕਾਬਜ਼ ਧਿਰ ਦੇ ਇੱਕ ਸੀਨੀਅਰ ਮੰਤਰੀ ਸਮੇਤ ਕਈ ਰਸੂਖਵਾਨਾਂ ਦਾ ਨਾਂ ਬੋਲਦਾ ਹੈ। ਨਸ਼ਿਆਂ ਨੂੰ ਰੋਕਣ ਲਈ ਸਧਾਰਨ ਅਮਲੀਆਂ ਦੀ ਖੱਜਲ-ਖੁਆਰੀ ਕਰ ਰਹੀ ਹੈ ਪਰ ਨਸ਼ਿਆਂ ਦਾ ਵਪਾਰ ਕਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ। ਆਮ ਆਦਮੀ ਪਾਰਟੀ ਨੇ ਇਸੇ ਮੁੱਦੇ ਨੂੰ ਚੁੱਕਿਆ ਸੀ ਪਰ ਕੋਈ ਪੱਕਾ ਬਦਲ ਨਹੀਂ ਸੁਝਾਇਆ।

ਅਮਨ-ਕਾਨੂੰਨ ਦੀ ਹਾਲਤ ਇਹ ਬਣੀ ਹੋਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ, ਸੰਤ ਢੱਡਰੀਆਂ ਵਾਲੇ 'ਤੇ ਹਮਲਾ ਕਰਨ ਵਾਲੇ, ਨਾਮਧਾਰੀ ਆਗੂ ਮਾਤਾ ਚੰਦ ਕੌਰ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਨਹੀਂ ਹੋਈ ਤੇ ਦਲਿਤਾਂ ਦੇ ਅੰਗ ਵੱਢਣ ਤਕ ਦੇ ਕੇਸਾਂ ਵਿੱਚ ਵੀ ਅਜੇ ਤਕ ਇਨਸਾਫ਼ ਨਹੀਂ ਮਿਲਿਆ। ਸਾਰੀਆਂ ਸਿਆਸੀ ਧਿਰਾਂ ਇੱਕ-ਦੂਜੇ ਨੂੰ ਦੋਸ਼ੀ ਠਹਿਰਾ ਰਹੀਆਂ ਹਨ ਪਰ ਅਸਲ ਜ਼ਿੰਮੇਵਾਰੀ ਤਾਂ ਹਾਕਮ ਧਿਰ ਦੀ ਬਣਦੀ ਹੈ। ਸਿਹਤ ਅਤੇ ਸਿੱਖਿਆ ਖੇਤਰ ਪਿਛਲੇ 10 ਸਾਲਾਂ ਦੌਰਾਨ ਹਾਸ਼ੀਏ 'ਤੇ ਚਲੇ ਗਏ ਹਨ। ਮਹਿੰਗਾਈ ਲਗਾਤਾਰ ਵਧਦੀ ਜਾ ਰਹੀ ਹੈ। ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਸਮੇਤ ਕੁਝ ਹੋਰ ਮਸਲੇ ਵੀ ਹਨ, ਜਿਨ੍ਹਾਂ ਬਾਰੇ ਸਾਰੀਆਂ ਹੀ ਸਿਆਸੀ ਪਾਰਟੀਆਂ ਬੋਲਦੀਆਂ ਹਨ ਪਰ ਇਸ ਦਾ ਕੋਈ ਠੋਸ ਹੱਲ ਨਹੀਂ ਸੁਝਾਉਂਦੀਆਂ। ਪੰਜਾਬ ਵਿੱਚ ਬੇਰੁਜ਼ਗਾਰੀ ਉਨੀ ਦੇਰ ਦੂਰ ਨਹੀਂ ਹੋ ਸਕਦੀ, ਜਿੰਨੀ ਦੇਰ ਸਨਅਤ ਖ਼ਾਸ ਕਰਕੇ ਖੇਤੀ ਆਧਾਰਤ ਸਨਅਤ ਅਤੇ ਨਵੇਂ ਸੇਵਾ ਸੈਕਟਰਾਂ ਦਾ ਗਠਨ ਨਹੀਂ ਹੁੰਦਾ। ਭ੍ਰਿਸ਼ਟਾਚਾਰ ਕਿਸੇ ਲੋਕਪਾਲ ਜਾਂ ਵਿਜੀਲੈਂਸ ਜਾਂ ਸੀ.ਬੀ.ਆਈ. ਜਾਂ ਲੋਕਪਾਲ ਨੇ ਨਹੀਂ ਰੋਕਣਾ ਸਗੋਂ ਇਸ ਲਈ ਮਜ਼ਬੂਤ ਸਿਆਸੀ ਇੱਛਾ-ਸ਼ਕਤੀ ਵਾਲੀ ਪਾਰਟੀ ਚਾਹੀਦੀ ਹੈ, ਜਿਸ ਦੇ ਨੇਤਾ ਆਪਣੇ ਅਤੇ ਆਪਣੇ ਪਰਿਵਾਰ ਦੀ ਥਾਵੇਂ ਸਮੁੱਚੇ ਰਾਸ਼ਟਰ ਦਾ ਭਲਾ ਚਾਹੁਣ। 2017 ਦੀਆਂ ਚੋਣਾਂ ਨਾ ਕੇਵਲ ਪੰਜਾਬ ਦਾ ਹੀ ਸਗੋਂ ਪੂਰੇ ਦੇਸ਼ ਦਾ ਭਵਿੱਖ ਨਿਰਧਾਰਿਤ ਕਰਨ ਵਾਲੀਆਂ ਹਨ। ਸਿਆਸੀ ਪਾਰਟੀਆਂ ਤੋਂ ਸੁਪਨਮਈ ਵਾਅਦੇ ਨਹੀਂ ਸਗੋਂ ਯਥਾਰਥਮਈ ਪ੍ਰੋਗਰਾਮ ਮੰਗਣ ਦੀ ਲੋੜ ਹੈ। ਅੱਜ ਪੰਜਾਬ ਦੀ ਸੱਤਾ ਲਈ ਵੱਡੀਆਂ ਤਿੰਨੇ ਦਾਅਵੇਦਾਰ ਧਿਰਾਂ ਲਗਭਗ ਬਰਾਬਰ 'ਤੇ ਖੜ੍ਹੀਆਂ ਹਨ। ਲੋਕਾਂ ਨੂੰ ਪਾਰਟੀਆਂ ਦੇ ਨਾਅਰਿਆਂ ਤੇ ਭਾਵੁਕ ਹੋਣ ਦੀ ਥਾਂ ਆਪਣੇ ਅਸਲ ਮੁੱਦੇ ਅੱਗੇ ਕਰਨੇ ਚਾਹੀਦੇ ਹਨ।

## ਵਿਧਾਨ ਸਭਾ ਚੋਣਾਂ : ਕਿਸ ਜਾਲ ਵਿਚ ਫਸੂ ਪੰਜਾਬੀ ਵੋਟਰ

ਅੰਦਾਜ਼ ਨਾ ਹੋਵੇ, ਲੋਕ ਉਸ ਤੋਂ ਕਿਨਾਰਾ ਕਰਨਾ ਹੀ ਬਿਹਤਰ ਸਮਝਦੇ ਹਨ। ਕੀ 2017 ਤੱਕ ਤਿੰਨੇ ਧਿਰਾਂ ਜੇਤੂ ਅੰਦਾਜ਼ ਬਣਾਈ ਰੱਖਣਗੀਆਂ ? ਜਿਸ ਧਿਰ ਕੋਲ ਜੇਤੂ ਅੰਦਾਜ਼ ਲੋਕਾਂ ਨੂੰ ਦਿਖਾਈ ਨਾ ਦਿੱਤਾ, ਉਸ ਦੀ ਹਾਲਤ ਸੋਚਣ ਤੋਂ ਵੀ ਜ਼ਿਆਦਾ ਮੰਦੀ ਹੋਣੀ ਲਾਜ਼ਮੀ ਹੈ। ਸੋ ਵਰਤਮਾਨ ਸਮੇਂ ਤਿੰਨੇ ਧਿਰਾਂ ਕੋਲ ਭਾਵੇਂ ਲੋਕ ਪੱਖੀ ਏਜੰਡਾ ਨਹੀਂ ਹੈ ਪਰ ਚੋਣ ਦਾ ਹੋਰ ਕੋਈ ਬਦਲ ਨਾ ਹੋਣ ਕਾਰਨ ਇਨ੍ਹਾਂ ਦੇ ਜਾਲ ਹੀ ਲੋਕਾਂ ਨੂੰ ਘੇਰ ਰਹੇ ਹਨ। ਆਉਣ ਵਾਲ ਵਕਤ ਦੱਸੇਗਾ ਕਿ ਲੋਕ ਹਿਤਾਂ ਤੋਂ ਕੋਹਾਂ ਦੂਰ ਤਿੰਨਾਂ ਧਿਰਾਂ ਦੇ ਕਿਸ ਦੇ ਜਾਲ ਵਿਚ ਲੋਕ ਫਸਣ ਦਾ ਫ਼ੈਸਲਾ ਕਰਨਗੇ। ਇਹ ਪੰਜਾਬ ਦੀ ਬਦਕਿਸਮਤੀ ਹੈ ਅਤੇ ਰਾਜਨੀਤਕਾਂ ਦੀ ਸਫਲਤਾ ਵੀ ਹੈ ਕਿ ਲੋਕ ਹਿਤਾਂ ਦੇ ਮੁੱਦੇ ਚੋਣ ਏਜੰਡੇ ਦੇ ਮੁੱਦੇ ਹੀ ਨਹੀਂ ਬਣ ਸਕੇ। ਸੋ ਆਉਣ ਵਾਲੇ ਪੰਜ ਸਾਲ ਵੀ ਪੰਜਾਬੀਆਂ ਦੇ ਪਹਿਲਾਂ ਵਾਲੇ ਰੁਝਾਨ ਵਿਚ ਹੀ ਵਿਚਰਨ ਦੇ ਹਾਲਾਤ ਬਣੇ ਰਹਿਣਗੇ। ਲੋਕ ਪੱਖੀ ਲੋਕਾਂ ਨੂੰ ਆਪਣੀ ਆਸ 2022 'ਤੇ ਹੀ ਰੱਖਣ ਲਈ ਮਜਬੂਰ ਹੋਣਾ ਪਵੇਗਾ। ਚੌਥੀ ਧਿਰ ਜੋ ਲੋਕ ਮੁੱਦਿਆਂ ਦੀ ਦਾਅਵੇਦਾਰ ਹੋ ਸਕਦੀ ਸੀ ਪਰ ਉਹ ਆਪਣੇ ਆਪ ਨੂੰ ਸੰਗਠਿਤ ਅਤੇ ਪੇਸ਼ ਕਰਨ ਵਿਚ ਅਸਫਲ ਹੋਏ ਹਨ। ਪੰਜਾਬ ਦੇ ਲੋਕ ਇਸ ਸਮੇਂ ਲੋਕ ਪੱਖੀ ਧਿਰ ਨੂੰ ਕਾਮਯਾਬ ਕਰਨ ਲਈ ਤਿਆਰ ਬੈਠੇ ਸਨ ਪਰ ਤਜਰਬੇਕਾਰ ਸਿਆਸੀ ਤਿੰਨੇ ਧਿਰਾਂ ਨੇ ਆਪਣੇ ਹੋ ਹੱਲੇ ਨਾਲ ਸਮਾਜ ਦੇ ਵੱਡੇ ਹਿੱਸੇ ਨੂੰ ਗੁਮਰਾਹ ਅਤੇ ਸਮਝਦਾਰ ਸਿਆਣੇ ਲੋਕ ਪੱਖੀ ਲੋਕਾਂ ਦੇ ਅੱਗੇ ਤੁਰਨ ਦੇ ਰਾਹ ਬੰਦ ਕਰਨ ਦੀ ਸਫਲ ਚਾਲ ਖੇਡੀ ਹੈ। ਚੌਥੀ ਧਿਰ ਦੇ ਲੋਕ ਇਹ ਰਾਹ ਰੋਕੂ ਜੁਗਾੜਾਂ ਨੂੰ ਤੋੜਨ ਵਿਚ ਅਸਫਲ ਹੋਏ ਹਨ ਜੋ ਉਨ੍ਹਾਂ ਦੀ ਵੱਡੀ ਕਮਜ਼ੋਰੀ ਹੈ। ਸੋ, ਪੰਜਾਬੀ ਵੋਟਰ ਕੋਲ ਕਿਸੇ ਇੱਕ ਧਿਰ ਦੇ ਜਾਲ ਵਿਚ ਫਸਣਾ ਉਸ ਦੀ ਹੋਣੀ ਬਣਾ ਦਿੱਤਾ ਗਿਆ ਹੈ। ਚੌਥੀ ਧਿਰ ਦੇ ਲੋਕ ਵੀ ਇਸ ਦੇ ਲਈ ਇਤਿਹਾਸ ਦੇ ਦੋਸ਼ੀ ਰਹਿਣਗੇ। 'ਆਪ'-ਕਾਂਗਰਸ-ਅਕਾਲੀ-ਭਾਜਪਾ ਇੱਕੋ ਹੀ ਹਮਾਮ ਵਿਚ ਇਕੱਠੇ ਨਹਾਉਣਗੇ। ਇਨ੍ਹਾਂ ਧਿਰਾਂ ਦੇ ਰਾਜਨੀਤਕਾਂ ਤੋਂ ਸਵੈ ਵਿਕਾਸ ਦੇ ਇਲਾਵਾ ਹੋਰ ਆਸ ਰੱਖਣੀ ਮੂਰਖਤਾ ਹੀ ਹੈ ਕਿਉਂਕਿ ਇਨ੍ਹਾਂ ਦੇ ਆਗੂ ਸਵੈ ਹੰਕਾਰ ਅਤੇ ਸਵਾਰਥ ਦੀ ਦਲਦਲ ਵਿਚ ਡੂੰਘੇ ਫਸ ਚੁੱਕੇ ਹੋਏ ਹਨ।

## ਨਿਰਮਲ ਸਿੰਘ ਲਾਲੀ : ਇਨਸਾਨੀਅਤ ਦਾ ਫਿਕਰਮੰਦ

ਇਨਸਾਨ ਅਤੇ ਹੈਵਾਨ ਵਿਚਲੇ ਫਰਕ ਨੂੰ ਨਿਰਧਰਤ ਕਰਨ ਦਾ ਪੈਮਾਨਾ ਹਨ। ਇਨ੍ਹਾਂ ਦੀ ਨਿਰਖ ਪਰਖ ਵਿਚੋਂ ਇਨਸਾਨੀਅਤ ਦੇ ਤੱਤਾਂ ਦਾ ਤਕਾਜ਼ਾ ਲਾਇਆ ਜਾਂਦਾ ਹੈ। ਮਾਸਟਰ ਲਾਲੀ ਇਨਸਾਨ ਦੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਧਿਆਨ ਵਿਚ ਰੱਖ ਕੇ ਇਨਸਾਨ ਅਤੇ ਹੈਵਾਨ ਵਿਚਲੇ ਫਰਕ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਜਦ ਇਹ ਫਰਕ ਉਸ ਨੂੰ ਉਪਰਾਮ ਕਰਦੇ ਹਨ ਤਾਂ ਗੁਰਬਾਣੀ ਦੀਆਂ ਤੁਕਾਂ ਵਿਚੋਂ ਧਰਵਾਸ ਭਾਲਦਾ ਹੈ। ਇਸ ਕਸਬ ਵਿਚੋਂ ਉਹ ਆਪਣੀ ਰਾਹਤ ਭਾਲਦਾ ਹੈ। ਸਾਹਿਤ ਦਾ ਮੰਤਵ ਮਹਿਜ਼ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਨਹੀਂ, ਸਮਾਜ ਨੂੰ ਸੰਤੁਸ਼ਟ ਕਰਨਾ ਹੈ। ਮਾਸਟਰ ਲਾਲੀ ਸਮਾਜਿਕ ਕੁਰੀਤੀਆਂ ਨੂੰ ਪੇਸ਼ ਤਾਂ ਕਰਦਾ ਹੈ, ਪਰ ਇਨ੍ਹਾਂ ਦਾ ਨਿਰੀਖਣ ਕਰਕੇ ਸਮਝਣ-ਸਮਝਾਉਣ ਦੀ ਖੇਚਲ ਨਹੀਂ ਕਰਦਾ। ਉਹ ਈਰਖਾ, ਨਫ਼ਰਤ, ਹਉਮੈ, ਖ਼ੁਦਗਰਜ਼ੀ, ਕਾਮ ਕਰੋਧ ਸਮਾਜਿਕ ਕੁਰੀਤੀਆਂ ਨੂੰ ਭੰਡਦਾ ਹੈ। ਭੰਡਨ ਦੇ ਕਾਰਣ ਦਾ ਵਿਸ਼ਲੇਸ਼ਣ ਕਰਕੇ ਸਮਾਜ ਤੇ ਢੁਕਾਉਣ ਦੀ ਯੋਗਤਾ ਰੱਖਦਾ ਹੈ। ਸਮਾਜ ਵਿਚ ਅਜਿਹੀਆਂ ਅਲਾਮਤਾਂ ਕਦ, ਕਿਉਂ ਤੇ ਕਾਹਤੇ ਪੈਦਾ ਹੁੰਦੀਆਂ ਹਨ, ਇਨ੍ਹਾਂ ਸਵਾਲਾਂ ਦੇ ਉੱਤਰ ਲੱਭਣ ਲਈ ਲਾਲੀ ਨੂੰ ਬੰਦੇ ਦੀ ਮਨੋਦਸ਼ਾ ਨੂੰ ਦਾਰਸ਼ਨਿਕ ਪੱਧਰ 'ਤੇ ਸਮਝਣ ਦੀ ਲੋੜ ਹੈ।

ਮਾਸਟਰ ਲਾਲੀ ਨਿਰੰਤਰ ਲਿਖਣ ਵਾਲਾ ਅਣਥੱਕ ਤੇ ਵਚਨਵੱਧ ਲਿਖਾਰੀ ਹੈ। 2004 ਤੋਂ ਲੈ ਕੇ ਹੁਣ ਤਕ ਉਸ ਨੇ 18 ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਵਿਚੋਂ ਕੁਝ ਨੂੰ ਕਵਿਤਾਵਾਂ ਤੇ ਕੁਝ ਨੂੰ ਨਿਬੰਧਾਂ ਦੀਆਂ ਪੁਸਤਕਾਂ ਗਰਦਾਨਿਆ ਹੈ। ਅਸਲ ਵਿਚ ਇਹ ਨਿਬੰਧ ਨਹੀਂ, ਹਲਕੇ ਫੁਲਕੇ ਲੇਖ ਹਨ। ਇਨ੍ਹਾਂ ਵਿਚ ਚੁਣੇ ਹੋਏ ਵਿਸ਼ਿਆਂ ਬਾਰੇ ਵਾਕਫੀਅਤ ਤਾਂ ਹੈ, ਪਰ ਨਿਰੀਖਣ ਅਤੇ ਵਿਸ਼ਲੇਸ਼ਣ ਨਹੀਂ। ਮੇਰੇ ਵਿਚਾਰ ਵਿਚ ਕਿਸੇ ਵਿਸ਼ੇ ਨੂੰ ਛੋਹ ਕੇ ਉਸ ਬਾਰੇ ਸਰਸਰੀ ਜਿਹੀ ਵਾਕਫੀਅਤ ਦੇ ਕੇ ਸੰਤੁਸ਼ਟ ਹੋਣ ਨਾਲੋਂ ਉਨ੍ਹਾਂ ਦੀ ਤਹਿ ਤਕ ਜਾਣ ਦੀ ਲੋੜ ਹੈ। ਇਕ ਗੱਲ ਸਲਾਹੁਣ ਯੋਗ ਹੈ ਕਿ ਮਾਸਟਰ ਲਾਲੀ ਵਿਚ ਇਨਸਾਨੀਅਤ ਦੀਆਂ ਚੰਗਿਆਈਆਂ-ਬੁਰਾਈਆਂ ਨੂੰ ਨੰਗਾ ਕਰਨ ਦੀ ਰੁਚੀ ਬੜੀ ਪ੍ਰਬਲ ਹੈ। ਉਸ ਦੀਆਂ ਲਿਖਤਾਂ ਦਾ ਇਹ ਪੱਖ ਸਲਾਹੁਣ ਯੋਗ ਹੈ ਅਤੇ ਪਾਠਕਾਂ ਦੀ ਸਵੱਲੀ ਨਜ਼ਰ ਦੀ ਮੰਗ ਕਰਦਾ ਹੈ।

## ਨਾਭਾ ਦੀ ਉੱਚ ਸੁਰਖਿਆ ਜੇਲ੍ਹ ਵਿਚੋਂ ਫਰਾਰ ਚੋਟੀ ਦਾ ਖਾੜਕੂ ਹਰਮਿੰਦਰ ਸਿੰਘ ਮਿੰਟੂ ਦਿੱਲੀ 'ਚੋਂ ਗ੍ਰਿਫ਼ਤਾਰ

ਜਦੋਂ ਉਨ੍ਹਾਂ ਨੂੰ ਗੈਂਗਸਟਰਾਂ ਦੀ ਇਸ ਯੋਜਨਾ ਦਾ ਪਤਾ ਲੱਗਾ ਤਾਂ ਉਹ ਵੀ ਇਸ ਦਾ ਹਿੱਸਾ ਬਣ ਗਏ।

ਦਰਅਸਲ, ਹਰਮਿੰਦਰ ਸਿੰਘ ਮਿੰਟੂ ਜੇਲ੍ਹ ਵਿਚ ਗੌਂਡਰ ਦਾ ਨਜ਼ਦੀਕੀ ਹੋ ਗਿਆ ਸੀ। ਮਿੰਟੂ ਨੇ ਉਨ੍ਹਾਂ ਨੂੰ ਫ਼ੰਡ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਸੀ। ਜਦੋਂ ਉਹ ਕੈਥਲ ਪੁੱਜੇ ਤਾਂ ਗੌਂਡਰ ਗਰੁੱਪ ਨੇ ਮਿੰਟੂ-ਕਸ਼ਮੀਰ ਨੂੰ ਗੱਡੀ 'ਚੋਂ ਲਾਹ ਦਿੱਤਾ। ਉਸ ਤੋਂ ਬਾਅਦ ਮਿੰਟੂ ਦਿੱਲੀ ਪੁੱਜ ਗਿਆ। ਉਸ ਨੇ ਉਥੋਂ ਅੱਗੇ ਗੋਆ ਜਾਣਾ ਸੀ ਪਰ ਫੜਿਆ ਗਿਆ। ਕੈਥਲ ਵਿਚ ਕੇਸ ਕਤਲ ਕਰਵਾਉਣ ਮਗਰੋਂ ਮਿੰਟੂ ਕਸ਼ਮੀਰ ਨਾਲ ਹੀ ਬੱਸ ਰਾਹੀਂ ਦਿੱਲੀ ਪਹੁੰਚਿਆ ਸੀ। ਦਿੱਲੀ ਪੁਲੀਸ ਸਪੈਸ਼ਲ ਸੈੱਲ ਦੇ ਕਮਿਸ਼ਨਰ ਅਰਵਿੰਦ ਦੀਪ ਨੇ ਦੱਸਿਆ ਕਿ ਮਿੰਟੂ ਨੂੰ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਦੀ ਪਾਰਕਿੰਗ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਸ੍ਰੀ ਅਰਵਿੰਦ ਦੀਪ ਨੇ ਦੱਸਿਆ ਕਿ ਪੰਜਾਬ ਪੁਲੀਸ ਨੂੰ ਸ਼ੱਕ ਸੀ ਕਿ ਮਿੰਟੂ ਦਿੱਲੀ ਆ ਸਕਦਾ ਹੈ ਅਤੇ ਉਨ੍ਹਾਂ ਇਸ ਦੀ ਜਾਣਕਾਰੀ ਦਿੱਲੀ ਪੁਲੀਸ ਨੂੰ ਪਹਿਲਾਂ ਹੀ ਦੇ ਦਿੱਤੀ ਸੀ। ਉਸ ਤੋਂ ਬਾਅਦ ਰੱਖੀ ਗਈ ਚੌਕਸੀ ਅਤੇ ਚੈਕਿੰਗ ਕਾਰਨ ਮਿੰਟੂ ਕਾਬੂ ਆ ਗਿਆ। ਪੁਲੀਸ ਨੇ ਉਸ ਦੇ ਕਬਜ਼ੇ ਵਿਚੋਂ ਇਕ ਭਰਿਆ ਹੋਇਆ ਪਿਸਤੌਲ ਅਤੇ ਛੇ ਕਾਰਤੂਸ ਵੀ ਬਰਾਮਦ ਕੀਤੇ ਹਨ। ਮਿੰਟੂ ਨੂੰ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ 5 ਦਸੰਬਰ ਤਕ 7 ਦਿਨਾਂ ਲਈ ਪੁਲੀਸ ਹਿਰਾਸਤ ਵਿਚ ਭੇਜ ਦਿੱਤਾ ਗਿਆ।

ਕਈ ਦਹਿਸ਼ਤੀ ਕਾਰਵਾਈਆਂ ਵਿਚ ਸ਼ਾਮਲ ਹੋਣ ਦੇ ਦੋਸ਼ੀ 47 ਸਾਲਾ ਮਿੰਟੂ ਨੂੰ ਨਵੰਬਰ 2014 ਵਿਚ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ 2008 ਵਿਚ ਸਿਰਸਾ ਸਥਿਤ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ 'ਤੇ ਹੋਏ ਹਮਲੇ ਅਤੇ 2010 ਵਿਚ ਹਲਵਾਰਾ ਹਵਾਈ ਅੱਡੇ ਵਿਚ ਧਮਾਕਾਖੇਜ਼ ਸਮੱਗਰੀ ਮਿਲਣ ਸਮੇਤ 10 ਮਾਮਲਿਆਂ ਦੇ ਸਬੰਧਤ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ।

**ਕੈਪਟਨ ਬੋਲੇ**-ਮੋਦੀ ਪਾਕਿ ਨਾਲ ਲੜਾਈ ਦੇ ਬਹਾਨੇ ਲਭਦੇ ਰਹਿੰਦੇ ਹਨ, ਤਾਂ ਕਿ ਦੇਸ਼ ਦਾ ਧਿਆਨ ਅਸਲ ਮੁੱਦਿਆਂ 'ਤੇ ਨਾ ਜਾਵੇ। ਜਦਕਿ ਉਨ੍ਹਾਂ ਇਥੇ ਆ ਕੇ ਐਸ.ਵਾਈ.ਐਲ. ਰਾਹੀਂ ਪੰਜਾਬ ਨਾਲ ਹੋ ਰਹੇ ਅਨਿਆਂ 'ਤੇ ਗੱਲ ਕਰਨੀ ਚਾਹੀਦੀ ਸੀ।

## ਨਹੀਂ ਰਹੇ ਕਿਊਬਾ ਦੇ ਸਾਬਕਾ ਰਾਸ਼ਟਰਪਤੀ ਫ਼ਿਦਲ ਕਾਸਤਰੋ

ਸਿਆਸੀ ਜੀਵਨ ਦੀ ਸ਼ੁਰੂਆਤ ਕੀਤੀ ਅਤੇ ਕਿਊਬਾ ਦੀ ਸਿਆਸਤ ਵਿਚ ਇਕ ਮਾਨਤਾ ਪ੍ਰਾਪਤ ਵਿਅਕਤੀ ਬਣ ਗਏ। ਉਨ੍ਹਾਂ ਦਾ ਸਿਆਸੀ ਜੀਵਨ ਫੁਲਗੇਕਿਓ ਬਤਿਸਤਾ ਸ਼ਾਸਨ ਅਤੇ ਸੰਯੁਕਤ ਰਾਜ ਅਮਰੀਕਾ ਦਾ ਕਿਊਬਾ ਦੇ ਰਾਸ਼ਟਰ ਹਿਤ ਵਿਚ ਸਿਆਸੀ ਤੇ ਕਾਰਪੋਰੇਟ ਕੰਪਨੀਆਂ ਦੇ ਪ੍ਰਭਾਵ ਦੇ ਆਲੋਚਕ ਵਾਲਾ ਰਿਹਾ ਹੈ।

ਉਨ੍ਹਾਂ ਨੂੰ ਉਤਸ਼ਾਹੀ ਪਰ ਸੀਮਤ ਸਮਰਥਕ ਮਿਲੇ ਅਤੇ ਉਨ੍ਹਾਂ ਨੇ ਅਧਿਕਾਰੀਆਂ ਦਾ ਧਿਆਨ ਆਕਰਸ਼ਤ ਕੀਤਾ। ਉਨ੍ਹਾਂ ਨੇ ਮੋਂਕਾਡਾ ਬੈਰਕੋ 'ਤੇ 1953 ਵਿਚ ਅਸਫਲ ਹਮਲੇ ਦੀ ਅਗਵਾਈ ਕੀਤੀ, ਜਿਸ ਮਗਰੋਂ ਉਹ ਗ੍ਰਿਫ਼ਤਾਰ ਹੋ ਗਏ, ਉਨ੍ਹਾਂ 'ਤੇ ਮੁਕੱਦਮਾ ਚੱਲਿਆ, ਉਹ ਜੇਲ੍ਹ ਵਿਚ ਰਹੇ ਤੇ ਬਾਅਦ ਵਿਚ ਰਿਹਾਅ ਕਰ ਦਿੱਤੇ ਗਏ। ਕਾਸਤਰੋ ਕਿਊਬਾ ਦੀ ਕਰਾਂਤੀ ਰਾਹੀਂ ਅਮਰੀਕਾ ਸਮਰਥਿਤ ਫੁਲਗੇਕਿਓ ਬਤਿਸਤਾ ਦੀ ਤਾਨਾਸ਼ਾਹੀ ਨੂੰ ਉਖਾੜ ਕੇ ਸੱਤਾ ਵਿਚ ਆਏ ਅਤੇ ਉਸ ਤੋਂ ਬਾਅਦ ਕਿਊਬਾ ਦੇ ਪ੍ਰਧਾਨ ਮੰਤਰੀ ਬਣੇ। 1965 ਵਿਚ ਉਹ ਕਿਊਬਾ ਦੀ ਕਮਿਊਨਿਸਟ ਪਾਰਟੀ ਦੇ ਪਹਿਲੇ ਸਕੱਤਰ ਬਣ ਗਏ ਅਤੇ ਕਿਊਬਾ ਨੂੰ ਇਕ-ਦਲੀ ਸਮਾਜਵਾਦੀ ਗਣਤੰਤਰ ਬਣਾਉਣ ਵਿਚ ਅਗਵਾਈ ਕੀਤੀ। 1976 ਵਿਚ ਉਹ ਰਾਜ ਪ੍ਰੀਸ਼ਦ ਤੇ ਮੰਤਰੀ ਪ੍ਰੀਸ਼ੱਦ ਦੇ ਮੁਖੀ ਬਣ ਗਏ। ਉਨ੍ਹਾਂ ਨੇ ਕਿਊਬਾ ਦੇ ਸਸ਼ਤਰ ਬਲਾਂ ਦੇ ਕਮਾਂਡਰ ਇਨ ਚੀਫ਼ ਦਾ ਅਹੁਦਾ ਵੀ ਆਪਣੇ ਕੋਲ ਹੀ ਰੱਖਿਆ। ਕਾਸਤਰੋ ਵਲੋਂ ਤਾਨਾਸ਼ਾਹੀ ਦੀ ਆਲੋਚਨਾ ਦੇ ਬਾਵਜੂਦ ਉਨ੍ਹਾਂ ਨੂੰ ਤਾਨਾਸ਼ਾਹ ਵਜੋਂ ਹੀ ਦੇਖਿਆ ਗਿਆ। ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੇ ਆਪਣੇ ਪਹਿਲੇ ਉਪ ਰਾਸ਼ਟਰਪਤੀ ਰਾਉਲ ਕਾਸਤਰੋ, ਉਨ੍ਹਾਂ ਦੇ ਛੋਟੇ ਭਰਾ ਹਨ, ਨੂੰ 31 ਜੁਲਾਈ 2006 ਦੇ ਦਿਨ ਆਪਣੀਆਂ ਜ਼ਿੰਮੇਵਾਰੀਆਂ ਦੇ ਦਿੱਤੀਆਂ।

**ਪਾਕਿਸਤਾਨ ਜਾ ਰਿਹਾ ਪਾਣੀ ਰੋਕ ਕੇ ਪੰਜਾਬ ਨੂੰ ਦਿਆਂਗੇ**

ਅਜਾਈਂ ਜਾ ਰਿਹਾ ਹੈ। ਇਸ ਨੂੰ ਦੇਖਦਿਆਂ ਹੀ ਕੇਂਦਰ ਨੇ ਟਾਸਕ ਫੋਰਸ ਬਣਾਈ ਹੈ। ਇਹ ਟਾਸਕ ਫੋਰਸ ਇਸ ਪਾਣੀ ਨੂੰ ਭਾਰਤ ਵਿਚ ਇਸਤੇਮਾਲ ਕਰਨ 'ਤੇ ਕੰਮ ਕਰ ਰਹੀ ਹੈ। ਅਸੀਂ ਹਿੰਦੁਸਤਾਨ ਦੇ ਹੱਕ ਦਾ ਪਾਣੀ ਲੈ ਕੇ ਜੰਮੂ-ਕਸ਼ਮੀਰ ਤੇ ਪੰਜਾਬ ਦੇ ਕਿਸਾਨਾਂ ਨੂੰ ਦੇਵਾਂਗੇ। ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ, ਪਰ ਕਿਸਾਨਾਂ ਨੂੰ ਪਾਣੀ ਦੇਣ ਦੇ ਮੁੱਦੇ 'ਤੇ ਕਿਸੇ ਨੇ ਕੰਮ ਨਹੀਂ ਕੀਤਾ। ਪਾਣੀ ਦੇ ਮਸਲੇ ਮਿਲ ਕੇ ਹੱਲ ਹੋ ਸਕਦੇ ਹਨ।" ਇਸ ਤੋਂ ਪਹਿਲਾਂ ਮੰਚ ਤੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ ਐਸ.ਵਾਈ.ਐਲ. 'ਤੇ ਦੋਗਲੀ ਸਿਆਸਤ ਕਰ ਰਹੀਆਂ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਤੋਂ ਇਕ ਬੂੰਦ ਪਾਣੀ ਵੀ ਬਾਹਰ ਨਹੀਂ ਜਾਣ ਦਿਆਂਗੇ। ਇਸ ਤੋਂ ਬਾਅਦ ਮੋਦੀ ਦਾ ਭਾਸ਼ਣ ਹੋਇਆ।

## ਤੰਦਾਂ ਮੋਹ ਦੀਆਂ : ਗੱਲ ਏਧਰਲੇ ਪੰਜਾਬ ਦੀ ਤੇ ਓਧਰਲੇ ਪੰਜਾਬ ਦੀ

ਆਥਣੇ ਜਦੋਂ ਹਰਜਿੰਦਰ ਮੁੜ ਕੇ ਆਈ ਤਾਂ ਉਸ ਨੇ ਮੈਨੂੰ ਦੱਸਿਆ ਕਿ ਬੜਾ ਪਿਆਰ ਕਰਦੇ ਨੇ ਇੱਥੋਂ ਦੇ ਲੋਕ। ਜਿੱਥੇ ਵੀ ਗਈ ਲੋਕਾਂ ਨੇ ਮੱਲੋਮੱਲੀ ਤੋਹਫ਼ੇ ਫੜਾ ਦਿੱਤੇ। ਅਗਲੀ ਵਾਰੀ ਆਪਾਂ ਜਦੋਂ ਕਦੇ ਆਏ, ਅਸੀਂ ਇਨ੍ਹਾਂ ਸਾਰਿਆਂ ਲਈ ਕੁਝ ਨਾ ਕੁਝ ਲੈ ਕੇ ਆਵਾਂਗੇ।"

ਤੌਸੀਫ਼ ਨੂੰ ਨਾਲ ਲਿਜਾ ਕੇ ਅਸੀਂ ਕਰਨਲ ਦੇ ਘਰ ਵੱਲ ਜਾ ਰਹੇ ਸੀ ਤਾਂ ਕਰਨਲ ਦਾ ਫੋਨ ਆਇਆ ਕਿ ਡਿਨਰ ਮੈੱਸ ਵਿੱਚ ਹੈ ਉੱਥੇ ਆ ਜਾਇਓ।

ਮੈਂ ਸੋਚਿਆ ਕਿ ਘਰੇ ਵਹੁਟੀ ਦੀ ਖੇਚਲ ਬਚਾਉਣ ਲਈ ਖਾਣਾ ਮੈੱਸ ਵਿੱਚ ਕਰ ਦਿੱਤਾ ਹੋਣਾ।

ਉੱਥੇ ਪਹੁੰਚ ਕੇ ਪਤਾ ਲੱਗਾ ਕਿ ਕਰਨਲ ਨੇ 100-150 ਲੋਕਾਂ ਨੂੰ ਖਾਣੇ 'ਤੇ ਬੁਲਾਇਆ ਹੋਇਆ ਸੀ। ਬਹੁਤ ਸਾਰੇ ਵਿੱਚੋਂ ਟਿਵਾਣੇ ਹੀ ਸਨ ਤੇ ਮੈਨੂੰ ਮਿਲਣ ਆਏ ਸਨ। ਪਤਾ ਲੱਗਿਆ ਕਿ ਇਧਰ ਪਾਕਿਸਤਾਨ ਵਿੱਚ ਟਿਵਾਣੇ ਬਹੁਤ ਹਨ। ਮੈਂ ਕਰਨਲ ਟਿਵਾਣੇ ਨੂੰ ਆਖਿਆ, "ਅਸੀਂ ਤਾਂ ਗਰੇਟਫੁੱਲ ਹਾਂ ਏਸ ਟਿਵਾਣੇ ਦੇ ਜਿਹੜਾ ਕੰਮਕਾਰ ਛੱਡ ਕੇ ਸਾਰਾ ਵੇਲਾ ਸਾਡਾ ਡਰਾਈਵਰ ਬਣਿਆ ਰਹਿੰਦਾ ਹੈ।" ਉਹ ਮੇਰੀ ਗੱਲ ਸੁਣ ਕੇ ਹੱਸਿਆ ਤੇ ਕਹਿਣ ਲੱਗਾ, "ਆਪਾ ਜਾਣਦੇ ਓ ਉਹ ਕੌਣ ਐ। ਪੰਜਾਬ ਦਾ ਸਭ ਤੋਂ ਅਮੀਰ ਬੰਦਾ। ਅੱਠ ਹਜ਼ਾਰ ਏਕੜ ਭੋਇੰ ਦਾ 'ਕੱਲਾ ਮਾਲਕ। ਸਭ ਤੋਂ ਮਹਿੰਗੀ ਕਾਰ ਪੰਜਾਬ ਵਿੱਚ ਸਭ ਤੋਂ ਪਹਿਲਾਂ ਇਸੇ ਦੇ ਘਰ ਆਉਂਦੀ ਐ। ਆਪਣੇ ਗਾਰਡਾਂ ਤੋਂ ਬਿਨਾਂ ਤੁਹਾਡਾ ਡਰਾਈਵਰ ਬਣਿਆ ਪੁਰਾਣੀ ਕਾਰ 'ਚ ਤੁਹਾਡੇ ਨਾਲ ਇਸ ਕਰਕੇ ਤੁਰਿਆ ਫਿਰਦੈ ਕਿ ਕੋਈ ਇਸ ਨੂੰ ਪਹਿਚਾਣ ਨਾ ਲਵੇ। ਉੱਥੇ ਜਦੋਂ ਅਸੀਂ ਸਾਰੇ ਹੋਟਲ ਵਿੱਚ ਤੁਹਾਨੂੰ ਮਿਲਣ ਗਏ ਸੀ ਤਾਂ ਉਸ ਨੇ ਆਪ ਹੀ ਆਖਿਆ ਸੀ ਆਪਾ ਜਿੰਨੇ ਦਿਨ ਇੱਥੇ ਰਹਿਣਗੇ ਮੈਂ ਇਨ੍ਹਾਂ ਨਾਲ ਰਹਾਂਗਾ।"

ਡਿਨਰ ਤੋਂ ਮਗਰੋਂ ਤੌਸੀਫ਼ ਸਾਨੂੰ ਫੂਡ ਸਟਰੀਟ ਦਿਖਾਉਣ ਲੈ ਗਈ। ਉੱਥੇ ਸੜਕ ਦੇ ਦੋਵੇਂ ਪਾਸੀਂ ਖਾਣ-ਪੀਣ ਦੀਆਂ ਹਰ ਤਰ੍ਹਾਂ ਦੀਆਂ ਦੁਕਾਨਾਂ ਸਨ। ਦੁਕਾਨਦਾਰ ਵਾਰ-ਵਾਰ ਆਪਣੀਆਂ ਦੁਕਾਨਾਂ ਵੱਲ ਸੱਦ ਰਹੇ ਸਨ ਤੇ ਆਖਦੇ ਸਨ, "ਤੁਸੀਂ ਜੋ ਮਰਜ਼ੀ ਖਾਓ ਜੋ ਮਰਜ਼ੀ ਪੀਓ ਅਸੀਂ ਪੈਸੇ ਕੋਈ ਨਹੀਂ ਲੈਣੇ, ਤੁਸੀਂ ਸਾਡੇ ਭੈਣ ਭਾਈ ਓਧਰਲੇ ਪੰਜਾਬ ਤੋਂ ਆਏ ਹੋ।" ਜਿਸ ਦੁਕਾਨ ਅੱਗੇ ਵੀ ਮਾੜਾ ਜਿਹਾ ਅਸੀਂ ਰੁਕਦੇ, ਦੁਕਾਨਦਾਰ ਕਦੇ ਰਸਮਲਾਈ, ਕਦੇ ਗਰਮ-ਗਰਮ ਜਲੇਬੀਆਂ, ਕਿਤੇ ਚਾਟ, ਕਿਤੇ ਪੀਲੇ ਖ਼ੁਸ਼ਬੂਦਾਰ ਚਾਵਲ ਆਦਿ ਚੀਜ਼ਾਂ ਪਲੇਟਾਂ ਵਿੱਚ ਪਾ ਕੇ ਕਾਹਲੀ ਕਾਹਲੀ ਲੈ ਆਉਂਦੇ ਤੇ ਮਿੰਨਤ ਵਾਂਗ ਆਖਦੇ: ਜ਼ਰੂਰ ਕੁਝ ਨਾ ਕੁਝ ਖਾ ਲਓ। ਉਨ੍ਹਾਂ ਨੂੰ ਦੇਖ ਕੇ ਇਉਂ ਲੱਗਦਾ ਸੀ ਜਿਵੇਂ ਅਸੀਂ ਉਨ੍ਹਾਂ ਨੂੰ ਮਸਾਂ ਮਿਲੇ ਸੀ।

ਜਿਸ ਦਿਨ ਅਸੀਂ ਵਾਪਸ ਆਉਣਾ ਸੀ ਗੱਡੀ ਚੜ੍ਹਾਉਣ ਆਏ ਲੋਕਾਂ ਦੀ ਬੇਸ਼ੁਮਾਰ ਭੀੜ ਸੀ। ਫੇਰ ਆਉਣ ਲਈ ਤਾਕੀਦਾਂ ਕਰ ਰਹੇ ਸਨ। ਕਈ ਤਾਂ ਹੌਲੀ ਤੁਰਦੀ ਗੱਡੀ ਦੇ ਨਾਲ ਹੱਥ ਹਿਲਾਉਂਦੇ ਭੱਜੇ ਆ ਰਹੇ ਸਨ।

ਇੱਕ ਨੌਜਵਾਨ, ਜੋ ਹਰਜਿੰਦਰ ਕੋਲ ਬੈਠਾ ਸੀ, ਗੱਡੀ ਚੱਲਣ ਵੇਲੇ ਨਾ ਉੱਠਿਆ, ਨਾ ਗੱਡੀ ਵਿੱਚੋਂ ਉਤਰਿਆ। ਉਹ ਬਹੁਤ ਉਦਾਸ ਸੀ, "ਉਤਰਨਾ ਨਹੀਂ?" ਹਰਜਿੰਦਰ ਨੇ ਹੱਸ ਕੇ ਪੁੱਛਿਆ।

"ਮੈਂ ਇਸੇ ਗੱਡੀ ਵਿੱਚ ਬੈਠਾ ਇਉਂ ਹੀ ਮੁੜ ਆਵਾਂਗਾ। ਇਉਂ ਮੈਂ ਉਧਰਲੀ ਧਰਤੀ ਨੂੰ ਗੱਡੀ ਵਿੱਚ ਬੈਠਾ ਹੀ ਨੇੜਿਓਂ ਹੀ ਤੱਕ ਲਵਾਂਗਾ," ਉਸ ਨੇ ਕਿਹਾ।

ਤੌਸੀਫ਼ ਕਈ ਵਰ੍ਹੇ ਹੋਏ ਇਹ ਦੁਨੀਆਂ ਛੱਡ ਕੇ ਜਾ ਚੁੱਕੀ ਹੈ। ਮੈਂ ਹੁਣ ਵੀ ਕਈ ਵਾਰੀ ਦੋਵਾਂ ਪੰਜਾਬਾਂ ਦੇ ਲੋਕਾਂ ਦਾ ਇੱਕ ਦੂਜੇ ਲਈ ਮੋਹ ਦੇਖ ਕੇ ਹੈਰਾਨ ਹੁੰਦੀ ਹਾਂ ਕਿ ਕਿਵੇਂ ਵੰਡ ਵੇਲੇ ਇਹ ਲੋਕ ਇੱਕ ਦੂਜੇ ਦੇ ਦੁਸ਼ਮਣ ਬਣ ਗਏ ਸਨ। ਕਈ ਵਰ੍ਹੇ ਲੰਘ ਜਾਣ ਮਗਰੋਂ ਦੋਵਾਂ ਪਾਸਿਆਂ ਦੇ ਸਿਆਸਤਦਾਨਾਂ ਨੇ ਕਸ਼ਮੀਰ ਦਾ ਮੁੱਦਾ ਖੜ੍ਹਾ ਕਰਕੇ ਇੱਕ ਦੂਜੇ ਨੂੰ ਦੁਸ਼ਮਣ ਬਣਾਉਣ ਦਾ ਕਾਰਜ ਆਰੰਭਿਆ ਹੋਇਆ ਹੈ। ਵੰਡ ਵਾਲੀ ਲਕੀਰ ਉੱਪਰ ਕੰਡਿਆਲੀਆਂ ਤਾਰਾਂ ਲਾ ਦਿੱਤੀਆਂ ਹਨ ਤੇ ਫ਼ੌਜ ਦੇ ਪਹਿਰੇ ਲਗਾ ਦਿੱਤੇ ਹਨ। ਫੇਰ ਵੀ ਵੇਲੇ-ਕੁਵੇਲੇ ਪਰਲੇ ਪਾਰ ਦੀ ਕੋਈ ਗੋਲੀ ਇਧਰਲੇ ਕਿਸੇ ਫ਼ੌਜੀ ਨੂੰ ਢੇਰ ਕਰ ਦਿੰਦੀ ਹੈ ਤਾਂ ਰਾਜਸੀ ਪਾਰਟੀਆਂ ਦੇ ਹਮਾਇਤੀ, ਅਖ਼ਬਾਰ ਅਤੇ ਟੀ.ਵੀ. ਚੈਨਲ ਉਸ ਮਰੇ ਬੰਦੇ ਦੇ ਰੋਂਦੇ ਕੁਰਲਾਉਂਦੇ ਪਰਿਵਾਰ, ਸਰਕਾਰੀ ਸਨਮਾਨਾਂ ਨਾਲ ਉਸ ਦਾ ਸਸਕਾਰ ਤੇ ਰੋਹ 'ਚ ਆਏ ਲੋਕਾਂ ਦੇ ਪਾਕਿਸਤਾਨ ਵਿਰੁੱਧ ਨਾਅਰੇ ਦਿਖਾ ਕੇ ਪਾਕਿਸਤਾਨ ਵਿਰੁੱਧ ਨਫ਼ਰਤ ਪੈਦਾ ਕਰਦੇ ਹਨ। ਇਸੇ ਤਰ੍ਹਾਂ ਇਧਰਲੀ ਗੋਲੀ ਨਾਲ ਜਦੋਂ ਕੋਈ ਉਧਰਲਾ ਮਰਦਾ ਹੈ ਤਾਂ ਉਹ ਲੋਕ ਵੀ ਭਾਰਤ ਵਿਰੁੱਧ ਨਾਅਰੇ ਲਾਉਂਦੇ ਹਨ ਤੇ ਨਫ਼ਰਤਾਂ ਉਗਲਦੇ ਹਨ। ਇਹ ਨਫ਼ਰਤਾਂ ਹੌਲੀ-ਹੌਲੀ ਵਧਦੀਆਂ ਜਾ ਰਹੀਆਂ ਹਨ। ਵਿਦੇਸ਼ੀ ਲੋਕ ਜਿਨ੍ਹਾਂ ਨੂੰ ਇਨ੍ਹਾਂ ਨਫ਼ਰਤਾਂ ਵਿੱਚ ਜੰਗ-ਯੁੱਧ ਦੀ ਸੰਭਾਵਨਾ ਦਿਸਦੀ ਹੈ, ਜੰਗ ਯੁੱਧ ਵਿੱਚ ਆਪਣਾ ਫ਼ਾਇਦਾ ਤੇ ਨਫ਼ਾ ਦੇਖ ਕੇ ਕਦੇ ਇੱਕ ਪਾਸੇ ਤੇ ਕਦੇ ਦੂਜੇ ਪਾਸੇ ਦਾ ਪੱਖ ਪੂਰ ਕੇ ਦੋਵਾਂ ਦੇਸ਼ਾਂ ਨੂੰ ਲੜਨ ਲਈ ਹੋਰ ਉਕਸਾਉਂਦੇ ਤੇ ਬੇਵਕੂਫ਼ ਬਣਾਉਂਦੇ ਹਨ।

ਮੈਂ ਇਸ ਗੱਲ ਦੇ ਸਖ਼ਤ ਖ਼ਿਲਾਫ਼ ਹਾਂ ਕਿ ਰੋਟੀ ਰੋਜ਼ੀ ਲਈ ਫ਼ੌਜ 'ਚ ਭਰਤੀ ਹੋਏ ਬੇਲੋੜੀ ਮੌਤ ਮਰੇ ਨੂੰ ਸ਼ਹੀਦ ਆਖ ਕੇ ਹੋਰ ਲੋਕਾਂ ਨੂੰ ਵੀ ਇਸ ਰਾਹ ਉੱਤੇ ਤੁਰਨ ਲਈ ਉਕਸਾਇਆ ਜਾਂਦਾ ਹੈ। ਇਸ ਤਰ੍ਹਾਂ ਪਾਕਿਸਤਾਨ ਵਿੱਚ ਵੀ ਜੰਗਾਂ-ਯੁੱਧਾਂ ਵਿੱਚ ਮਾਰੇ ਗਏ ਲੋਕਾਂ ਨੂੰ ਜੰਨਤ ਦੇ ਲਾਰੇ ਲਾ ਕੇ ਇਸ ਜੀਵਨ ਨੂੰ ਭੁੱਲ ਕੇ ਹਕੂਮਤਾਂ ਦੇ ਮੋਹਰੇ ਬਣ ਕੇ ਜਾਨਾਂ ਗੁਆਉਣ ਲਈ ਪ੍ਰੇਰਿਆ ਜਾਂਦਾ ਹੈ।

ਇਹ ਸਾਰਾ ਕੁਝ ਸਾਡੀਆਂ ਅੱਖਾਂ ਅੱਗੇ ਵਾਪਰ ਰਿਹਾ ਹੈ। ਫਿਰ ਵੀ ਅਸੀਂ ਅਸਲੀਅਤ ਨੂੰ ਨਹੀਂ ਸਮਝਦੇ। ਸ਼ਹੀਦ ਉਹ ਹੁੰਦਾ ਹੈ ਜਿਹੜਾ ਕਿਸੇ ਰੱਬੀ ਕੰਮ ਲਈ ਰੱਬ ਦੇ ਬੰਦਿਆਂ ਦੇ ਹਿੱਤ ਲਈ ਸਭ ਕੁਝ ਜਾਣਦਿਆਂ ਬੁੱਝਦਿਆਂ ਖ਼ਤਰੇ ਵਾਲਾ ਰਾਹ ਚੁਣਦਾ ਹੈ ਤੇ ਫੇਰ ਮਾਰਿਆ ਜਾਂਦਾ ਹੈ। ਫ਼ੌਜ ਅਤੇ ਪੁਲੀਸ ਦਾ ਬੰਦਾ ਕਿਸੇ ਨੂੰ ਮਾਰਦਾ ਹੈ ਜਾਂ ਕਿਸੇ ਤੋਂ ਮਾਰਿਆ ਜਾਂਦਾ ਹੈ, ਇਹ ਉਸੇ ਤਰ੍ਹਾਂ ਹੈ ਜਿਵੇਂ ਦੋ ਭਰਾ ਲੜ ਪੈਣ; ਤੇ ਲੜਾਈ ਦਾ ਕਾਰਨ ਜ਼ਰ, ਜੋਰੂ ਤੇ ਜ਼ਮੀਨ ਕੁਝ ਵੀ ਹੋ ਸਕਦਾ ਹੈ; ਲੜਦਿਆਂ ਜਿਹੜਾ ਮਰ ਜਾਂਦਾ ਹੈ ਉਸ ਨੂੰ ਅਸੀਂ ਸ਼ਹੀਦ ਨਹੀਂ ਆਖ ਸਕਦੇ। ਠੀਕ ਹੈ, ਉਸ ਦੀ ਮੌਤ ਘਰਦਿਆਂ, ਮਿੱਤਰਾਂ, ਦੇਸ਼ ਲਈ ਘਾਟਾ ਜ਼ਰੂਰ ਹੁੰਦਾ ਹੈ, ਪਰ ਉਸ ਨੂੰ ਈਦ 'ਤੇ ਵੱਢੇ ਜਾਂਦੇ ਬੱਕਰੇ ਵਾਂਗ ਅਸੀਂ ਸ਼ਹੀਦ ਹੋਇਆ ਨਹੀਂ ਆਖ ਸਕਦੇ।"

ਇਹ ਤਾਂ ਚਲਾਕ ਧਿਰਾਂ ਸਾਨੂੰ ਵਡਿਆ ਕੇ ਮਰਨ-ਮਾਰਨ ਲਈ ਤਿਆਰ ਕਰਦੀਆਂ ਹਨ।

ਨਾ ਲੜਾਈ ਪਰਲੇ ਪਾਸੇ ਦੇ ਪੰਜਾਬੀ ਲੋਕ ਚਾਹੁੰਦੇ ਹਨ ਤੇ ਨਾ ਹੀ ਉਰਲੇ ਪਾਸੇ ਦੇ ਪੰਜਾਬੀ ਚਾਹੁੰਦੇ ਹਨ, ਫ਼ੌਜੀ ਸਿਰਫ਼ ਕੁਰਬਾਨੀ ਦੇ ਬੱਕਰੇ ਬਣਦੇ ਹਨ। ਮੇਰੀ ਇਹ ਗੱਲ ਦੇਸ਼ਧ੍ਰੋਹ ਦੀ ਗੱਲ ਨਹੀਂ। ਦੇਸ਼ ਨੇ ਕਿਧਰੇ ਚਲਿਆ ਨਹੀਂ ਜਾਣਾ, ਇੱਥੇ ਹੀ ਰਹੇਗਾ। ਇਹ ਉਨ੍ਹਾਂ ਬਾਰੇ ਹੈ ਜਿਹੜੇ ਇਸ ਸਭ ਤੋਂ ਬੇਖ਼ਬਰ ਹੀ ਮਾਰੇ ਜਾਂਦੇ ਹਨ।

## ਅਕਾਲੀ ਦਲ ਦੇ ਨੌਂ ਹੋਰ ਉਮੀਦਵਾਰਾਂ ਦੀ ਸੂਚੀ ਗੁਰੂ, ਨਕਈ ਤੇ ਜੋਸ਼ ਨੂੰ ਵੀ ਮਿਲੀ ਥਾਂ

ਤੀਰਥ ਸਿੰਘ ਮਾਹਲਾ ਨੂੰ ਬਾਘਾ ਪੁਰਾਣਾ ਹਲਕੇ ਤੋਂ ਟਿਕਟ ਦਿੱਤੀ ਗਈ ਹੈ। ਗੁਲਜ਼ਾਰ ਸਿੰਘ (ਕਬੱਡੀ ਖਿਡਾਰੀ) ਦਿੜ੍ਹਬਾ ਹਲਕੇ ਤੋਂ ਚੋਣ ਲੜਨਗੇ। ਵਿਧਾਇਕ ਗੋਬਿੰਦ ਸਿੰਘ ਲੌਂਗੋਵਾਲ ਨੂੰ ਧੂਰੀ ਤੋਂ ਤਬਦੀਲ ਕਰ ਕੇ ਸੁਨਾਮ ਤੋਂ ਚੋਣ ਲੜਾਈ ਜਾਵੇਗੀ। ਵਿਧਾਇਕ ਬੀਬੀ ਮਹਿੰਦਰ ਕੌਰ ਜੋਸ਼ ਵੱਲੋਂ ਕੀਤਾ ਗਿਆ ਸ਼ਕਤੀ ਪ੍ਰਦਰਸ਼ਨ ਰੰਗ ਲਿਆਇਆ ਅਤੇ ਪਾਰਟੀ ਨੇ ਉਸ ਨੂੰ ਸ਼ਾਮ ਚੁਰਾਸੀ ਅਤੇ ਡਾ. ਨਿਸ਼ਾਨ ਸਿੰਘ ਨੂੰ ਬੁਢਲਾਡਾ (ਰਾਖਵੇਂ) ਹਲਕਿਆਂ ਤੋਂ ਉਮੀਦਵਾਰ ਐਲਾਨਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਸੂਚੀ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਪਾਰਟੀ ਨੇ ਕਈ ਪੁਰਾਣੇ ਅਕਾਲੀ ਨੇਤਾਵਾਂ ਨੂੰ ਚੋਣ ਮੈਦਾਨ ਵਿਚੋਂ ਇੱਕ ਤਰ੍ਹਾਂ ਨਾਲ ਲਾਂਭੇ ਹੀ ਕਰ ਦਿੱਤਾ ਹੈ। ਸਾਬਕਾ ਮੰਤਰੀ ਗੋਬਿੰਦ ਸਿੰਘ ਕਾਂਝਲਾ, ਜਿਨ੍ਹਾਂ 2012 ਦੀ ਚੋਣ ਮਹਿਲਕਲਾਂ ਹਲਕੇ ਤੋਂ ਚੋਣ ਲੜੀ ਸੀ, ਦਾ ਨਾਮ ਹੁਣ ਤਕ ਕਿਸੇ ਵੀ ਵਿਧਾਨ ਸਭਾ ਹਲਕੇ ਤੋਂ ਐਲਾਨਿਆ ਨਹੀਂ ਗਿਆ ਤੇ ਸ੍ਰੀ ਕਾਂਝਲਾ ਦੀ ਛੁੱਟੀ ਹੋਣ ਦੇ ਆਸਾਰ ਬਣ ਗਏ ਹਨ। ਇਸੇ ਤਰ੍ਹਾਂ ਬੁਢਲਾਡਾ ਦੇ ਮੌਜੂਦਾ ਵਿਧਾਇਕ ਚਤਿੰਨ ਸਿੰਘ ਸਮਾਉਂ ਦੀ ਥਾਂ ਵੀ ਨਵਾਂ ਉਮੀਦਵਾਰ ਸਾਹਮਣੇ ਆ ਗਿਆ ਹੈ। ਪਾਰਟੀ ਹਲਕਿਆਂ ਦਾ ਇਹ ਵੀ ਕਹਿਣਾ ਹੈ ਕਿ ਤੀਜੀ ਸੂਚੀ ਵਿੱਚ ਕੁਝ ਹੋਰ ਨਵੇਂ ਚਿਹਰੇ ਆ ਸਕਦੇ ਹਨ ਅਤੇ ਪੁਰਾਣਿਆਂ ਦੇ ਨਾਮ ਕੱਟੇ ਜਾ ਸਕਦੇ ਹਨ।

## ਹੁਲੀਆ ਬਦਲ ਕੇ ਵਿਦੇਸ਼ ਭੱਜਣ ਦੀ ਫਿਰਾਕ 'ਚ ਸੀ ਮਿੰਟੂ

ਉਹ 1989 ਤੋਂ 2007 ਤਕ 18 ਸਾਲ ਇਥੇ ਰਿਹਾ ਸੀ। ਸੂਤਰਾਂ ਮੁਤਾਬਕ ਮਿੰਟੂ ਬਾਅਦ ਵਿਚ ਜਰਮਨੀ ਜਾਂ ਮਲੇਸ਼ੀਆ ਭੱਜਣ ਦੀ ਫਿਰਾਕ ਵਿਚ ਸੀ। ਪੁੱਛ-ਗਿੱਛ ਵਿਚ ਉਸ ਨੇ ਕਬੂਲਿਆ ਕਿ ਜੇਲ੍ਹ ਵਿਚੋਂ ਭੱਜਣ ਦੀ ਯੋਜਨਾ ਪਿਛਲੇ ਛੇ ਮਹੀਨਿਆਂ ਤੋਂ ਬਣਾਈ ਜਾ ਰਹੀ ਸੀ।

ਸ੍ਰੀ ਦੀਪ ਨੇ ਦੱਸਿਆ ਕਿ ਫ਼ਰਾਰ ਹੋਣ ਤੋਂ ਬਾਅਦ ਮਿੰਟੂ ਨੇ ਹਰਿਆਣਾ ਵਿਚ ਦਾਖ਼ਲ ਹੋਣ ਸਾਰ ਕੁਰੂਕਸ਼ੇਤਰ ਤੋਂ ਪਾਣੀਪਤ ਲਈ ਬੱਸ ਫੜੀ ਅਤੇ ਫਿਰ ਉਥੋਂ ਦਿੱਲੀ ਲਈ ਬੱਸ ਫੜੀ ਸੀ। ਡੀਸੀਪੀ (ਸਪੈਸ਼ਲ ਸੈੱਲ) ਪੀ ਐਸ ਕੁਸ਼ਵਾਹਾ ਨੇ ਦੱਸਿਆ ਕਿ ਸਟੇਸ਼ਨ 'ਤੇ ਚੌਕਸ ਪੁਲੀਸ ਮੁਲਾਜ਼ਮਾਂ ਨੇ ਸਿਰ 'ਤੇ ਪਟਕਾ ਬੰਨ੍ਹੀ ਸਿੱਖ ਵਿਅਕਤੀ ਨੂੰ ਦੇਖਿਆ ਜਿਸ ਦੀ ਦਾੜ੍ਹੀ ਬੇਤਰਤੀਬ ਨਾਲ ਕੱਟੀ ਹੋਈ ਸੀ ਅਤੇ ਦਿਖ ਤੋਂ ਉਹ ਸ਼ੱਕੀ ਜਾਪ ਰਿਹਾ ਸੀ। ਉਹ ਟਿਕਟ ਖ਼ਰੀਦਣ ਤੋਂ ਬਾਅਦ ਬਾਹਰ ਆਇਆ ਤਾਂ ਪੁਲੀਸ ਮੁਲਾਜ਼ਮਾਂ ਨੇ ਉਸ ਨੂੰ ਫੜ ਲਿਆ।

ਸੂਤਰਾਂ ਮੁਤਾਬਕ ਜੇਲ੍ਹ ਵਿਚੋਂ ਫ਼ਰਾਰ ਹੋਣ ਤੋਂ ਬਾਅਦ ਹਰਮਿੰਦਰ ਮਿੰਟੂ, ਕਸ਼ਮੀਰ ਸਿੰਘ, ਗੁਰਪ੍ਰੀਤ ਸਿੰਘ ਸੇਖੋਂ ਅਤੇ ਅਮਨਦੀਪ ਸਿੰਘ ਫਾਰਚੂਨਰ ਵਿਚ ਸਵਾਰ ਸਨ ਅਤੇ ਸੇਖੋਂ ਕਾਰ ਚਲਾ ਰਿਹਾ ਸੀ। ਕੁਰੂਕਸ਼ੇਤਰ ਤੋਂ 24 ਕਿਲੋਮੀਟਰ ਪਹਿਲਾਂ ਮਿੰਟੂ ਅਤੇ ਕਸ਼ਮੀਰ ਸਿੰਘ ਗੱਡੀ ਵਿਚੋਂ ਉਤਰ ਗਏ। ਉਨ੍ਹਾਂ ਨੂੰ ਸੇਖੋਂ ਦੇ ਭਰਾ ਮਨੀ ਨੇ 19 ਹਜ਼ਾਰ ਰੁਪਏ ਦਿੱਤੇ। ਇਸ ਤੋਂ ਬਾਅਦ ਦੋਵੇਂ ਜਣੇ ਕਮਾਦ ਦੇ ਖੇਤਾਂ ਵਿਚ ਛਿਪ ਗਏ। ਕਸ਼ਮੀਰ ਸਿੰਘ ਨੇੜਲੇ ਪਿੰਡ ਵਿਚ ਗਿਆ ਅਤੇ ਉਥੋਂ ਕੈਂਚੀਆਂ ਖ਼ਰੀਦ ਕੇ ਲਿਆਇਆ। ਦੋਹਾਂ ਨੇ ਆਪਣਾ ਹੁਲੀਆ ਬਦਲਣ ਲਈ ਦਾੜ੍ਹੀ ਕੱਟੀ ਅਤੇ ਕੁਰੂਕਸ਼ੇਤਰ ਜਾਣ ਲਈ ਜੀਪ ਵਿਚ ਬੈਠੇ। ਸੂਤਰਾਂ ਮੁਤਾਬਕ ਕਸ਼ਮੀਰ ਅਤੇ ਹਰਮਿੰਦਰ ਕਸ਼ਮੀਰੀ ਗੇਟ ਬੱਸ ਟਰਮੀਨਲ ਤੋਂ ਵੱਖ ਹੋਏ।

ਨਾਭਾ ਜੇਲ੍ਹ 'ਤੇ ਹਮਲਾ ਕਰਨ ਵਾਲੇ ਬੰਦੂਕਧਾਰੀਆਂ ਵਿਚੋਂ ਇਕ ਪਲਵਿੰਦਰ ਪਿੰਦਾ ਨੂੰ ਉਤਰ ਪ੍ਰਦੇਸ਼ ਦੇ ਸ਼ਾਮਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪਲਵਿੰਦਰ ਨਾਂ ਦੇ ਇਸ ਅਪਰਾਧੀ ਕੋਲੋਂ ਕਾਫ਼ੀ ਮਾਤਰਾ ਵਿਚ ਹਥਿਆਰ ਵੀ ਬਰਾਮਦ ਹੋਏ ਹਨ। ਪੁਲੀਸ ਮੁਤਾਬਕ ਪਲਵਿੰਦਰ ਖ਼ਿਲਾਫ਼ ਪਹਿਲਾਂ ਤੋਂ ਕਈ ਕੇਸ ਦਰਜ ਹਨ। ਪੁਲੀਸ ਹੁਣ ਉਸ ਤੋਂ ਪੁਛਗਿਛ ਕਰਕੇ ਉਸ ਦੇ ਬਾਕੀ ਸਾਥੀਆਂ ਤੇ ਉਨ੍ਹਾਂ ਦੇ ਟਿਕਾਣਿਆਂ ਦਾ ਪਤਾ ਕਰਨ ਵਿਚ ਲੱਗੀ ਹੈ। ਉਤਰ ਪ੍ਰਦੇਸ਼ ਦੇ ਵਧੀਕ ਪੁਲੀਸ ਕਮਿਸ਼ਨਰ ਦਲਜੀਤ ਸਿੰਘ ਚੌਧਰੀ ਨੇ ਦੱਸਿਆ ਕਿ ਸ਼ਾਮਲੀ ਵਿਚ ਤਲਾਸ਼ੀ ਦੌਰਾਨ ਪਲਵਿੰਦਰ ਦੀ ਟਿਓਟਾ ਫਾਰਚੂਨਰ ਗੱਡੀ ਤੋਂ ਇਕ ਸੈਲਫ਼ ਲੋਡਿੰਗ ਰਾਈਫ਼ਲ, ਤਿੰਨ ਰਫ਼ਲਾਂ ਤੇ ਕਈ ਹੋਰ ਹਥਿਆਰ ਬਰਾਮਦ ਕੀਤੇ ਗਏ ਹਨ। ਉਸ ਨੇ ਸ਼ਾਮਲੀ ਦੇ ਐਸ.ਪੀ. ਡਾ. ਅਜੈ ਸ਼ਰਮਾ ਅੱਗੇ ਕਬੂਲ ਕੀਤਾ ਕਿ ਜੇਲ੍ਹ ਬਰੇਕ ਦੀ ਯੋਜਨਾ ਉਸ ਨੇ ਪ੍ਰੇਮਾ ਲਾਹੌਰੀਆ ਨਾਲ ਮਿਲ ਕੇ ਰਚੀ ਸੀ। ਪ੍ਰੇਮਾ ਗੌਂਡਰ ਗਰੁੱਪ ਦਾ ਮੈਂਬਰ ਹੈ। ਪਿੰਦਾ ਫਗਵਾੜਾ ਵਿਚ ਏ.ਐਸ.ਆਈ. ਗੁਰਦੇਵ ਸਿੰਘ ਦਾ ਕਤਲ ਕਰਨ ਮਗਰੋਂ ਹਿਰਾਸਤ ਵਿਚ ਸੀ ਤਾਂ ਗੌਂਡਰ ਗਰੁੱਪ ਨੇ ਉਸ ਨੂੰ ਛੁਡਾਇਆ ਸੀ। ਇਸ ਦੇ ਬਦਲੇ ਉਸ ਨੇ ਵਿੱਕੀ ਗੌਂਡਰ, ਕੁਲਪ੍ਰੀਤ ਨੀਟਾ ਦਿਓਲ, ਗੁਰਪ੍ਰੀਤ ਸੇਖੋਂ ਤੇ ਅਮਨਦੀਪ ਨੂੰ ਛੁਡਾਉਣ ਦੀ ਯੋਜਨਾ ਬਣਾਈ ਸੀ। ਪਿੰਦਾ ਨਾਭਾ ਜੇਲ੍ਹ ਵਿਚ ਬੰਦ ਰਹਿ ਚੁੱਕਾ ਹੈ, ਇਸ ਲਈ ਉਥੋਂ ਦੇ ਚੱਪੇ-ਚੱਪੇ ਤੋਂ ਵਾਕਿਫ਼ ਹੈ। ਰੇਂਜ ਦੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਗੈਂਗਸਟਰ ਗੁਰਪ੍ਰੀਤ ਸਿੰਘ ਸੇਖੋਂ ਨੂੰ ਜਲੰਧਰ ਤੋਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੰਜਾਬ ਪੁਲੀਸ ਨੇ ਕਿਹਾ ਹੈ ਕਿ ਹੁਣ ਤਕ ਦੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਫ਼ਰਾਰ ਹੋਏ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸੇਖੋਂ ਜੇਲ੍ਹ ਬਰੇਕ ਕਾਂਡ ਦਾ ਮੁੱਖ ਸਰਗਨਾ ਹੈ। ਪਟਿਆਲਾ ਦੇ ਐਸਐਸਪੀ ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਸੇਖੋਂ ਨੇ ਇਕ ਹੋਰ ਗੈਂਗਸਟਰ ਪ੍ਰੇਮ ਲਾਹੌਰੀਆ ਨਾਲ ਮਿਲ ਕੇ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਸਾਜ਼ਿਸ਼ ਘੜੀ ਸੀ ਅਤੇ ਪਲਵਿੰਦਰ ਸਿੰਘ ਪਿੰਦਾ ਨੇ ਯੋਜਨਾ ਨੂੰ ਅੰਜਾਮ ਦਿੱਤਾ। ਸੇਖੋਂ ਕਤਲ, ਅਗ਼ਵਾ, ਫਿਰੌਤੀ ਵਸੂਲਣ ਕੇਸਾਂ ਵਿਚ ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਐਤਵਾਰ ਸਵੇਰੇ 8: 30 ਵਜੇ 10 ਬਦਮਾਸ਼ਾਂ ਨੇ ਨਾਭਾ ਦੀ ਉਚ ਸੁਰੱਖਿਆ ਵਾਲੀ ਜੇਲ੍ਹ 'ਤੇ ਹਮਲਾ ਕੀਤਾ ਸੀ। ਬਦਮਾਸ਼ਾਂ ਨੇ ਦੋ ਖਾਲਿਸਤਾਨੀ ਖਾੜਕੂਆਂ ਸਮੇਤ 4 ਗੈਂਗਸਟਰਾਂ ਨੂੰ ਸਿਰਫ਼ 13 ਮਿੰਟਾਂ ਵਿਚ ਹੀ ਛੁਡਾ ਲਿਆ। ਸੂਤਰਾਂ ਅਨੁਸਾਰ 6 ਹਮਲਾਵਰ ਪੁਲੀਸ ਦੀ ਵਰਦੀ ਵਿਚ ਸਨ। ਇਨ੍ਹਾਂ ਨੇ 100 ਰਾਉਂਡ ਚਲਾਏ ਤੇ ਜੇਲ੍ਹ ਗਾਰਡ ਵਲੋਂ ਸਿਰਫ਼ ਇਕ ਗੋਲੀ ਚਲਾਈ ਗਈ। ਪੁਲੀਸ ਵਾਲਿਆਂ ਤੋਂ ਐਸ.ਐਲ.ਆਰ ਖੋਹ ਲਈ ਗਈ। ਬਦਮਾਸ਼ਾਂ ਨੇ ਗੇਟ 'ਤੇ ਖੜ੍ਹੇ ਗਾਰਡ ਦੇ ਮੂੰਹ 'ਤੇ ਚਾਕੂ ਨਾਲ ਵਾਰ ਕੀਤਾ। ਇਕ ਦੂਸਰਾ ਪੁਲੀਸ ਵਾਲਾ ਧੱਕਾਮੁੱਕੀ ਦੌਰਾਨ ਬੇਹੋਸ਼ ਹੋ ਗਿਆ।

ਹਰਮਿੰਦਰ ਸਿੰਘ ਤੋਂ ਇਲਾਵਾ ਇਨ੍ਹਾਂ ਵਿਚ ਕਸ਼ਮੀਰ ਸਿੰਘ ਜੋ ਦਹਿਸ਼ਤੀ ਗਤੀਵਿਧੀਆਂ ਵਿਚ ਸ਼ਾਮਲ ਰਿਹਾ ਹੈ, ਤੇ ਇਸ ਦੀ ਜੇਲ੍ਹ ਵਿਚ ਹੀ ਹਰਮਿੰਦਰ ਮਿੰਟੂ ਨਾਲ ਦੋਸਤੀ ਹੋਈ। ਹਰਜਿੰਦਰ ਸਿੰਘ ਉਰਫ਼ ਵਿੱਕੀ ਗੌਂਡਰ ਜਲੰਧਰ ਵਿਚ ਇਕ ਕਤਲ ਤੋਂ ਬਾਅਦ ਗੈਂਗਸਟਰ ਬਣਿਆ। 2015 ਵਿਚ ਸੁੱਖਾ ਕਾਲਵਾਂ ਨੂੰ ਹਿਰਾਸਤ ਦੌਰਾਨ ਕਤਲ ਕੀਤਾ। ਕੁਲਪ੍ਰੀਤ ਸਿੰਘ ਦਿਓਲ ਨੀਟਾ ( ਜ਼ਿਆਦਾਤਰ ਦੁਬਈ ਵਿਚ ਰਿਹਾ) ਸੁੱਖੇ ਨੂੰ ਮਾਰਨ ਲਈ ਦੁਬਈ ਤੋਂ ਆਇਆ। ਫਿਰ ਚਲਾ ਗਿਆ। ਕੁਝ ਮਹੀਨੇ ਪਹਿਲਾਂ ਆਤਮ ਸਮਰਪਣ ਕੀਤਾ। ਗੁਰਪ੍ਰੀਤ ਸਿੰਘ ਸੇਖੋਂ, ਚੰਡੀਗੜ੍ਹ ਪੜ੍ਹਨ ਗਿਆ, ਸ਼ੇਰਾ ਖੁੱਬਨ ਨਾਲ ਦੋਸਤੀ ਕੀਤੀ। ਸ਼ੇਰਾ ਦੇ ਐਨਕਾਉਂਟਰ ਤੋਂ ਬਾਅਦ ਗਿਰੋਹ ਸੰਭਾਲ ਲਿਆ। ਅਮਨਦੀਪ ਸਿੰਘ ਦੀ ਨੀਟਾ ਦਿਓਲ ਤੇ ਗੁਰਪ੍ਰੀਤ ਸੇਖੋਂ ਨਾਲ ਜੇਲ੍ਹ ਵਿਚ ਦੋਸਤੀ ਹੋਈ। ਕਈ ਅਪਰਾਧਕ ਮਾਮਲਿਆਂ ਵਿਚ ਸ਼ਾਮਲ ਹੈ।

ਬਦਮਾਸ਼ਾਂ ਨੇ ਹਰਮਿੰਦਰ ਸਿੰਘ ਮਿੰਟੂ, ਕਸ਼ਮੀਰ ਗਲਵੱਟੀ, ਗੈਂਗਸਟਰ ਹਰਜਿੰਦਰ ਸਿੰਘ ਉਰਫ਼ ਵਿੱਕੀ ਗੌਂਡਰ, ਗੁਰਪ੍ਰੀਤ ਸੇਖੋਂ, ਕੁਲਪ੍ਰੀਤ ਨੀਟਾ ਦਿਓਲ ਤੇ ਅਮਨਦੀਪ ਹੁੱਡਾ ਨੂੰ ਛੁਡਾ ਲਿਆ। ਘਟਨਾ ਮਗਰੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਡੀ.ਜੀ.ਪੀ. ਸੁਰੇਸ਼ ਅਰੋੜ ਸਮੇਤ ਕਈ ਅਫ਼ਸਰ ਪਹੁੰਚੇ। ਰੈਪਿਡ ਐਕਸ਼ਨ ਫੋਰਸ ਬੁਲ ਕੇ ਜੇਲ੍ਹ ਦੇ ਬਾਹਰ ਤੈਨਾਤ ਕੀਤਾ। ਸਰਕਾਰ ਨੇ ਇਸ ਘਟਨਾ ਲਈ ਜ਼ਿੰਮੇਵਾਰ ਬਣਦੇ ਹੋਏ ਡੀ.ਜੀ.ਪੀ. ਜੇਲ੍ਹ ਸੰਜੀਵ ਗੁਪਤਾ ਨੂੰ ਸਸਪੈਂਡ ਕਰ ਦਿੱਤਾ ਜਦਕਿ ਜੇਲ੍ਹ ਸੁਪਰਡੈਂਟ ਪਰਮਜੀਤ ਸਿੰਘ ਤੇ ਡਿਪਟੀ ਸੁਪਰਡੈਂਟ ਨੂੰ ਡਿਸਮਿਸ ਕਰ ਦਿੱਤਾ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


jus 24x7 KEEPING UP WITH PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- jus 24x7
ਪਲ ਪਲ ਦੀ ਖਬਰ ਦਵੇ
WATCH jus 24x7 ON CHANNEL 743 ON dish & sling
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
DESI STYLE
Healthy Living
SHER
DURUM ATTA
DESI STYLE
20 lb
9.07 kg